UGC Approved

238

# ਸ਼ੀਰਾਜ਼ਾ

238

ਸ਼ੀਰਾਜ਼ਾ

ਸੰਪਾਦਕ : ਪੋਮਿੰਦਰ ਸਿੰਘ ਪਾਰਸ

ਜੇ. ਐਂਡ ਕੇ. ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ

ਦੋ-ਮਾਸਿਕ

# ਸ਼ੀਰਾਜ਼ਾ

ਮਈ-ਜੂਨ, 2023

*ਮੁੱਖ ਸੰਪਾਦਕ*

**ਭਰਤ ਸਿੰਘ ਮਨਹਾਸ**

*ਸੰਪਾਦਕ*

**ਪੋਪਿੰਦਰ ਸਿੰਘ ਪਾਰਸ**

J&K ACADEMY OF ART, CULTURE & LANGUAGES

**ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ**

**Sheeraza** **R.N. No. 28873/76** **May-June, 2023**

**(Punjabi)**

| ਸਾਲ : 54 | ਅੰਕ : 4 | ਕੁਲ ਅੰਕ : 238 |
|---|---|---|

*Editor-in-Chief*

**Bharat Singh Manhas, JKAS**

*Editor*

**Popinder Singh Paras**

**ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੋਬਾਇਲ : 9906977731**

| | | |
|---|---|---|
| **ਪ੍ਰਕਾਸ਼ਕ** | : | ਸੈਕਰੇਟਰੀ, ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ-180 001 |
| ***Publisher*** | : | **Secretary, J&K Academy of Art, Culture and Languages JAMMU-180 001** |
| **ਛਾਪਕ** | : | ਰਨਬੀਰ ਗੌਰਮਿੰਟ ਪ੍ਰੈਸੱ, ਜੰਮੂ |
| **ਮੁੱਲ** | : | ਦਸ ਰੁਪਏ |
| **ਵਾਰਸ਼ਕ** | : | 50 ਰੁਪਏ |

# ਆਪਣੀ ਗੱਲ

ਭਾਰਤ ਏਸ਼ੀਆ ਮਹਾਂਦੀਪ ਦਾ ਇੱਕ ਅਜਿਹਾ ਦੇਸ਼ ਹੈ ਜੋ ਆਪਣੇ ਭੂਗੋਲਿਕ ਅਤੇ ਸੱਭਿਆਚਾਰਕ ਪੱਖ ਤੋਂ ਉਪ ਮਹਾਂਦੀਪ ਦਾ ਦਰਜਾ ਰੱਖਦਾ ਹੈ। ਭਾਰਤ ਵਿੱਚ ਜਨਸੰਖਿਆ ਬੜੀ ਤੇਜ਼ੀ ਨਾਲ ਵਧ ਰਹੀ ਹੈ। ਜਨਸੰਖਿਆ ਪੱਖੋਂ ਭਾਰਤ, ਚੀਨ ਨੂੰ ਪਛਾੜ ਕੇ ਦੁਨੀਆਂ ਦਾ ਪਹਿਲਾ ਸਭ ਤੋਂ ਵੱਧ ਜਨਸੰਖਿਆ ਵਾਲਾ ਦੇਸ਼ ਬਣ ਗਿਆ ਹੈ। ਭਾਰਤ ਦੀ ਆਬਾਦੀ ਦਾ ਕਈ ਦਹਾਕਿਆਂ ਤੱਕ ਵਧਣਾ ਨਿਸਚਿਤ ਹੈ। ਸੰਯੁਕਤ ਰਾਸ਼ਟਰ ਦਾ ਅਨੁਮਾਨ ਹੈ ਕਿ 2064 ਦੇ ਆਸਪਾਸ ਭਾਰਤ ਦੀ ਆਬਾਦੀ ਸਿਖ਼ਰ ’ਤੇ ਹੋਵੇਗੀ ਅਤੇ ਫਿਰ ਹੌਲੀ-ਹੌਲੀ ਘਟੇਗੀ।

ਭਾਰਤ ਇੱਕ ਬਹੁ-ਭਾਸ਼ਾਈ, ਬਹੁ-ਧਰਮੀ ਅਤੇ ਬਹੁ-ਸੱਭਿਆਚਾਰੀ ਦੇਸ਼ ਹੈ। ਇਹ ਵਿਭਿੰਨਤਾ ਹੀ ਭਾਰਤ ਨੂੰ ਉਪ-ਮਹਾਂਦੀਪ ਦਾ ਦਰਜਾ ਦਿਵਾਉਂਦੀ ਹੈ। ਭਾਰਤ ਦੀ ਇਸ ਅਨੇਕਤਾ ਵਿੱਚ ਵੀ ਏਕਤਾ ਬਰਕਰਾਰ ਹੈ। ਇੱਥੇ ਵੱਖ-ਵੱਖ ਧਰਮਾਂ, ਜਾਤਾਂ ਅਤੇ ਨਸਲਾਂ ਦੇ ਲੋਕ ਆਪਸ ਵਿੱਚ ਮਿਲਜੁਲ ਕੇ ਰਹਿੰਦੇ ਹਨ ਅਤੇ ਇੱਕ-ਦੂਸਰੇ ਦੀਆਂ ਧਾਰਮਿਕ ਅਤੇ ਸੱਭਿਆਚਾਰਕ ਰਸਮਾਂ ਦਾ ਸਤਿਕਾਰ ਵੀ ਕਰਦੇ ਹਨ।

ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਦੇਸ਼ ਭਾਰਤ ਵਿਸ਼ਵ ਵਿੱਚ ਭਾਈਚਾਰਕ ਸਾਂਝ ਦੀ ਮਿਸਾਲ ਬਣ ਕੇ ਇੱਕ ਰਾਹ ਦਸੇਰੇ ਵਜੋਂ ਕਾਰਜ ਕਰ ਰਿਹਾ ਹੈ। ਇਸ ਦੇਸ਼ ਅੰਦਰ ਵੱਡੇ-ਵੱਡੇ ਅਵਲੀਨ ਪੈਦਾ ਹੋਏ ਜਿਨ੍ਹਾਂ ਨੇ ਲੋਕਾਈ ਦੇ ਸਾਂਝੇ ਹੱਕ ਲਈ ਆਵਾਜ਼ ਬੁਲੰਦ ਕੀਤੀ। ਅਜਿਹੇ ਬਹੁ-ਗਿਣਤੀ ਵਾਲੇ ਦੇਸ਼ ਅੰਦਰ ਸਾਂਝੀਵਾਲਤਾ ਦਾ ਪੈਗ਼ਾਮ ਆਪਣੀ ਮਿਸਾਲ ਆਪ ਬਿਆਨ ਕਰਦਾ ਹੈ। ਹੱਥਲੇ ਅੰਕ ਵਿਚ ਕਈ ਖੋਜ ਭਰਪੂਰ ਲੇਖਾਂ ਤੋਂ ਇਲਾਵਾ ਕਹਾਣੀਆਂ, ਕਵਿਤਾਵਾਂ ਆਦਿ ਰਚਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਕਈ ਨਵੇਂ ਲੇਖਕਾਂ ਦੀਆਂ ਰਚਨਾਵਾਂ ਨੂੰ ਹੱਥਲੇ ਸ਼ੀਰਾਜ਼ਾ ਵਿਚ ਸ਼ਾਮਿਲ ਕੀਤਾ ਗਿਆ ਹੈ। ਨਵੇਂ ਲੇਖਕਾਂ ਨੂੰ ਛਾਪਣਾ ਸਮੇਂ ਦੀ ਮੰਗ ਹੈ।

**ਪੋਪਿੰਦਰ ਸਿੰਘ ਪਾਰਸ**
**ਸੰਪਾਦਕ**

# ਤਤਕਰਾ


| ਆਲੇਖ | ਪੰਨਾ |
|---|---|
| • ਪੰਜਾਬੀ ਬੁਝਾਰਤਾਂ (ਇੱਕ ਅਧਿਐਨ) / ਦੀਦਾਰ ਸਿੰਘ | 1–4 |
| • ਵਣਜਾਰਾ ਬੇਦੀ ਦੀਆਂ ਸਵੈ–ਜੀਵਨੀਆਂ : ਲੋਕਧਾਰਾਈ ਪਰਿਪੇਖ / ਡਾ. ਸਾਹਿਬ ਸਿੰਘ | 5–12 |
| • ਸੁਰਿੰਦਰ ਨੀਰ ਦੁਆਰਾ ਰਚਿਤ ਕਹਾਣੀ 'ਨਦੀ ਜੋ ਨੀਰ ਹੋ ਗਈ' ਵਿਚ ਭਾਰਤੀ ਨਾਰੀ ਦਾ ਬਿੰਬ / ਅਮਾਨਤ ਮਸੀਹ | 13–19 |
| • 'ਰਿਆਸਤੀ ਆਧੁਨਿਕ ਪੰਜਾਬੀ ਸਾਹਿਤ ਦੇ ਮੀਲ ਪੱਥਰ' : ਇੱਕ ਜਾਇਜ਼ਾ / ਜੰਗ. ਐਸ. ਵਰਮਨ | 20–30 |
| • ਪਰਵਾਸ : ਪ੍ਰਵਚਨ ਵਿਸ਼ਲੇਸ਼ਣ / ਰਜਿੰਦਰ ਕੌਰ | 31–35 |
| • 'ਅੱਜ ਦੀ ਸਾਹਿਬਾਂ' ਨਾਟਕ ਦਾ ਲਿੰਗਕ–ਸਮਾਨਤਾ ਦੀ ਦ੍ਰਿਸ਼ਟੀ ਤੋਂ ਅਧਿਐਨ ਅਤੇ ਵਿਸ਼ਲੇਸ਼ਣ / ਡਾ. ਗੁਰਜੀਤ ਕੌਰ | 36–41 |
| • ਔਰਤ ਤੇ ਮਨੋਸੰਤਾਪ : 'ਨਿਉਂ ਜੜ੍ਹ' ਦੇ ਸੰਦਰਭ ਵਿਚ / ਨਵਰੂਪ ਕੌਰ | 42–49 |
| • ਲੋਕ ਧਰਮ ਅਤੇ ਲੋਕ ਸ਼ਸਤਰ: ਵਿਭਿੰਨ ਪਰਿਪੇਖ / ਡਾ. ਮਨਦੀਪ ਕੌਰ | 50–56 |
| • ਰਾਜਾ ਲਖਦਾਤਾ ਸਿੰਘ : ਵਿਸ਼ੇਗਤ ਅਧਿਐਨ / ਡਾ. ਇਕਬਾਲ ਕੌਰ | 57–62 |

| ਕਹਾਣੀ ਸੰਸਾਰ | |
|---|---|
| • ਲੁੰਜੀ ਬਾਂਹ / ਰਤਨ ਸਿੰਘ ਕੰਵਲ ਪਹਿਲਗਾਮੀ | 63–69 |
| • ਡਾਕਟਰ ਮਿਹਰਬਾਨ / ਮੂਲ ਡੋਰਗੀ : ਛੱਤਰਪਾਲ / ਪੰਜਾਬੀ ਰੂਪ: ਮਨਜੀਤ ਸਿੰਘ ਕਾਮਰਾ | 70-74 |

| ਕਾਵਿ ਰੂਪ | |
|---|---|
| • ਫੱਟ ਬਿਰਹਾ ਦੇ , ਗੱਲਾਂ / ਬਚਨ ਭਾਰਤੀ | 75–76 |
| • "ਮੈਂ ਕਿੰਨਰ ਹਾਂ" / ਡਾ. ਮਹਿੰਦਰਪਾਲ ਸਿੰਘ | 77-78 |
| • ਬਾਪੂ ਨਾ ਮੰਗੀ ਮੇਰੇ ਵਿਆਹ 'ਚ ਦਾਜ / ਬਲਵਿੰਦਰ ਸਿੰਘ ਜੰਮੂ | 79–80 |
| • ਔਰਤ... / ਵੀਰ ਕੌਰ | 81 |

## ਨਵੀਂ ਕਲਮ


- ਇੱਕੀਵੀਂ ਸਦੀ ਦੇ ਚੌਣਵੇਂ ਪੰਜਾਬੀ ਨਾਵਲਾਂ ਵਿੱਚ ਜਲ ਸੰਕਟ ਦੇ ਵਿਭਿੰਨ ਪਸਾਰ / ਸੋਮਾ ਸਿੰਘ, ਡਾ. ਅਮਨਦੀਪ ਸਿੰਘ 82-93
- ਪੰਜਾਬੀ ਲੋਕ ਗੀਤ : ਸਭਿਆਚਾਰਕ ਸੰਦਰਭ / ਡਾ. ਜਸਪਾਲ ਸਿੰਘ 94-102
  (‘ਮਾਝੇ ਦੇ ਲੋਕ ਗੀਤ’ ਪੁਸਤਕ ਦੇ ਆਧਾਰ ’ਤੇ)

# ਪੰਜਾਬੀ ਬੁਝਾਰਤਾਂ

## (ਇੱਕ ਅਧਿਐਨ)

❑ ਦੀਦਾਰ ਸਿੰਘ

ਉਝ ਤਾਂ ਜ਼ਿੰਦਗੀ ਖ਼ੁਦ ਇਕ ਬੁਝਾਰਤ ਹੈ। ਕਿਸੇ ਰੱਬ ਨੂੰ ਵੀ ਗੁੰਝਲਦਾਰ ਬੁਝਾਰਤ ਕਿਹਾ ਹੈ। ਰੱਬ ਦੀ ਸਾਰੀ ਕੁਦਰਤ ਜਾਂ ਕਾਇਨਾਤ ਨੂੰ ਹੀ ਲੋਕ ਬੁਝਾਰਤ ਮੰਨਦੇ ਹਨ। ਅਸਲ ਵਿਚ ਇਹ ਸਾਰੀ ਸ੍ਰਿਸ਼ਟੀ ਬੰਦੇ ਵਾਸਤੇ ਹਾਲਾਂ ਤੀਕ ਬੁਝਾਰਤ ਬਣੀ ਹੈ ਜਿਹਨੂੰ ਬੁੱਝਣ ਦੇ ਉਹ ਦਿਨ-ਰਾਤ ਯਤਨ ਕਰਦਾ ਹੈ। ਵਿਵਹਾਰਕ ਜੀਵਨ ਵਿਚ ਸਾਨੂੰ ਕਈ ਬੁਝਾਰਤਾਂ ਨਾਲ ਵਾਹ ਪੈਂਦਾ ਹੈ ਤੇ ਉਨ੍ਹਾਂ ਨੂੰ ਬੁੱਝਣਾ ਪੈਂਦਾ ਹੈ। ਕੋਈ ਵੀ ਰਾਜ਼, ਕੋਈ ਵੀ ਗੁੰਝਲ ਤੇ ਕੋਈ ਵੀ ਕੰਮ ਉਦੋਂ ਤੱਕ ਸਾਡੇ ਵਾਸਤੇ ਬੁਝਾਰਤ ਹੀ ਰਹਿੰਦਾ ਹੈ ਜਦ ਤੱਕ ਉਸਨੂੰ ਅਸੀਂ ਜਾਣਦੇ ਨਹੀਂ।

ਜਿੱਥੋਂ ਤੀਕ ਸਾਡੇ ਬੋਲ-ਚਾਲ ਵਿਚ ਬੁਝਾਰਤਾਂ ਦਾ ਸੰਬੰਧ ਹੈ- ਜਿਨ੍ਹਾਂ ਨੂੰ ਕੋਈ ਪਹੇਲੀ ਕਹਿੰਦਾ ਹੈ ਤੇ ਕੋਈ 'ਬਾਤ' ਤੇ ਕੋਈ ਬੁਝਾਰਤ- ਇਹ ਸਾਡੇ ਲੋਕ ਸਾਹਿਤ ਦਾ ਵਿਰਸਾ ਹਨ, ਲੋਕ ਸਾਹਿਤ ਦੀ ਇਕ ਵੰਨਗੀ ਹਨ। ਭਾਵੇਂ ਅਮੀਰ ਖ਼ੁਸਰੋ ਨੂੰ ਬੁਝਾਰਤਾਂ-ਮੁਰਕੀਆਂ ਰਚਣ ਦਾ ਜਨਮਦਾਤਾ ਮੰਨਿਆ ਜਾਂਦਾ ਹੈ ਪਰ ਬੁਝਾਰਤਾਂ ਹਰ ਜਿਉਂਦੀ ਜਾਗਦੀ ਸਭਿਅਤਾ ਦੀ ਉਂਗਲੀ ਫੜਕੇ ਅੱਗੇ ਤੁਰਦੀਆਂ ਹਨ।

ਜਿੱਥੇ ਬੁਝਾਰਤਾਂ ਸਾਡੇ ਲੋਕ ਸਾਹਿਤ ਦਾ ਅੰਗ ਹਨ ਉੱਥੇ ਇਹ ਇਕ ਤਰ੍ਹਾਂ ਦੀ ਖੇਡ ਵੀ ਹਨ ਜਿਹਦੇ 'ਚ ਇਨਸਾਨ ਦੀ ਸਿਆਣਪ ਤੇ ਹਾਜ਼ਰ ਜਵਾਬੀ ਦੀ ਪਰਖ ਹੁੰਦੀ ਹੈ। ਪਿੰਡਾਂ ਤੇ ਸ਼ਹਿਰਾਂ ਵਿਚ ਛੋਟਿਆਂ-ਵੱਡਿਆਂ ਦੀਆਂ ਟੋਲੀਆਂ ਵਿਚਕਾਰ ਅਕਸਰ ਬੁਝਾਰਤਾਂ ਦਾ ਮੈਚ ਹੁੰਦਾ ਹੈ ਜਿਹਦੇ 'ਚ ਹਾਰ ਜਿੱਤ ਦਾ ਫੈਸਲਾ ਇਸ ਗੱਲ ਤੋਂ ਹੁੰਦਾ ਹੈ ਕਿ ਕੌਣ ਕਿੰਨੀਆਂ ਬੁਝਾਰਤਾਂ ਨਹੀਂ ਬੁੱਝ ਸਕਿਆ ਤੇ ਕੌਣ ਜ਼ਿਆਦਾ ਬੁੱਝ ਸਕਿਆ। ਬੁਝਾਰਤ ਬੁੱਝਣ ਵਾਲੇ ਨੂੰ ਚੰਗੀ ਦਿਮਾਗ਼ੀ ਕਸਰਤ ਕਰਨੀ ਪੈਂਦੀ ਹੈ ਤੇ ਕਈ ਅਟਕਲ-ਪੱਚੂ ਲਾਉਣੇ ਪੈਂਦੇ ਹਨ।

ਕਿਸੇ ਤਬਕੇ ਦੀਆਂ ਬੁਝਾਰਤਾਂ ਤੋਂ ਉਸ ਤਬਕੇ ਦੀ ਵਿਉਂਤ ਦਾ ਪਤਾ ਲਗਦਾ ਹੈ ਜਿਸ ਤੋਂ ਉਹ ਤਬਕਾ ਬਾਕੀ ਤਬਕਿਆਂ ਤੋਂ ਵੱਖਰਾ ਲਗਦਾ ਹੈ।

ਹਰਬਰਟ ਰੀਡ ਨੇ ਬੁਝਾਰਤਾਂ ਨੂੰ ਕਿਸੇ ਵਸਤ ਦਾ ਚਾਨਚਕ ਤੇ ਸ਼ੋਖ ਉਘਾੜਾ ਮੰਨਿਆ ਹੈ। ਬੁਝਾਰਤ ਦਾ ਜਵਾਬ ਸੁਣਦਿਆਂ ਹੀ ਨਾ ਬੁੱਝਣ ਵਾਲਾ ਸੋਚਦਾ ਹੈ- ਲੈ ਇਹ ਤਾਂ ਸੌਖਾ ਹੀ ਉੱਤਰ ਸੀ, ਇਹ ਗੱਲ ਮੇਰੇ ਦਿਮਾਗ਼ 'ਚ ਕਿਉਂ ਨਹੀਂ ਆਈ।

ਆਪਣੀ ਸੱਚਾਈ ਜਾਂ ਅਲੌਕਾਰਤਾ ਕਰਕੇ ਹੀ ਮੂਰਤੀਮਾਨ ਚਿੱਤਰ ਸੰਸਾਰ ਦੀ ਖੋਜ ਪੜਤਾਲ ਲਈ ਵਰਤੇ ਜਾਂਦੇ ਹਨ। ਬੁਝਾਰਤ ਦੀ ਰਚਨਾ ਸੰਸਾਰ ਵਿਚ ਆਨੰਦ ਦੇਂਦੀ ਹੈ। ਬੁਝਾਰਤਾਂ ਵਿਚ ਰਸ ਲੈਣ ਦਾ ਅਰਥ ਹੈ ਕਿ ਜੀਵਨ ਸ਼ਕਤੀ ਦੇ ਨਵੇਂ ਰੂਪ ਤੀਕ ਸਾਡੀ ਪਹੁੰਚ ਹੋਵੇ।

ਕਾਵਿ-ਪੱਖ ਤੋਂ ਵੀ ਬੁਝਾਰਤਾਂ ਦਾ ਮੁੱਲ ਘੱਟ ਨਹੀਂ। ਕਵਿਤਾ ਦੇ ਉੱਤਮ ਗੁਣ ਬੁਝਾਰਤ ਵਿਚ ਹੁੰਦੇ ਹਨ। ਗਾਗਰ ਵਿਚ ਸਾਗਰ ਤਾਂ ਹੁੰਦਾ ਹੀ ਹੈ ਪਰ ਨਾਲ ਹੀ ਪ੍ਰਤੀਕਾਂ ਦੀ ਵਰਤੋਂ ਬੜੇ ਸੁਚੱਜੇ ਢੰਗ

ਨਾਲ ਕੀਤੀ ਜਾਂਦੀ ਹੈ। ਕਵਿਤਾ ਵਾਸਤੇ ਲੋੜੀਂਦੇ ਮੂਰਤੀਮਾਨ ਚਿੱਤਰਾਂ ਦੀ ਦ੍ਰਿਸ਼ਟੀ ਤੋਂ ਬੁਝਾਰਤਾਂ ਕਿਸੇ ਭੇਦ ਭਰੀ ਭੁੱਲ-ਭੁਲੱਈਆ ਵਿਚੋਂ ਦੀ ਹੁੰਦੀਆਂ ਹੋਈਆਂ ਮੁੜ-ਮੁੜ ਸਾਡੀ ਕਲਪਨਾ ਨੂੰ ਟੁੰਬਦੀਆਂ ਹਨ।

ਲੋਕ ਸਾਹਿਤ ਦਾ ਅੰਗ ਹੋਣ ਕਰਕੇ ਬੁਝਾਰਤਾਂ ਵਿਚੋਂ ਸਾਡੀ ਸੱਭਿਅਤਾ, ਸੰਸਕ੍ਰਿਤੀ ਤੇ ਇਤਿਹਾਸ ਦੀ ਝਲਕ ਵੀ ਸਪੱਸ਼ਟ ਮਿਲਦੀ ਹੈ। ਇਹ ਸਾਡੇ ਸਿੱਧੇ ਸਾਦੇ ਜੀਵਨ ਦੇ ਆਲੇ-ਦੁਆਲੇ ਹੀ ਘੁੰਮਦੀਆਂ ਹਨ।

ਆਜ਼ਾਦੀ ਤੋਂ ਬਾਅਦ ਸਾਡੇ ਦੇਸ਼ ਨੇ ਉਦਯੋਗ, ਵਿਗਿਆਨ ਤੇ ਤਕਨੀਕ ਦੇ ਮੈਦਾਨ ਵਿਚ ਬੇਹਿਸਾਬ ਤਰੱਕੀ ਕੀਤੀ ਹੈ ਤੇ ਅੱਜ ਸਾਡੇ ਜੀਵਨ ਦਾ ਨਜ਼ਰੀਆ ਬਹੁਤ ਹੱਦ ਤੱਕ ਵਿਗਿਆਨਕ ਹੋ ਗਿਆ ਹੈ। ਨਵੀਂ ਵਿਗਿਆਨਕ ਤੇ ਤਕਨੀਕੀ ਸਹਾਇਤਾ ਤੋਂ ਬਿਨਾਂ ਇਕ ਕਦਮ ਸਾਡੇ ਵਾਸਤੇ ਤੁਰਨਾ ਮੁਸ਼ਕਲ ਹੈ। ਪਰ ਸਾਡੀ ਇਸ ਭੌਤਿਕ ਤਰੱਕੀ ਦਾ ਇਤਿਹਾਸ ਬਹੁਤ ਛੋਟਾ ਹੈ ਜਦਕਿ ਬੁਝਾਰਤਾਂ ਸਾਡੇ ਲੰਮੇ ਵਿਰਸੇ ਤੋਂ ਚਲਦੀਆਂ ਆ ਰਹੀਆਂ ਹਨ। ਇਸ ਵਾਸਤੇ ਵਿਗਿਆਨ ਤੇ ਤਕਨੀਕੀ ਉੱਨਤੀ ਬਾਰੇ ਬੁਝਾਰਤਾਂ ਹਾਲਾਂ ਤੱਕ ਸੁਣਨ ਵਿਚ ਨਹੀਂ ਆਈਆਂ।

ਸਾਡਾ ਦੇਸ਼ ਖੇਤੀ ਪ੍ਰਧਾਨ ਦੇਸ਼ ਹੈ- ਜਿੱਥੇ ਬਹੁਤੀ ਵੱਸੋਂ ਖੇਤੀਬਾੜੀ ਜਾਂ ਹੋਰ ਐਸੇ ਕਿੱਤਿਆਂ ਰਾਹੀਂ ਆਪਣੀ ਰੋਜ਼ੀ ਚਲਾਂਦੀ ਰਹੀ ਹੈ ਜਿਹਦੇ ’ਚ ਸਖ਼ਤ ਮਿਹਨਤ ਦੀ ਲੋੜ ਹੁੰਦੀ ਹੈ। ਸਰਮਾਏਦਾਰ ਤਬਕੇ ਦੇ ਚੰਦ ਲੋਕ ਮਿਹਨਤੀ ਕਿਰਤੀਆਂ ਦੀ ਮਿਹਨਤ ਉੱਤੇ ਮੌਜਾਂ ਮਾਣਦੇ ਰਹੇ ਹਨ- ਪਰ ਅਕਸਰੀਅਤ ਐਸੇ ਲੋਕਾਂ ਦੀ ਰਹੀ ਹੈ ਜਿਨ੍ਹਾਂ ਨੂੰ ਸਖ਼ਤ ਮਿਹਨਤ ਨਾਲ ਆਪਣੀ ਰੋਜ਼ੀ ਚਲਾਉਣੀ ਪਈ। ਖੇਤੀਬਾੜੀ, ਵਣਜ-ਵਪਾਰ, ਛੋਟੀਆਂ ਦਸਤਕਾਰੀਆਂ ਅਤੇ ਜਾਗੀਰਦਾਰਨਾ ਨਜ਼ਾਮ ਦੀ ਚਾਕਰੀ ਬਸ ਇਹੋ ਕਿੱਤੇ ਰਹੇ ਹਨ। ਇਸ ਲਈ ਸਾਡੀਆਂ ਬੁਝਾਰਤਾਂ ਵੀ ਇਨ੍ਹਾਂ ਕਿੱਤਿਆਂ ਨਾਲ ਜੁੜੀਆਂ ਹਨ।

ਸਾਡੇ ਦੇਸ਼ ਵਿਚ ਕਈ ਭਾਸ਼ਾਵਾਂ, ਉਪ-ਭਾਸ਼ਾਵਾਂ ਜਾਂ ਬੋਲੀਆਂ ਬੋਲੀਆਂ ਜਾਂਦੀਆਂ ਹਨ। ਬਹੁਤ ਸਾਰੀਆਂ ਬੁਝਾਰਤਾਂ ਐਸੀਆਂ ਹਨ ਜੋ ਥੋੜ੍ਹੀ ਬਹੁਤ ਤਬਦੀਲੀ ਨਾਲ ਤਕਰੀਬਨ ਹਰ ਭਾਸ਼ਾ ਵਿਚ ਜਾਂ ਇਕ ਇਲਾਕੇ ਦੀਆਂ ਭਾਸ਼ਾਵਾਂ ਵਿਚ ਮਿਲਦੀਆਂ ਹਨ। ਇਸਦਾ ਕਾਰਨ ਸਪੱਸ਼ਟ ਹੈ ਕਿ ਭਾਸ਼ਾ ਜਾਂ ਬੋਲੀ ਵੱਖਰੀ ਹੋਣ ਦੇ ਬਾਵਜੂਦ ਸਾਡੇ ਕਿੱਤੇ ਸਾਂਝੇ ਰਹੇ ਹਨ। ਕਈ ਵਾਰ ਇੱਕੋ ਬੁਝਾਰਤ ਦੇ ਮਿਲਦੇ-ਜੁਲਦੇ ਰੂਪ ਦੋ ਭਾਸ਼ਾਵਾਂ ਵਿਚ ਮਿਲਦੇ ਹਨ।

ਜਿਵੇਂ ਅਸਮਾਨ ਤੇ ਤਾਰਿਆਂ ਵਾਸਤੇ :

ਨੀਲਾ ਥਾਲ ਮੋਤੀਆਂ ਭਰਿਆ (ਪੰਜਾਬੀ)
ਨੀਲੀ ਟਾਕੀ ਤਾਰੇ ਬੱਧੇ
ਦਿਨੇਂ ਗਵਾਚੇ ਰਾਤੀਂ ਲੱਭੇ (ਡੋਗਰੀ)

ਇੰਝ ਹੀ ਧੂੰਏਂ ਵਾਸਤੇ :

ਮਾਂ ਜੰਮੀਂ ਨਾ ਪੁੱਤ ਕੋਠੇ ਟੱਪੇ (ਪੰਜਾਬੀ)
ਮਾਂ ਜੰਮੀ ਨਹੀਂ ਪੁੱਤਰ ਕੋਠੇ ਪੁਰ (ਡੋਗਰੀ)

ਸੂਈ ਵਾਸਤੇ :

ਨਿੱਕੀ ਜਿਹੀ ਕੁੜੀ ਤੇ ਗਜ਼ ਪਰਾਂਦਾ (ਪੰਜਾਬੀ)
ਨਿੱਕੀ ਨਈ ਕੁੜੀ ਗਜ਼ ਪਰਾਂਦਾ ਲਈਐ ਟੁਰੀ (ਡੋਗਰੀ)

ਤੱਕੜੀ ਵਾਸਤੇ:

ਪਾਰੋਂ ਆਇਆ ਬਾਬਾ ਲੋਧੀ
ਛੇ ਟੰਗਾਂ ਤੇ ਇਕ ਬੋਦੀ (ਪੰਜਾਬੀ)
ਪਾਰਾ ਆਇਆ ਬਾਵਾ ਲੋਧੀ
ਛੇ ਜੰਘਾਂ ਤੇ ਇਕ ਬੋਦੀ (ਡੋਗਰੀ)

ਪਿੰਡਾਂ ਵਿਚ ਬਝਾਰਤਾਂ ਰਾਹੀਂ ਬੱਚਿਆਂ ਨੂੰ ਆਲੇ-ਦੁਆਲੇ ਦੀ ਦੁਨੀਆਂ ਨਾਲ ਇਕਮਿਕ ਹੋ ਕੇ ਰਹਿਣ ਦੀ ਪ੍ਰੇਰਨਾ ਮਿਲਦੀ ਹੈ। ਇਨ੍ਹਾਂ ਬੁਝਾਰਤਾਂ ਵਿਚ ਕਈ ਅਖਿਆਣ ਤੇ ਡੂੰਘੇ ਫ਼ਲਸਫੇ ਦੀ ਝਲਕ ਮਿਲਦੀ ਹੈ। ਜਿਵੇਂ :

ਕੌਣ ਚਾਹੇ ਬਰਸਣਾ
ਕੌਣ ਚਾਹੇ ਧੁੱਪ
ਕੌਣ ਚਾਹੇ ਬੋਲਣਾ
ਕੌਣ ਚਾਹੇ ਚੁੱਪ
ਉੱਤਰ :
ਮਾਲੀ ਚਾਹੇ ਬਰਸਣਾ
ਧੋਬੀ ਚਾਹੇ ਧੁੱਪ
ਸੱਸ ਚਾਹੇ ਬੋਲਣਾ
ਚੋਰ ਚਾਹੇ ਚੁੱਪ

ਇੱਥੇ ਇਕ ਬੁਝਾਰਤ ਵਿਚ ਚਾਰ ਸਵਾਲ ਪੁੱਛੇ ਗਏ ਹਨ ਚਾਰ ਜਵਾਬ ਵੀ ਹਨ। ਇਹਨੂੰ ਚਹੁੰਆਂ ਸਵਾਲਾਂ ਵਿਚ ਸਾਡੀ ਜ਼ਿੰਦਗੀ ਦਾ ਕਿੰਨਾ ਫ਼ਲਸਫਾ ਤੇ ਇਤਿਹਾਸ ਸਾਹਮਣੇ ਆਉਂਦਾ ਹੈ। ਕਾਵਿ ਪੱਖ ਤੋਂ ਵੀ ਤੱਕੀਏ ਤਾਂ ਇਹਦੇ 'ਚ ਕਵਿਤਾ ਵਾਲੀ ਰਵਾਨੀ ਹੈ।

ਬੁਝਾਰਤ ਵਿਚ ਆਈ ਕਿਸੇ ਇਲਾਕੇ ਦੀ ਰੰਗਤ ਬੁਝਾਰਤ ਨੂੰ ਉਸ ਇਲਾਕੇ ਨਾਲ ਜੋੜਦੀ ਹੈ। ਚਾਵਲ ਜੰਮੂ-ਕਸ਼ਮੀਰ ਦੀ ਮੁੱਖ ਖ਼ੁਰਾਕ ਹੈ ਤੇ ਅਖ਼ਰੋਟ ਇੱਧਰ ਦਾ ਖ਼ਾਸ ਮੇਵਾ ਹੈ ਤਾਂ ਹੀ ਹੇਠ ਲਿਖੀ ਬੁਝਾਰਤ ਆਪਣੇ ਇਲਾਕੇ ਦੀ ਨਿਸ਼ਾਨਦੇਹੀ ਕਰਦੀ ਹੈ :

ਨਿੱਕੀ ਜਿਹੀ ਕੁੱਜੀ
ਵਿਚ ਗੋਲ ਗੋਲ ਭੱਤਾ (ਅਖ਼ਰੋਟ)

ਇੱਥੇ ਅਖ਼ਰੋਟ ਦੀ ਗਿਰੀ ਦੀ ਤੁਲਨਾ ਭੱਤਾ ਯਾਨੀ ਭੱਤ ਨਾਲ ਕੀਤੀ ਹੈ। ਬੁਝਾਰਤਾਂ ਵਿਚ ਵਿਅੰਗ ਵਿਨੋਦ ਦੀਆਂ ਪਚਕਾਰੀਆਂ ਵੀ ਚਲਦੀਆਂ ਹਨ :

ਨਿੱਕਾ ਜਿਹਾ ਕਾਕਾ
ਉਹ ਬੂਹੇ ਦਾ ਰਾਖਾ (ਜੰਦਰਾ)

ਵੇਖੋ ਯਾਰੋ ਰੰਨ ਦੀ ਅੜੀ
ਸਿਰ ਮੁਨਾ ਕੇ ਚੌਂਕੇ ਚੜੀ (ਗਾਜ਼ਰ)

ਹਿਲਣਾ ਹਿਲਾਵਣਾ
ਹਿਲ ਠੰਡ ਪਾਵਣਾ

ਜਾ ਆਖੀਂ ਮੇਰੇ ਲਾਲ ਨੂੰ
ਇਕ ਹਿਲਣਾ ਲਿਆਵਣਾ (ਪੱਖਾ)

ਇਨ੍ਹਾਂ ਬੁਝਾਰਤਾਂ ਵਿਚ ਪ੍ਰਤੀਕ ਸਾਡੇ ਆਲੇ-ਦੁਆਲੇ ਦੇ ਜੀਵਨ ਤੋਂ ਹੀ ਲਏ ਜਾਂਦੇ ਹਨ- ਜੋ ਸਾਡੀ ਰੋਜ਼-ਮਰ੍ਹਾ ਦੀ ਜ਼ਿੰਦਗੀ ਨਾਲ ਜੁੜੇ ਹੁੰਦੇ ਹਨ :

ਸਬਜ਼ ਕਟੋਰੀ ਮਿੱਠਾ ਭੱਤਾ
ਲੁੱਟੋ ਸਈਓ ਹੱਥੋ-ਹੱਥ (ਤਰਬੂਜ਼)

ਕਈ ਵਾਰ ਇਕੋ ਬੁਝਾਰਤ ਵੱਖ-ਵੱਖ ਅਰਥਾਂ ਵਾਸਤੇ ਵੀ ਵਰਤੀ ਜਾਂਦੀ ਹੈ। ਜਿਵੇਂ :

ਐਨੀ ਕੁ ਲੱਕੜੀ
ਅਸਮਾਨ ਨਾਲ ਟੱਕਰੀ (ਧੂਆ ਤੇ ਹਵਾ)

ਥਾਂ-ਥਾਂ ਨਹਿਰਾਂ ਤੇ ਟਿਊਬਵੈੱਲ ਲੱਗਣ ਨਾਲ ਟਿੰਡਾਂ ਵਾਲੇ ਖੂਹ ਹੁਣ ਕਿਤੇ ਨਜ਼ਰ ਨਹੀਂ ਆਉਂਦੇ ਖੂਹ ਵੈਸੇ ਹੀ ਕਿਤੇ ਨਹੀਂ ਰਹੇ। ਕਿਤੇ ਕੋਈ ਵਿਰਲਾ ਨਜ਼ਰ ਆਉਂਦਾ ਹੈ। ਜਿਨ੍ਹਾਂ ਨੇ ਟਿੰਡਾਂ ਵਾਲੇ ਖੂਹ ਨਹੀਂ ਤੱਕੇ ਉਨ੍ਹਾਂ ਨੂੰ ਇਹ ਬੁਝਾਰਤ ਸਮਝਣ ਵਿਚ ਮੁਸ਼ਕਲ ਹੋ ਸਕਦੀ ਹੈ :

ਆਰ ਟਾਂਗਾ ਪਾਰ ਟਾਂਗਾ ਵਿਚ ਟੱਲਮ ਟੱਲੀਆਂ
ਆਉਣ ਕੂੰਜਾਂ ਦੇਣ ਬੱਚੇ ਨਦੀ ਨਹਾਵਣ ਚੱਲੀਆਂ।

ਇਸ ਇਲਾਕੇ ਵਿਚ ਪ੍ਰਚੱਲਤ ਪੰਜਾਬੀ ਡੋਗਰੀ ਦੀਆਂ ਕੁਝ ਹੋਰ ਬੁਝਾਰਤਾਂ ਵੇਖੋ ਜੋ ਸਾਡੇ ਕ੍ਰਿਸਾਨ ਤੇ ਪੇਂਡੂ ਜੀਵਨ ਨਾਲ ਜੁੜੀਆਂ ਹਨ :

ਅਖਣੀ ਮਖਣੀ ਦਿਨੇਂ ਭੜੋਲੀ ਰਾਤੀਂ ਸਖਣੀ (ਰੱਸੀ)
ਧਾਰ ਉੱਪਰ ਕੁੱਪਾ, ਅੱਧਾ ਛਾਵੇਂ ਅੱਧਾ ਧੁੱਪਾ (ਗਿੱਲ੍ਹੜ)
ਹਰੀ ਸੀ ਮਨ ਭਰੀ ਸੀ ਲਾਲ ਮੋਤੀ ਜੜੀ ਸੀ
ਰਾਜਾ ਜੀ ਦੇ ਬਾਗ਼ ਵਿਚ ਦੋਸ਼ਾਲਾ ਲੈ ਕੇ ਖੜੀ ਸੀ (ਛੱਲੀ)
ਤੂੰ ਚਲ ਮੈਂ ਆਇਆ (ਦਰਵਾਜ਼ਾ)
ਖਾਈ ਪੀ ਮੂੰਹ ਕੰਧੇ ਨਾਲ (ਕੜਛੀ)
ਚੂਨੇ ਦੀ ਕੋਠੜੀ ਦਰਵਾਜ਼ਾ ਕੋਈ ਨਾ (ਆਂਡਾ)
ਨਿੱਕੀ ਨਈ ਕੁੜੀ ਰਾਜੇ ਕੰਨੇ ਭਤ ਖਾਂਦੀ (ਮੱਖੀ)
ਔਲ ਨੂੰ ਮੌਲ ਨੂੰ ਭਿਤੇ ਪਿੱਛੇ ਖੋਲ ਨੂੰ (ਜੁੱਤੀ)

ਕਿਸੇ ਵੀ ਭਾਸ਼ਾ ਦੇ ਅਧਿਐਨ ਵਿਚ ਉਸ ਭਾਸ਼ਾ ਦੇ ਵਿਆਕਰਣ, ਅਖਿਆਣ ਤੇ ਮੁਹਾਵਰਿਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ ਪਰ ਬੁਝਾਰਤਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ, ਕਿੰਨਾ ਚੰਗਾ ਹੋਵੇ ਜੋ ਇਮਤਿਹਾਨ ਦੇ ਪਰਚਿਆਂ ਜਾਂ ਜਨਰਲ ਨਾਲਜ ਦੇ ਟੈਸਟ ਵੇਲੇ ਆਪਣੀਆਂ ਕੁਝ ਬੁਝਾਰਤਾਂ ਨੂੰ ਵੀ ਸ਼ਾਮਲ ਕੀਤਾ ਜਾਵੇ ਤਾਂਕਿ ਲੋਕ ਸਾਹਿਤ ਦੀ ਇਸ ਵੰਨਗੀ ਨੂੰ ਸੰਭਾਲਿਆ ਤੇ ਸਮੇਟਿਆ ਜਾ ਸਕੇ।

**613/3, ਨਾਨਕ ਨਗਰ, ਜੰਮੂ - 180004**

# ਵਣਜਾਰਾ ਬੇਦੀ ਦੀਆਂ ਸਵੈ-ਜੀਵਨੀਆਂ: ਲੋਕਧਾਰਾਈ ਪਰਿਪੇਖ

❑ ਡਾ. ਸਾਹਿਬ ਸਿੰਘ

ਡਾ. ਸੁਹਿੰਦਰ ਸਿੰਘ ਵਣਜਾਰਾ ਬੇਦੀ ਲੋਕਧਾਰਾ ਦੇ ਖੇਤਰ ਵਿਚ ਅਜਿਹਾ ਵਿਲੱਖਣ ਹਸਤਾਖ਼ਰ ਹੈ ਜਿਸ ਦੁਆਰਾ ਕੀਤੇ ਖੋਜ ਕਾਰਜਾਂ ਨੂੰ ਲੋਕਧਾਰਾ, ਸਭਿਆਚਾਰ ਦੇ ਮੀਲ ਪੱਥਰ ਵਜੋਂ ਯਾਦ ਕੀਤਾ ਜਾਂਦਾ ਹੈ। ਵਣਜਾਰਾ ਬੇਦੀ ਦੀਆਂ ਸਾਹਿਤਕ ਕਿਰਤਾਂ ਵਿਚੋਂ ਪੰਜਾਬੀ ਲੋਕਧਾਰਾਈ ਮੁਹਾਂਦਰੇ ਦਾ ਪ੍ਰਤੀਬਿੰਬ ਝਲਕਦਾ ਵੇਖਿਆ ਜਾ ਸਕਦਾ ਹੈ। ਉਨ੍ਹਾਂ ਨੇ ਆਪਣੀ ਉਮਰ ਦਾ ਵੱਡਾ ਭਾਗ ਪੰਜਾਬੀ ਲੋਕਧਾਰਾ ਦੇ ਖੋਜ ਕਾਰਜਾਂ ਨੂੰ ਸਮਰਪਿਤ ਕੀਤਾ ਜਿਸ ਸਦਕਾ ਪੰਜਾਬੀ ਸਾਹਿਤ ਦੀ ਝੋਲੀ ਵਿਚ ਉਨ੍ਹਾਂ ਦੀਆਂ ਵਿਭਿੰਨ ਸਾਹਿਤਕ ਕਿਰਤਾਂ ਆਪਣੀ ਖ਼ੂਬਸੂਰਤ ਭੂਮਿਕਾ ਨਿਭਾਅ ਰਹੀਆਂ ਹਨ। ਪੰਜਾਬੀ ਲੋਕਧਾਰਾ ਦੇ ਅਧਿਐਨ ਦੀ ਉਨ੍ਹਾਂ ਦੀ ਪਹਿਲੀ ਪੁਸਤਕ **ਲੋਕ ਆਖਦੇ ਹਨ** 1959 ਵਿਚ ਪ੍ਰਕਾਸ਼ਿਤ ਹੋਈ। ਇਸਤੋਂ ਇਲਾਵਾ ਪੰਜਾਬ ਦਾ ਲੋਕ ਸਾਹਿਤ, ਪੰਜਾਬ ਦੀ ਲੋਕਧਾਰਾ, ਪੰਜਾਬ ਦੀਆਂ ਲੋਕ ਕਹਾਣੀਆਂ, ਲੋਕਧਾਰਾ ਅਤੇ ਸਾਹਿਤ, ਮੱਧਕਾਲੀਨ ਪੰਜਾਬੀ ਕਥਾ:ਰੂਪ ਤੇ ਪਰੰਪਰਾ, ਬਾਤਾਂ ਮੁੱਢ ਕਦੀਮ ਦੀਆਂ, ਲੋਕ ਬੀਰ ਰਾਜਾ ਰਸਾਲੂ, ਰੂਸੀ ਲੋਕਧਾਰਾ, ਮੱਧਕਾਲੀ ਕਾਵਿ ਬੋਧ, ਪੰਜਾਬ ਦੀਆਂ ਜਨੌਰ ਕਹਾਣੀਆਂ ਆਦਿ। ਤਕਰੀਬਨ ਤਿੰਨ ਦਰਜਨ ਪੁਸਤਕਾਂ ਰਾਹੀਂ ਉਨ੍ਹਾਂ ਨੇ ਪੰਜਾਬ ਅਤੇ ਪੰਜਾਬੀਅਤ ਦੇ ਹਰ ਰੰਗ ਨੂੰ ਆਪਣੀਆਂ ਸਾਹਿਤਕ ਕਿਰਤਾਂ ਵਿਚ ਸਮੋਇਆ ਹੈ। ਇਸਤੋਂ ਇਲਾਵਾ ਉਨ੍ਹਾਂ ਦੁਆਰਾ ਰਚਿਤ ਪੰਜਾਬੀ ਲੋਕਧਾਰਾ ਵਿਸ਼ਵਕੋਸ਼ (ਅੱਠ ਜਿਲਦਾਂ) ਆਪਣੇ ਆਪ ਵਿੱਚ ਪੰਜਾਬੀ ਲੋਕਧਾਰਾ ਦਾ ਇਨਸਾਈਕਲੋਪੀਡੀਆ ਹੈ। ਉਨ੍ਹਾਂ ਨੇ ਲੋਕਧਾਰਾਈ ਵਰਤਾਰੇ ਨੂੰ ਆਪਣੀਆਂ ਲਿਖਤਾਂ ਵਿਚ ਹੀ ਨਹੀਂ ਪੇਸ਼ ਕੀਤਾ ਬਲਕਿ ਆਪਣਾ ਸਾਰਾ ਜੀਵਨ ਲੋਕਧਾਰਾ ਦੇ ਅੰਗ-ਸੰਗ ਹੰਢਾਇਆ ਹੈ।ਉਨ੍ਹਾਂ ਨੇ ਆਪਣੇ ਪਰਿਵਾਰਕ ਮੈਬਰਾਂ ਕੋਲੋਂ ਅਖਾਣ, ਮੁਹਾਵਰੇ, ਮਿੱਥਕ ਕਥਾਵਾਂ, ਨੀਤੀ ਕਥਾਵਾਂ, ਦੰਤ ਕਥਾਵਾਂ, ਲੋਕ ਵਿਸ਼ਵਾਸ, ਲੋਕ ਧਰਮ, ਲੋਕ ਗੀਤ, ਲੋਕ ਕਲਾਵਾਂ, ਲੋਕ ਮਨੋਰੰਜਨ, ਲੋਕ ਨਾਟ, ਲੋਕ ਤਮਾਸ਼ੇ ਆਦਿ ਦਾ ਲੋਕਧਾਰਾਈ ਖ਼ਜ਼ਾਨਾ ਸਹਿਜੇ ਹੀ ਪ੍ਰਾਪਤ ਕਰ ਲਿਆ ਸੀ। ਵਣਜਾਰਾ ਬੇਦੀ ਨੇ ਆਪਣੇ ਜੀਵਨ ਦੇ ਵਿਭਿੰਨ ਪੜਾਵਾਂ ਨੂੰ ਵੱਖ-ਵੱਖ ਸਵੈ-ਜੀਵਨੀਆਂ ਵਿਚ ਪੇਸ਼ ਕੀਤਾ ਹੈ। ਜਿਸਦੇ ਅੰਤਰਗਤ ਉਨ੍ਹਾਂ ਦੀਆਂ ਪੰਜ ਸਵੈ-ਜੀਵਨੀਆਂ ਸਾਹਮਣੇ ਆਉਂਦੀਆਂ ਹਨ- **ਮੇਰੇ ਰਾਹਾਂ ਦੇ ਰੰਗ**, **ਅੱਧੀ ਮਿੱਟੀ ਅੱਧਾ ਸੋਨਾ**, **ਗਲੀਏ ਚਿੱਕੜੁ ਦੂਰਿ ਘਰੁ**, **ਮੇਰਾ ਨਾਨਕਾ ਪਿੰਡ** ਅਤੇ **ਮੇਰਾ ਦਾਦਕਾ ਪਿੰਡ**, ਇਹ ਸਵੈ-ਜੀਵਨੀਆਂ ਬੇਸ਼ੱਕ ਡਾ. ਵਣਜਾਰਾ ਬੇਦੀ ਦੇ ਜੀਵਨ ਬਾਰੇ ਤਾਂ ਜਾਣਕਾਰੀ ਦਿੰਦੀਆਂ ਹੀ ਹਨ ਪ੍ਰੰਤੂ ਇਹ ਲਿਖਤਾਂ ਲੋਕਧਾਰਾਈ ਖ਼ਜ਼ਾਨੇ ਨਾਲ ਵੀ ਓਤਪੋਤ ਹਨ। ਹਥਲੇ ਖੋਜ-ਪੱਤਰ ਦਾ ਮਨੋਰਥ ਡਾ. ਸੁਹਿੰਦਰ ਸਿੰਘ ਵਣਜਾਰਾ ਬੇਦੀ ਦੀਆਂ ਸਵੈ-ਜੀਵਨੀਆਂ ਨੂੰ ਕੇਂਦਰ ਵਿਚ ਰੱਖ ਕੇ ਪੰਜਾਬੀ ਲੋਕਧਾਰਾ ਦੇ ਮਹੱਤਵਪੂਰਨ ਨੁਕਤਿਆਂ ਨੂੰ ਦ੍ਰਿਸ਼ਟੀਗੋਚਰ ਕਰਨਾ ਹੈ। ਸਵੈ-ਜੀਵਨੀ ਅਜਿਹਾ ਸਾਹਿਤ ਹੈ, ਜਿਸ ਵਿਚ ਲੇਖਕ ਆਪਣੇ ਅੰਦਰਲੇ ਸੱਚ ਨੂੰ ਪ੍ਰਤੀਬਿੰਬਤ ਕਰਦਾ ਹੋਇਆ ਆਪਣੀ ਲੋਕਧਾਰਾ ਅਤੇ ਸਭਿਆਚਾਰ ਨੂੰ ਸਹਿਜੇ ਹੀ ਉਲੀਕ ਜਾਂਦਾ ਹੈ। ਵਣਜਾਰਾ ਬੇਦੀ ਨੇ ਆਪਣੇ ਜੀਵਨ ਦਾ ਵੱਡਾ ਭਾਵ ਲੋਕਧਾਰਾਈ ਖੋਜ-ਕਾਰਜਾਂ ਨੂੰ ਸਮਰਪਿਤ ਕੀਤਾ ਹੈ ਜਿਸ ਕਾਰਨ ਉਨ੍ਹਾਂ ਦੇ ਜੀਵਨ ਦੀਆਂ ਘਟਨਾਵਾਂ ਅਤੇ ਪੰਜਾਬੀ ਲੋਕਧਾਰਾ ਇਕ-ਦੂਜੇ ਵਿਚ ਸਮੋਏ ਹੋਏ ਪ੍ਰਤੀਤ ਹੁੰਦੇ ਹਨ।

ਲੋਕਧਾਰਾ ਪ੍ਰਾਚੀਨ ਸਮੇਂ ਤੋਂ ਹੀ ਸਿਰਜਨ ਪ੍ਰਕਿਰਿਆ ਦਾ ਅਨਿੱਖੜਵਾਂ ਅੰਗ ਰਹੀ ਹੈ। ਲੋਕਧਾਰਾ ਦਾ ਵਿਸ਼ਾ ਖੇਤਰ ਬਹੁਤ ਵਿਸ਼ਾਲ ਹੈ ਜੋ ਲੋਕ ਜੀਵਨ ਦੇ ਅੰਗ-ਸੰਗ ਅਤੇ ਆਰ-ਪਾਰ ਫੈਲਿਆ ਹੋਇਆ ਹੈ। ਲੋਕ ਸਾਹਿਤ, ਲੋਕ ਕਲਾ, ਅਨੁਸ਼ਠਾਨ, ਲੋਕ ਵਿਸ਼ਵਾਸ, ਲੋਕ

ਧਰਮ, ਲੋਕ ਬੋਲੀਆਂ, ਲੋਕ ਕਿੱਤੇ, ਲੋਕ ਮਨੋਰੰਜਨ ਆਦਿ ਅਜਿਹੇ ਪੱਖ ਹਨ ਜਿਨ੍ਹਾਂ ਨੂੰ ਲੋਕ ਜੀਵਨ ਵਿਚੋਂ ਮਨਫ਼ੀ ਨਹੀਂ ਕੀਤਾ ਜਾ ਸਕਦਾ। **ਵਣਜਾਰਾ ਬੇਦੀ** ਅਨੁਸਾਰ ਫੋਕਲੋਰ ਲੋਕਾਂ ਦੀ ਸਾਮੱਗਰੀ ਹੈ, ਲੋਕ ਮਨ ਦੀ ਅਭਿਵਿਅਕਤੀ ਹੈ ਤੇ ਇਸਦਾ ਨਿਰਮਾਣ ਲੋਕਾਂ ਦੀ ਸਮੂਹਿਕ ਚੇਤਨਾ ਤੋਂ ਹੋਇਆ।[1] ਵਣਜਾਰਾ ਬੇਦੀ ਨੇ ਆਪਣੀਆਂ ਸਵੈ-ਜੀਵਨੀਆਂ ਵਿਚ ਇਨ੍ਹਾਂ ਸਾਰੇ ਲੋਕਧਾਰਾਈ ਵਰਤਾਰਿਆਂ ਦਾ ਜ਼ਿਕਰ ਏਨੀ ਮੌਲਿਕਤਾ ਨਾਲ ਕੀਤਾ ਹੈ ਕਿ ਇਸਨੂੰ ਪੜ੍ਹਦਿਆਂ ਪਾਠਕ ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਦੇ ਅਹਿਸਾਸਾਂ ਨਾਲ ਲਬਰੇਜ਼ ਹੋ ਜਾਂਦਾ ਹੈ। ਸਵੈ-ਜੀਵਨੀ ਸਾਹਿਤ ਬੇਸ਼ੱਕ ਵਿਅਕਤੀਗਤ ਘਟਨਾਵਾਂ ਨਾਲ ਭਰਪੂਰ ਹੁੰਦਾ ਹੈ ਪਰ ਉਸ ਸਮੇਂ ਦੇ ਸਮਾਜ-ਸਭਿਆਚਾਰ ਦੀ ਖ਼ੂਬਸੂਰਤ ਤਸਵੀਰ ਵੀ ਪੇਸ਼ ਕਰਦਾ ਹੈ। ਵਿਭਿੰਨ ਵਿਦਵਾਨ ਸਵੈ-ਜੀਵਨੀ ਨੂੰ ਇਸ ਪ੍ਰਕਾਰ ਪਰਿਭਾਸ਼ਤ ਕਰਦੇ ਹਨ-

**ਡਾ. ਵਿਸ਼ਵਨਾਥ ਪ੍ਰਸਾਦ**:- ਸਵੈ-ਜੀਵਨੀ ਵਿਚ ਲੇਖਕ ਦੇ ਨਿੱਜੀ ਜੀਵਨ ਦੀਆਂ ਘਟਨਾਵਾਂ ਦਾ ਬਿਰਤਾਂਤ ਅਤੇ ਮੁਲਾਂਕਣ ਹੁੰਦਾ ਹੈ। ਸਵੈ-ਜੀਵਨੀ ਰਾਹੀਂ ਲੇਖਕ ਆਪਣੇ ਬੀਤ ਚੁੱਕੇ ਜੀਵਨ ਦਾ ਸਰਵੇਖਣ ਕਰਦਾ ਹੋਇਆ ਸਮੁੱਚੇ ਪਰਿਪੇਖ ਵਿਚ ਉਸਦਾ ਮੁਲਾਂਕਣ ਕਰਦਾ ਹੈ।[2]

**Cassell's Encyclopaedia of Literature** ਅਨੁਸਾਰ ਸਭ ਤੋਂ ਚੰਗੀਆਂ ਸਵੈ-ਜੀਵਨੀਆਂ ਉਹੋ ਹੀ ਹੁੰਦੀਆਂ ਹਨ ਜੋ ਅੰਦਰਲੇ ਜੀਵਨ ਦੇ ਦੁਆਲੇ ਘੁੰਮਣ।[3]

**ਵਣਜਾਰਾ ਬੇਦੀ** ਅਨੁਸਾਰ:- ਆਤਮਕਥਾ ਦੁਨੀਆਂ ਦੀ ਭੀੜ ਵਿਚ ਆਪਣੇ ਆਪ ਨੂੰ ਪਛਾਣਨ ਦਾ ਇਕ ਕਲਾਤਮਕ ਯਤਨ ਹੈ।ਵਣਜਾਰਾ ਬੇਦੀ ਨੇ ਸਵੈ-ਜੀਵਨੀਆਂ ਦੇ ਜ਼ਰੀਏ ਆਪਣੇ ਅੰਦਰਲੇ ਸੱਚ ਨੂੰ ਕਲਾਤਮਕ ਪੁੱਠ ਚਾੜ੍ਹ ਕੇ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ। ਡਾ. ਵਣਜਾਰਾ ਬੇਦੀ ਨੇ ਆਪਣੀਆਂ ਸਵੈ-ਜੀਵਨੀਆਂ ਵਿੱਚ ਲੋਕ ਸਾਹਿਤ ਦੇ ਵੱਡੇ ਹਿੱਸੇ ਨੂੰ ਖ਼ੂਬਸੂਰਤੀ ਨਾਲ ਉਲੀਕਿਆ ਹੈ। ਲੋਕ ਕਾਵਿ ਅਤੇ ਲੋਕ ਵਾਰਤਕ ਬਿਰਤਾਂਤ ਦਾ ਖ਼ੂਬਸੂਰਤ ਸੁਮੇਲ ਲੋਕ ਜੀਵਨ ਵਿਚ ਰੰਗ ਭਰਦਾ ਹੈ। ਲੋਕ ਕਾਵਿ ਜਿੱਥੇ ਸਾਡੇ ਭਾਵਾਂ ਵਲਵਲਿਆਂ ਦਾ ਪ੍ਰਗਟਾਵਾ ਹਨ ਉੱਥੇ ਲੋਕ ਕਹਾਣੀਆਂ ਚੰਗੀ ਜੀਵਨ-ਜਾਚ ਦਾ ਸਰੋਤ ਬਣਦੀਆਂ ਹਨ। ਲੋਕ ਸਾਹਿਤ ਲੋਕ ਜੀਵਨ ਦਾ ਅਜਿਹਾ ਸਰਮਾਇਆ ਹਨ, ਜਿਨ੍ਹਾਂ ਵਿਚ ਲੋਕ ਸਮੂਹ ਦੀ ਰੂਹ ਵੱਸਦੀ ਹੈ। ਮਨੁੱਖ ਦੇ ਜਨਮ, ਵਿਆਹ, ਮੌਤ, ਸੰਸਕਾਰਾਂ ਵਿਚ ਇਹ ਸਮੇਂ-ਸਮੇਂ, ਨਾਲ ਨਿਭਦੇ ਹਨ। ਡਾ. ਵਣਜਾਰਾ ਬੇਦੀ ਅਨੁਸਾਰ ਮਨੁੱਖੀ ਭਾਵਨਾਵਾਂ ਦੇ ਅਨੁਭਵ ਨੂੰ ਦਰਸਾਉਂਦੀ ਹੋਈ ਅਜਿਹੀ ਰਚਨਾ ਜਿਸਨੂੰ ਪੜ੍ਹੇ-ਲਿਖੇ, ਵਿਸ਼ਿਸ਼ਟ ਤੇ ਕਲਾਵਾਨਾਂ ਦੀ ਥਾਂ ਸਰਲ ਚਿੱਤ ਤੇ ਸਰਲ ਬੁੱਧੀ ਲੋਕ ਰਚਦੇ ਹਨ। ਇਸ ਉੱਤੇ ਜਨ ਸਮੂਹ ਜਾਂ ਉਸਦੀ ਬਹੁ-ਗਿਣਤੀ ਦੀ ਪ੍ਰਵਾਨਗੀ ਦੀ ਮੋਹਰ ਹੋਣੀ ਵੀ ਜ਼ਰੂਰੀ ਹੈ, ਲੋਕਾਂ ਦੀ ਪ੍ਰਵਾਨਗੀ ਤੋਂ ਬਿਨਾਂ ਕੋਈ ਰਚਨਾ ਲੋਕ ਸਾਹਿਤ ਦਾ ਰੂਪ ਧਾਰਨ ਨਹੀਂ ਕਰ ਸਕਦੀ। ਲੋਕ ਸਾਹਿਤ ਲਈ ਸਰਲਤਾ, ਸਪੱਸ਼ਟਤਾ, ਮਧੁਰਤਾ, ਸੁਭਾਵਕਤਾ ਵਰਗੇ ਗੁਣ ਕਾਰਗਰ ਹੁੰਦੇ ਹਨ।[4] ਵਣਜਾਰਾ ਬੇਦੀ ਨੇ ਵਿਭਿੰਨ ਲੋਕ ਕਹਾਣੀਆਂ ਦੇ ਅੰਸ਼ਾਂ ਨੂੰ ਆਪਣੀਆਂ ਸਵੈ-ਜੀਵਨੀਆਂ ਦਾ ਹਿੱਸਾ ਬਣਾਇਆ ਹੈ। ਉਦਾਹਰਣ ਵਜੋਂ ਅੱਧੀ ਮਿੱਟੀ ਅੱਧਾ ਸੋਨਾ ਕਹਾਣੀ ਮਿਹਨਤ ਕਰਨੀ ਸਿਖਾਉਂਦੀ ਹੈ ਕਿ ਮਿਹਨਤ ਦਾ ਫ਼ਲ/ਮਿਹਨਤ ਦੀ ਕਮਾਈ ਸੋਨੇ ਵਾਂਗ ਹੈ। ਰਿਸ਼ੀ ਅੰਗਿਰਸ ਜੋ ਜੋਗ ਅਤੇ ਭੋਗ ਦੀ ਮਿੱਥ ਸੀ ਇਹ ਮਿੱਥ ਕਥਾ ਗ੍ਰਹਿਸਤ ਨੂੰ ਭੋਗਦੇ ਹੋਏ ਵੀ ਜੋਗ ਸਾਧਨਾ ਵਿਚ ਪਰਿਪੱਕ ਰਹਿਣਾ ਸਿਖਾਉਂਦੀ ਹੈ। ਰਾਜਾ ਰਸਾਲੂ ਦੀ ਕਥਾ ਅਤੇ ਚਾਨਣੀ ਦੀ ਕਥਾ ਜਤ ਸਤਿ ਵਿਚ ਪੱਕੇ ਰਹਿਣਾ ਅਤੇ ਉੱਚੇ-ਸੁੱਚੇ ਚਰਿੱਤਰ ਦੇ ਧਾਰਨੀ ਬਣਨ ਲਈ ਪ੍ਰੇਰਦੀ ਹੈ। ਜਤ ਸਤਿ ਦੀ ਗੱਲ ਕਰਦੇ ਹੋਏ ਹੋਰ ਵੀ ਕਈ ਮਿੱਥਕ ਕਥਾਵਾਂ ਦਾ ਹਵਾਲਾ ਦਿੱਤਾ ਗਿਆ ਹੈ। ਉਦਾਹਰਨ ਵਜੋਂ ਦੁਰਬਾਸ਼ਾ ਰਿਸ਼ੀ, ਸ੍ਰੀ ਕ੍ਰਿਸ਼ਨ ਅਤੇ

ਗੋਪੀਆਂ ਦੇ ਸੰਵਾਦ ਵਿਚ ਕ੍ਰਿਸ਼ਨ ਨੇ ਸਾਰੀ ਗੱਲ ਸਮਝਾਉਂਦੇ ਹੋਏ ਕਿਹਾ ਕਿ ਨਿਰਲੇਪ ਹੋ ਕੇ ਪ੍ਰੇਮ-ਕ੍ਰੀੜਾ ਕਰਨ ਅਤੇ ਕਾਇਆ ਨੂੰ ਭੋਗਣ ਵਾਲਾ ਅਸਲੋਂ ਜਤੀ ਹੀ ਹੁੰਦਾ ਏ ਅਤੇ ਨਿਰਲੇਪ ਰਹਿ ਕਿ ਖਾਣ ਵਾਲਾ ਨਿਰਾਹਾਰੀ। ਜੋ ਕਰਮ ਅਕਰਮ ਰੂਪ ਵਿਚ ਕੀਤੇ ਜਾਣ, ਉਨ੍ਹਾਂ ਦਾ ਕਾਇਆ ਜਾਂ ਆਤਮਾ ਉੱਤੇ ਕੋਈ ਅਸਰ ਨਹੀਂ ਹੁੰਦਾ।[5] ਸ਼ੌਂਕਣ ਅਤੇ ਕੌਂਕਣ ਬੇਰਾਂ ਦੀ ਕਹਾਣੀ ਪੰਜਾਬੀ ਸਮਾਜ ਵਿਚ ਜਿੱਥੇ ਸ਼ੌਂਕਣ ਦੇ ਰਿਸ਼ਤੇ ਵਿਚਲੀ ਕੜਵਾਹਟ ਨੂੰ ਨੰਗਿਆਂ ਕਰਦੀ ਹੈ ਉੱਥੇ ਪਤੀ-ਪਤਨੀ ਦੇ ਸੁੱਚੇ ਪ੍ਰੇਮ-ਭਾਵ ਦਾ ਪ੍ਰਗਟਾਵਾ ਵੀ ਕਰਦੀ ਹੈ। ਗਿੱਦੜ ਰਾਜ ਅਤੇ ਸ਼ੇਰ ਰਾਜ ਦੀ ਲੋਕ ਕਹਾਣੀ ਬਹਾਦਰੀ ਨਾਲ ਜਿਊਣਾ ਸਿਖਾਉਂਦੀ ਹੈ। ਇਸੇ ਪ੍ਰਕਾਰ ਹਿਰਨ ਹਿਰਨੀ ਦਾ ਜੋੜਾ ਤੇ ਪਾਣੀ ਦੀ ਕਥਾ, ਪਸ਼ੂ-ਪੰਛੀਆਂ, ਜਾਨਵਰਾਂ, ਪੌਦਿਆਂ, ਫੁੱਲਾਂ ਆਦਿ ਨਾਲ ਜੁੜੀਆਂ ਢੇਰਾਂ ਕਥਾਵਾਂ ਇਨ੍ਹਾਂ ਸਵੈ-ਜੀਵਨੀਆਂ ਵਿਚ ਮਿਲਦੀਆਂ ਹਨ। ਲੇਖਕ ਨੂੰ ਆਪਣੇ ਵੱਡੇ-ਵਡੇਰਿਆਂ ਤੋਂ ਵਿਭਿੰਨ ਦੰਤ-ਕਥਾਵਾਂ, ਮਿੱਥਕ ਕਥਾਵਾਂ, ਪ੍ਰੇਮ ਕਥਾਵਾਂ, ਲੋਕ ਕਥਾਵਾਂ ਨਾਲ ਜੁੜਿਆ ਖ਼ਜ਼ਾਨਾ ਇਕੱਤਰ ਕਰਨ ਦਾ ਮੌਕਾ ਮਿਲਿਆ ਅਤੇ ਉਨ੍ਹਾਂ ਆਪਣੀ ਸਮਰੱਥਾ ਨਾਲ ਇਸ ਖ਼ਜ਼ਾਨੇ ਨੂੰ ਆਪਣੀਆਂ ਸਵੈ-ਜੀਵਨੀਆਂ ਦਾ ਹਿੱਸਾ ਬਣਾ ਕੇ, ਲੋਕਧਾਰਾ ਦੇ ਅਮੀਰ ਵਰਤਾਰੇ ਵਿਚ ਆਪਣਾ ਯੋਗਦਾਨ ਦਿੱਤਾ। ਲੇਖਕ ਕਿਤੇ ਨਾ ਕਿਤੇ ਇਹ ਇਸ਼ਾਰਾ ਵੀ ਕਰਦਾ ਹੈ ਕਿ ਲੋਕ ਕਥਾਵਾਂ ਸਿਰਫ਼ ਇਕ ਖਿੱਤੇ ਵਿਸ਼ੇਸ਼ ਨਾਲ ਹੀ ਸੰਬੰਧਿਤ ਨਹੀਂ ਹੁੰਦੀਆਂ ਬਲਕਿ ਕਈ ਵਾਰ ਵਿਭਿੰਨ ਖਿੱਤਿਆਂ ਨਾਲ ਇਨ੍ਹਾਂ ਦਾ ਹੂ-ਬਹੂ ਚਿਤਰਨ ਮਿਲ ਜਾਂਦਾ ਹੈ- ਉਦਾਹਰਣ ਵਜੋਂ ਹਿਰਨ ਤੇ ਹਿਰਨੀ ਜੋ ਪਿਆਸ ਨਾਲ ਤੜਫ਼ ਰਹੇ ਸੀ ਉਨ੍ਹਾਂ ਨੂੰ ਪਾਣੀ ਦੇ ਦੋ ਘੁੱਟ ਜਦੋਂ ਲੱਭਦੇ ਹਨ ਤਾਂ ਇਕ-ਦੂਜੇ ਨੂੰ ਪਹਿਲਾਂ ਪੀਣ ਲਈ ਕਹਿੰਦੇ ਹਨ ਅਤੇ 'ਤੂੰ ਪੀ' 'ਤੂੰ ਪੀ' ਕਰਦੇ ਹੀ ਪਿਆਸ ਨਾਲ ਮਰ ਜਾਂਦੇ ਹਨ। ਇਹ ਕਥਾ ਇਸੇ ਰੂਪ ਵਿਚ ਰਾਜਸਥਾਨ ਦੇ ਇਲਾਕੇ ਵਿਚ ਵੀ ਮਿਲ ਜਾਂਦੀ ਹੈ। 'ਇਹ ਕਥਾ ਹੈ ਬੜੀ ਕਰੁਣਾਮਈ ਤੇ ਅਜਿਹੀਆਂ ਪ੍ਰਭਾਵਸ਼ਾਲੀ ਦੰਤ ਕਥਾਵਾਂ ਨੂੰ ਆਪਣੇ ਇਲਾਕੇ ਨਾਲ ਜੋੜਨ ਦੀ ਰੀਝ ਲੋਕਾਂ ਵਿਚ ਆਮ ਏ। ਨੇੜੇ-ਤੇੜੇ ਦੇ ਇਲਾਕੇ ਦੀਆਂ ਰੌਚਕ ਕਥਾਵਾਂ ਨੂੰ ਆਪਣੇ ਵਿਰਸੇ ਨਾਲ ਟਾਂਕਣ ਵਿਚ ਲੋਕ ਮਨ ਹਮੇਸ਼ਾ ਫ਼ਖ਼ਰ ਮਹਿਸੂਸ ਕਰਦਾ ਰਿਹੈ। ਇਸ ਲਈ ਜਿਹਲਮ, ਜਿੱਥੇ ਕਿਧਰੇ ਵੀ ਹਿਰਨ, ਥਲ਼ ਤੇ ਛੱਪੜ ਹਨ, 'ਤੂੰ ਪੀ' ਦੀ ਕਹਾਣੀ ਆਪਣੇ ਪੂਰੇ ਜੋਬਨ ਵਿਚ ਮੌਜੂਦ ਹੈ।[6] ਇਹ ਕਥਾ ਕਹਾਣੀਆਂ ਸੁਣਦਿਆਂ ਲੇਖਕ ਇਸ ਵਸਤੂ ਵਰਤਾਰੇ ਨੂੰ ਆਪਣੇ ਆਲੇ-ਦੁਆਲੇ ਨਾਲ ਜੋੜ ਕੇ ਵੇਖਦਾ ਅਤੇ ਮਹਿਸੂਸਦਾ ਹੈ।"ਨਾਨਾ ਜੀ ਜਿਵੇਂ ਪੁਰਾਣਾ ਹੰਢਿਆ ਵਰਤਿਆ ਬੋਹੜ ਸਨ, ਜਿਸ ਦੀਆਂ ਜੜ੍ਹਾਂ ਆਦਿ ਜੁਗਾਦ ਦੀਆਂ ਆਂਦਰਾਂ ਵਿਚ ਧਸੀਆਂ ਹੋਈਆਂ ਸਨ। ਉਨ੍ਹਾਂ ਨੂੰ ਹਰੇਕ ਚੀਜ਼ ਦੇ ਮੁੱਲ ਬਾਰੇ ਪੂਰਾ-ਪੂਰਾ ਗਿਆਨ ਸੀ; ਪਰੰਪਰਾ ਜਿਵੇਂ ਉਨ੍ਹਾਂ ਦੇ ਲਹੂ ਮਾਸ ਵਿਚ ਰਚੀ ਹੋਵੇ।[7] ਵਿਭਿੰਨ ਫੁੱਲਾਂ ਬਾਰੇ, ਪਸ਼ੂ ਪੰਛੀਆਂ ਜਿਵੇਂ ਕਿ ਤਿੱਤਲੀ, ਸੱਪ, ਕਾਂ, ਘੋੜਾ, ਖੋਤਾ, ਬਿੱਲੀ ਆਦਿ ਨਾਲ ਜੁੜੇ ਕਈ ਲੋਕ ਵਿਸ਼ਵਾਸ, ਮਿੱਥਕ ਕਥਾਵਾਂ ਲੇਖਕ ਨੇ ਆਪਣੇ ਨਾਨਾ ਜੀ ਕੋਲੋਂ ਸੁਣੀਆਂ ਅਤੇ ਉਨ੍ਹਾਂ ਨੂੰ ਆਪਣੀ ਆਤਮ ਕਥਾ ਦਾ ਅੰਗ ਬਣਾਇਆ। ਤਿੱਤਲੀ ਦਾ ਵੇਸ਼ਵਾ ਰੂਪ, ਸੱਪ ਮਾਇਆਧਾਰੀ, ਘੋੜਾ ਸੂਰਜੀ ਅਵਤਾਰ, ਗਿੱਧ ਅਤੇ ਬਿੱਲੀ ਦਾ ਨਹਿਸ਼ਪੁਣਾ, ਹਿਰਨ, ਕੁੱਕੜ, ਇੱਲਾਂ, ਕਾਵਾਂ ਆਦਿ ਨਾਲ ਜੁੜੇ ਵੇਰਵੇ ਲੇਖਕ ਨੇ ਬਹੁਤ ਮੌਲਿਕ ਅਤੇ ਰੌਚਕ ਢੰਗ ਨਾਲ ਪੇਸ਼ ਕੀਤੇ ਹਨ।

ਲੋਕ ਕਾਵਿ ਰੂਪ ਵੀ ਲੋਕਧਾਰਾ ਦਾ ਅਹਿਮ ਖੇਤਰ ਹੈ। ਲੋਕ ਕਾਵਿ ਲੋਰੀਆਂ, ਸੁਹਾਗ/ਘੋੜੀਆਂ, ਵੈਣ, ਅਲਾਹੁਣੀਆਂ ਆਦਿ ਦੇ ਰੂਪ ਵਿਚ ਮਨੁੱਖੀ ਜੀਵਨ ਦੇ ਅੰਗ-ਸੰਗ ਨਿਭਦੇ ਹਨ। **ਸਟੈਂਡਰਡ ਡਿਕਸ਼ਨਰੀ ਆਫ਼ ਫ਼ੋਕਲੋਰ** ਅਨੁਸਾਰ:- ਲੋਕ ਕਾਵਿ ਸਮੂਹਿਕ

ਸੰਗੀਤ ਅਤੇ ਕਵਿਤਾ ਤੋਂ ਮਿਲ ਕੇ ਬਣਦਾ ਹੈ ਜਿਸਦਾ ਸਾਹਿਤ, ਲਿਖਤ ਤੇ ਛਪਾਈ ਦੁਆਰਾ ਨਹੀਂ, ਬਲਕਿ ਮੌਖਿਕ ਪਰੰਪਰਾ ਦੁਆਰਾ ਚਿਰਸਥਾਈ ਰਹਿੰਦਾ ਹੈ।[8]

ਨਿਰਸੰਦੇਹ ਲੋਕ ਕਾਵਿ ਸਾਡੇ ਭਾਵਾਂ ਵਲ਼ਵਲ਼ਿਆਂ ਦਾ ਪ੍ਰਗਟਾਵਾ ਹਨ ਅਤੇ ਲੋਕ ਕਾਵਿ ਦੇ ਕੁਝ ਨਮੂਨੇ ਪੁਸਤਕ ਵਿਚ ਵੇਖਣ ਨੂੰ ਮਿਲਦੇ ਹਨ ਪਰ ਤੁਲਨਾ ਵਿਚ ਲੋਕ ਕਥਾ ਬਿਰਤਾਂਤ ਦਾ ਵੱਡਾ ਹਿੱਸਾ ਸ਼ਾਮਲ ਕੀਤਾ ਗਿਆ ਹੈ। ਲੋਕ ਕਾਵਿ ਰੂਪ ਦੇ ਕੁਝ ਟੱਪਿਆਂ ਨੂੰ ਲੇਖਕ ਨੇ ਨਾਨਕੇ ਟੱਪੇ ਸਿਰਲੇਖ ਹੇਠ ਦਰਜ ਕੀਤਾ ਹੈ ਜਿਨ੍ਹਾਂ ਵਿਚ ਉਪਭਾਸ਼ਾਈ ਰੰਗਣ ਵੇਖਿਆ ਜਾ ਸਕਦਾ ਹੈ। ਉਦਾਹਰਨ ਵਜੋਂ:

ਅੱਗ ਬਲਨੀ ਆਂ ਟੇਸ਼ਨ 'ਤੇ,
ਰੱਬ ਤੁੱਘੀ ਹੁਸਨ ਦਿੱਤਾ
ਮਿੱਘੀ ਰੱਜ ਕੇ ਵੇਖਣ ਦੇ

ਹੱਥ ਜੋੜਾ ਪੱਖੀਆਂ ਨਾ
ਨਾਲੇ ਸਾਡਾ ਮਾਹੀ ਲਗਨਾ
ਨਾਲੇ ਚਾਨਣ ਅੱਖੀਆਂ ਨਾ।[9]

ਇਸ ਤੋਂ ਇਲਾਵਾ ਸਥਾਨਕ ਰੰਗਣ ਅਤੇ ਪ੍ਰੇਮ ਕਥਾਵਾਂ ਨਾਲ ਜੁੜੇ ਟੱਪੇ ਵੀ ਵੇਖੇ ਜਾ ਸਕਦੇ ਹਨ ਜ੍ਹਿਨਾਂ ਵਿਚ ਕਰੁਣਾਮਈ ਭਾਵਾਂ ਨੂੰ ਉਲੀਕਿਆ ਗਿਆ ਹੈ ਜਿਵੇਂ:

ਮਾਏ ਨੀ ਨਾ ਦੇਈਂ ਪਾਤਸ਼ਾਹਣੀ
ਔਖੀ ਢਕੀ ਤੇ ਖੂਹੀ ਦਾ ਪਾਣੀ।

ਲੋਕ ਧਰਮ ਲੋਕਧਾਰਾ ਦਾ ਅਨਿੱਖੜਵਾਂ ਅੰਗ ਹੈ। ਲੋਕ ਧਰਮ ਵਿਚ ਲੋਕ ਭਾਵਨਾ ਹੁੰਦੀ ਹੈ ਅਤੇ ਇਹ ਲੋਕ ਸਮੂਹ ਦੀ ਸ਼ਰਧਾ ਤੇ ਵਿਸ਼ਵਾਸ 'ਤੇ ਟਿਕਿਆ ਹੈ। ਲੋਕ ਮਨ ਨੇ ਲੋਕ ਧਰਮ ਨੂੰ ਚਿਤਵਿਆ ਅਤੇ ਇਸਦੀ ਵਾਸਤਵਿਕਤਾ ਨੂੰ ਸਵੀਕਾਰ ਕਰਕੇ ਅਨੇਕਾਂ ਪੂਜਾ ਵਿਧੀਆਂ ਨੂੰ ਅਪਣਾਇਆ ਹੈ।

**ਕਰਨੈਲ ਸਿੰਘ ਥਿੰਦ** ਲੋਕ ਧਰਮ ਦੇ ਵਿਸ਼ਾ ਖੇਤਰ ਬਾਰੇ ਲਿਖਦੇ ਹਨ: ਇਸ ਵਿੱਚ ਨਰਕ, ਸਵਰਗ ਅਤੇ ਚੌਰਾਸੀ ਲੱਖ ਜੂਨਾਂ ਵਿੱਚ ਵਿਸ਼ਵਾਸ, ਦੇਵੀ ਦੇਵਤਿਆਂ ਦੀ ਪੂਜਾ, ਸੁੱਖਣਾ, ਮੰਤਰ,ਚੜ੍ਹਾਵੇ, ਵਰਤ, ਤੀਰਥ ਯਾਤਰਾ, ਤੀਰਥ ਇਸ਼ਨਾਨ, ਸੂਰਜ ਅਤੇ ਚੰਦ-ਗ੍ਰਹਿਣ ਬਾਰੇ ਵਿਸ਼ਵਾਸ, ਪੂਜਾ-ਪਾਠ, ਜੰਤਰ-ਮੰਤਰ, ਸ਼ਗਨ ਅਪਸ਼ਗਨ ਆਦਿ ਵਿਸ਼ੇ ਆਉਂਦੇ ਹਨ।[10] ਵਣਜਾਰਾ ਬੇਦੀ ਨੇ ਆਪਣੀਆਂ ਸਵੈ-ਜੀਵਨੀਆਂ ਵਿਚ ਉਪਰੋਕਤ ਸਾਰੇ ਵਿਸ਼ਿਆਂ ਨੂੰ ਬਹੁਤ ਮੌਲਿਕਤਾ ਦੇ ਨਾਲ ਸਿਰਜਿਆ ਹੀ ਨਹੀਂ ਬਲਕਿ ਇਨ੍ਹਾਂ ਪ੍ਰਸਥਿਤੀਆਂ ਨੂੰ ਹੰਢਾਇਆ ਵੀ ਹੈ। ਉਹ ਲਿਖਦੇ ਹਨ: ''ਸਾਡੇ ਨਾਨਕੇ ਪਿੰਡ ਵਿੱਚ ਵੀ ਵੰਨ-ਸੁਵੰਨੇ ਰੱਬ ਨੇ।ਕਿਸੇ ਸ਼ਖ਼ਸ ਨੂੰ ਪੱਥਰ ਦੀ ਮੂਰਤ 'ਚ ਰੱਬ ਵਿਖਾਈ ਦਿੰਦੈ; ਕੋਈ ਸ਼ਖ਼ਸ ਜਲ ਦੇਵਤੇ ਨੂੰ ਹੀ ਆਪਣਾ ਰਹਿਬਰ ਮੰਨਦੈ; ਕਿਸੇ ਦਾ ਦਿਉਤਾ ਪਿੱਪਲ ਦੇ ਪੱਤਿਆਂ ਵਿੱਚ ਵਸਦੈ; ਤੇ ਕਿਸੇ ਦਾ ਸੱਪ ਵਿੱਚ। ਕਿਸੇ ਦਾ ਇਸ਼ਟ ਸੂਰਜ ਦਿਉਤਾ ਏ ਤਾਂ ਕਿਸੇ ਵਾਸਤੇ ਧਰਤੀ ਮਾਤਾ ਹੀ ਰੱਖਿਅਕ ਤੇ ਪਾਲਕ ਏ। ਕੋਈ ਕਿਸੇ ਪੀਰ ਦੀ ਮਜ਼ਾਰ 'ਤੇ ਦੀਵਾ ਬਾਲ ਕੇ ਆਪਣੇ ਗੁਨਾਹ ਬਖਸ਼ਾ ਲੈਂਦੈ ਅਤੇ ਕੋਈ ਖਾਨਗਾਹ ਦੀ ਜੰਡੀ ਨਾਲ ਪਾਟੀ ਪੁਰਾਣੀ ਲੀਰ ਬੰਨ ਕੇ। ਪਿੰਡਾਂ ਵਿੱਚ ਵੱਡੇ ਰੱਬ ਨਾਲੋਂ ਨਿੱਕੇ-ਨਿੱਕੇ ਜ਼ਿਆਦਾ ਮਕਬੂਲ ਨੇ, ਜਿਨ੍ਹਾਂ ਨੂੰ ਲੋਕ ਪਛਾਣ ਸਕਦੇ ਨੇ ਛੂਹ ਸਕਦੇ ਨੇ, ਤੇ ਜਿਨ੍ਹਾਂ ਅੱਗੇ ਮਨ ਦੀ ਭੜਾਸ ਵੀ ਕੱਢ ਸਕਦੇ ਨੇ। ਪੰਜਾਬ ਦੇ ਆਮ ਪਿੰਡਾਂ ਵਾਂਗੂੰ ਗੁੱੜੇ ਵਿੱਚ ਵੀ ਰੱਬਾਂ ਦੀ

ਭੀੜ ਜਿਹੀ ਜੁੜੀ ਹੋਈ ਏ।[11] ਵਣਜਾਰਾ ਬੇਦੀ ਨੇ ਲੋਕ ਧਰਮ ਨਾਲ ਜੁੜੇ ਵਿਭਿੰਨ ਪੱਖਾਂ ਨੂੰ ਆਪਣੀ ਇਸ ਸਾਹਿਤਕ ਕਿਰਤ ਵਿਚ ਸ਼ਾਮਲ ਕੀਤਾ ਹੈ। ਵਹਿਮ ਭਰਮ, ਲੋਕ ਵਿਸ਼ਵਾਸ, ਪੂਜਾ ਵਿਧੀਆਂ, ਸੂਰਜ ਚੰਦਰਮਾਂ ਤੇ ਗ੍ਰਹਿਆਂ ਦੀ ਪੂਜਾ, ਧਰਤੀ ਮਾਤਾ ਦੀ ਪੂਜਾ, ਰੁੱਖਾਂ ਦੀ ਪੂਜਾ, ਇਸਲਾਮਿਕ ਖਾਨਗਾਹਾਂ, ਪੀਰ ਫ਼ਕੀਰ, ਦੇਵੀ ਦੇਵਤੇ, ਪਸ਼ੂ ਪੰਛੀ, ਪ੍ਰਕਿਰਤਕ ਵਸਤਾਂ ਦੀ ਪੂਜਾ, ਕਾਲੇ ਚਿੱਟੇ ਟੂਣੇ, ਜੰਤਰ ਮੰਤਰ, ਅਨੁਸ਼ਠਾਨ, ਲੋਕ ਚਿਕਿਤਸਾ, ਨਰਕ ਸਵਰਗ, ਪੁਨਰ ਜਨਮ, ਲੋਕ ਪਰਲੋਕ ਨਾਲ ਜੁੜੀਆਂ ਕਥਾ ਕਹਾਣੀਆਂ, ਮੰਨਤਾਂ ਮਨੌਤਾਂ, ਸੁੱਖਣਾਂ, ਸ਼ਗਨ ਅਪਸ਼ਗਨ ਆਦਿ ਲੋਕ ਧਰਮ ਦੇ ਵਿਭਿੰਨ ਖੇਤਰਾਂ ਦਾ ਵਿਵਰਣ ਵਿਸਥਾਰਪੂਰਵਕ ਉਦਾਹਰਨਾਂ ਸਹਿਤ ਦਿੱਤਾ ਗਿਆ ਹੈ। ਲੋਕ ਮਨ ਅੰਦਰ ਲੋਕ ਧਰਮ ਦੀ ਖਿੱਚ ਅਤੇ ਲੋਕ ਜੀਵਨ ਵਿਚ ਲੋਕ ਧਰਮ ਦੀ ਮਹੱਤਤਾ ਨੂੰ ਉਜਾਗਰ ਕੀਤਾ ਗਿਆ ਹੈ।

ਲੋਕ ਮਨੋਰੰਜਨ ਪੰਜਾਬ ਦੇ ਲੋਕਧਾਰਾਈ, ਪੇਂਡੂ ਸਭਿਆਚਾਰਕ ਜੀਵਨ ਦਾ ਅਹਿਮ ਹਿੱਸਾ ਰਿਹਾ ਹੈ। ਪੰਜਾਬ ਦੇ ਲੋਕ ਬਹੁਤ ਮਿਹਨਤੀ ਹਨ ਅਤੇ ਆਪਣੇ ਸਰੀਰਕ ਤੇ ਮਾਨਸਿਕ ਥਕੇਵੇਂ ਨੂੰ ਦੂਰ ਕਰਨ ਲਈ ਮਨੋਰੰਜਨ ਦੇ ਵਿਭਿੰਨ ਸਾਧਨਾਂ ਨੂੰ ਅਪਣਾਉਂਦੇ ਹਨ। ਪਿੰਡਾਂ ਵਿਚ ਕਈ ਨਾਟ ਮੰਡਲੀਆਂ, ਬਾਜ਼ੀਗਰਾਂ, ਨਟਾਂ ਦੇ ਤਮਾਸ਼ੇ, ਕਲਾਬਾਜ਼ੀਆਂ, ਭੰਡ ਮਰਾਸੀ, ਮਦਾਰੀ ਆਦਿ ਪਿੰਡ ਵਿਚ ਲੋਕਾਂ ਦੇ ਮਨੋਰੰਜਨ ਲਈ ਆਉਂਦੇ ਹਨ। ਲੇਖਕ ਉਨ੍ਹਾਂ ਰਵਾਇਤੀ ਸਾਧਨਾਂ ਦਾ ਜ਼ਿਕਰ ਕਰਦਾ ਹੈ ਜੋ ਲੋਕ ਜੀਵਨ ਦੀ ਵਿਹਾਰਕ ਰਟ ਨੂੰ ਤੋੜਨ ਲਈ ਕੰਮ ਧੰਦਿਆਂ ਦੇ ਥਕੇਵੇਂ ਨੂੰ ਦੂਰ ਕਰਨ ਖ਼ਖਾਤਰ; ਸਮਾਜਿਕ ਉਤਸਵਾਂ, ਤਿੱਥਾਂ, ਤਿਉਹਾਰਾਂ ਨੂੰ ਮਾਨਣ ਲਈ ਅਪਣਾਏ ਗਏ ਹਨ। ਪਿੰਡਾਂ ਦੇ ਲੋਕ ਇਨ੍ਹਾਂ ਕਲਾਕਾਰਾਂ ਦੇ ਇਰਦ-ਗਿਰਦ ਘੇਰਾ ਬਣਾ ਕੇ ਜੁੱਟ ਜਾਂਦੇ ਅਤੇ ਮਦਾਰੀ, ਨਟ, ਬਾਜ਼ੀਗਰ, ਸਪੇਰੇ ਆਦਿ ਲੋਕ ਵੱਖ-ਵੱਖ ਜਾਨਵਰਾਂ ਵਸਤਾਂ, ਕਰਤੱਵਾਂ, ਸਰੀਰਕ ਮੁਦਰਾਵਾਂ, ਸੰਵਾਦ ਵਿਅੰਗ ਆਦਿ ਦੇ ਜ਼ਰੀਏ ਲੋਕ ਪਰਚਾਵਾ ਕਰਦੇ ਹਨ।

ਲੋਕ ਖੇਡਾਂ, ਲੋਕ ਜਨ ਜੀਵਨ ਦਾ ਅਹਿਮ ਭਾਗ ਰਹੀਆਂ ਹਨ ਇਹ ਮਨੁੱਖ ਨੂੰ ਸਰੀਰਕ ਅਤੇ ਮਾਨਸਿਕ ਪੱਖੋਂ ਤੰਦਰੁਸਤ ਬਣਾਉਣ ਦੇ ਨਾਲ-ਨਾਲ ਮਨੋਰੰਜਨ ਦਾ ਸਾਧਨ ਵੀ ਬਣਦੀਆਂ ਹਨ। ਵਣਜਾਰਾ ਬੇਦੀ ਨੇ ਸਾਰੀਆਂ ਲੋਕ ਖੇਡਾਂ ਦਾ ਜ਼ਿਕਰ ਨਾ ਕਰਦੇ ਹੋਏ ਸਿਰਫ਼ ਬੱਚਿਆਂ ਦੀਆਂ ਖੇਡਾਂ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਬੇਸ਼ੱਕ ਹਰੇਕ ਖਿੱਤੇ ਦੀ ਆਪਣੀ ਵੱਖਰੀ ਲੋਕਧਾਰਾ ਹੁੰਦੀ ਹੈ ਪਰ ਬਹੁਤ ਸਾਰੇ ਲੋਕ ਰੰਗ ਹਰ ਥਾਂ ਤੇ ਇੱਕੋ ਜਿਹੇ ਪਾਏ ਜਾਂਦੇ ਹਨ ਬਸ ਸਥਾਨਕ ਪੱਧਰ 'ਤੇ ਕੁਝ ਵਖਰੇਵਾਂ ਹੋ ਸਕਦਾ ਹੈ। ਉਦਾਹਰਨ ਵਜੋਂ ਲੋਰੀਆਂ ਕਾਵਿ ਰੂਪ, ਲੋਕ ਖੇਡਾਂ ਆਦਿ ਲਗਭਗ ਹਰੇਕ ਲੋਕਧਾਰਾ ਦਾ ਹਿੱਸਾ ਹਨ ਸਿਰਫ਼ ਸਥਾਨਕ ਰੰਗਣ ਕਰਕੇ ਇਨ੍ਹਾਂ ਵਿਚ ਕੁਝ ਵਖਰੇਵੇਂ ਵੇਖੇ ਜਾ ਸਕਦੇ ਹਨ। ਵਣਜਾਰਾ ਬੇਦੀ ਅਨੁਸਾਰ "ਵੈਸੇ ਤਾਂ ਹਰੇਕ ਪਿੰਡ ਦੀਆਂ ਖੇਡਾਂ ਦੂਜੇ ਪਿੰਡਾਂ ਵਰਗੀਆਂ ਹੀ ਹੁੰਦੀਆਂ ਹਨ, ਪਰ ਹਰੇਕ ਖੇਡ ਨੂੰ ਬੱਚੇ ਸਥਾਨ ਤੇ ਰੁਚੀ ਦੇ ਅਨੁਕੂਲ ਢਾਲ ਲੈਂਦੇ ਨੇ ਤੇ ਉਸ ਵਿਚ ਕੁਝ ਵੱਖਰੇ ਰੰਗ ਭਰ ਲਿਆ ਕਰਦੇ ਨੇ। ਹਰ ਪਿੰਡ ਦੀ ਲੋਕ ਚੇਤਨਾ, ਸਮੁੱਚੀ ਪੰਜਾਬੀ ਚੇਤਨਾ ਦਾ ਅੰਗ ਹੁੰਦਿਆਂ ਵੀ, ਸਥਾਨਕ ਪ੍ਰਭਾਵਾਂ ਕਾਰਨ ਇਕ ਵੱਖਰੀ ਮਾਨਸਿਕਤਾ ਵਿਚ ਢਲਣੀ ਸਹਿਜ ਹੈ।"[12] ਲੇਖਕ ਨੇ ਬਹੁਤ ਸਾਰੀਆਂ ਲੋਕ ਖੇਡਾਂ ਅਤੇ ਇਨ੍ਹਾਂ ਖੇਡਾਂ ਨਾਲ ਜੁੜੇ ਲੋਕ ਕਾਵਿ ਦਾ ਵਰਣਨ ਆਪਣੀ ਪੁਸਤਕ ਵਿਚ ਕੀਤਾ ਹੈ। ਇਹ ਖੇਡਾਂ ਬੱਚਿਆਂ ਅੰਦਰ ਸਿਰਜਨਾਤਮਕ ਸ਼ਕਤੀ ਪੈਦਾ ਕਰਦੀਆਂ ਹਨ। ਉਦਾਹਰਨ ਵਜੋਂ ਮਿੱਟੀ ਦੇ ਪਟਾਖੇ, ਲੰਮੀਆਂ ਫ਼ਲੀਆਂ ਤੇ ਕੰਡੇ ਦੀ ਮਦਦ ਨਾਲ ਭੰਬੀਰੀ ਬਣਾਉਣੀ, ਪੀਪਣੀ ਬੀੜਾ ਧਾਗਾ ਆਦਿ ਨੂੰ ਬਣਾ ਕੇ ਖੇਡਣਾ। ਇਸ ਤੋਂ ਇਲਾਵਾ ਵੀ ਕਈ ਅਜਿਹੀਆਂ ਸਿਰਜਨਾਤਮਕ ਖੇਡਾਂ ਜਿਨ੍ਹਾਂ ਵਿਚ ਟੁਕੜੀਆਂ ਬਣਾ ਕੇ ਤੁੱਕਬੰਦੀ ਕਰਨੀ ਟੱਪੇ,

ਸੰਵਾਦ ਆਦਿ ਰਾਜੀਂ ਖੇਡਾਂ ਖੇਡੀਆਂ ਜਾਂਦੀਆਂ ਹਨ ਜਿਨ੍ਹਾਂ ਰਾਹੀਂ ਸੁਹਜ ਰਸ ਅਤੇ ਖੇਡ ਰਸ ਦਾ ਅਨੰਦ ਮਾਣਿਆ ਜਾਂਦਾ ਸੀ। ਉਦਾਹਰਨ ਵਜੋਂ:

ਡਿਕ ਡਿਕ ਡੋ ਡੋ
ਜੀਵੇ ਤੁਹਾਡਾ ਮਾਂ ਪਿਓ
ਕੋਈ ਲਏ ਮੱਖਣ ਕੋਈ ਲਏ ਘਿਉ।

ਦੂਜਾ ਜੋਟਾ ਆਉਂਦਾ ਹੈ:-

ਵੱਡੇ ਵੱਡੇ ਹਾਣੀਉ, ਚੁਬਾਰੇ ਤੇ ਚੁਬਾਰਾ
ਕੋਈ ਲਏ ਚੰਨ ਕੋਈ ਲਏ ਤਾਰਾ

ਤੀਜਾ ਜੋਟਾ ਆਉਂਦਾ ਹੈ:-

ਕੋਠੇ 'ਤੇ ਤੀਰ
ਕੋਈ ਲਵੇ ਬਾਦਸ਼ਾਹ, ਕੋਈ ਲਵੇ ਵਜ਼ੀਰ।[13]

ਇਸ ਪ੍ਰਕਾਰ ਫ਼ਰਜੀ ਨਾਂਵਾਂ ਦੇ ਨਾਲ ਖੇਡਣ ਲਈ ਦੋ ਧਿਰਾਂ ਤਿਆਰ ਹੋ ਜਾਂਦੀਆਂ ਸੀ। ਇਸ ਪ੍ਰਕਾਰ ਅੱਡੀ ਟੱਪਾ, ਲੁਕਣਮਿੱਟੀ, ਚੋਰ ਸਿਪਾਹੀ, ਛੁਹ ਛੁਹਾਈ, ਸਮੁੰਦਰ ਤੇ ਮੱਛੀ, ਪੁੱਗਣਾ, ਵਾਰੀ ਦੇਣੀ, ਸਾਥੀ ਚੁਣਨੇ ਆਦਿ ਵਿਭਿੰਨ ਵਿਸਥਾਰ ਤੇ ਵੇਰਵੇ ਪੁਸਤਕ ਦਾ ਹਿੱਸਾ ਬਣਦੇ ਹਨ।

ਮਨੁੱਖ ਦੇ ਅੰਦਰਲੀ ਸੁਹਜ ਭੁੱਖ ਨੇ ਲੋਕ ਕਲਾ ਨੂੰ ਜਨਮ ਦਿੱਤਾ ਅਤੇ ਇਸੇ ਸੁਹਜ ਭੁੱਖ ਦਾ ਨਤੀਜਾ ਹੈ ਕਿ ਮਨੁੱਖੀ ਸਭਿਆਚਾਰ ਨੂੰ ਮਨੁੱਖ ਨੇ ਵਿਭਿੰਨ ਕਲਾਤਮਕ ਢੰਗਾਂ, ਵਸਤੂ ਵਰਤਾਰਿਆਂ ਨਾਲ ਲਬਰੇਜ਼ ਕੀਤਾ ਹੈ। ਲੋਕ ਕਲਾ ਦੇ ਹੋਂਦ ਵਿਚ ਆਉਣ ਸੰਬੰਧੀ ਕਈ ਮਿੱਥਕ ਕਥਾਵਾਂ ਦੈਵੀ ਧਾਰਨਾਵਾਂ ਪ੍ਰਚੱਲਿਤ ਹਨ। ਇਸ ਤੋਂ ਇਲਾਵਾ ਪਿੰਡਾਂ ਵਿਚ ਕਈ ਕਲਾ ਰੂੜੀਆਂ ਸਹਿਜੇ ਹੀ ਵੇਖਣ ਨੂੰ ਮਿਲ ਜਾਂਦੀਆਂ ਹਨ। ਘਰਾਂ ਦੇ ਬਾਹਰ ਦਰਵਾਜੇ ਉੱਪਰ ਹੀ ਨਿੱਕੇ-ਨਿੱਕੇ ਚਿੰਨ੍ਹ, ਪੈਟਰਨ, ਨਕਸ਼ ਵੇਖਣ ਨੂੰ ਮਿਲ ਜਾਂਦੇ ਹਨ। ਉਦਾਹਰਨ ਵਜੋਂ ਦਰਵਾਜੇ ਦੇ ਤਖਤੇ ਜਾਂ ਮੁੱਖ ਕੰਧ ਦੇ ਉੱਪਰ ਪੰਜੇ ਦਾ ਨਿਸ਼ਾਨ, ਸਵਾਸਤਿਕ ਚਿੰਨ੍ਹ, ਚੌਂਕ, ਸਾਂਝੀ ਮਾਈ ਦੇ ਚਿੱਤਰ ਆਦਿ ਸ਼ੁੱਭਕਾਮਨਾਵਾਂ ਇਛਾਵਾਂ ਅਤੇ ਮੰਗਲ ਕਾਰਜਾਂ ਲਈ ਇਹ ਉੱਕਰੇ ਜਾਂਦੇ ਹਨ। ਪਿੰਡਾਂ ਵਿਚ ਸਭ ਤੋਂ ਖ਼ੂਬਸੂਰਤ ਲੋਕ ਕਲਾ, ਫੁਲਕਾਰੀ ਮੰਨੀ ਜਾਂਦੀ ਹੈ। ਸ਼ਗਨਾਂ ਦੀ ਫੁਲਕਾਰੀ ਤੇ ਜਦੋਂ ਤੋਪਾ ਭਰਿਆ ਜਾਂਦਾ ਹੈ ਤਾਂ ਕੁੜੀ ਦੇ ਸੁਪਨਿਆਂ ਦੀ ਨੀਂਹ ਵੀ ਉਸੇ ਸਮੇਂ ਹੀ ਰੱਖੀ ਜਾਂਦੀ ਹੈ।

"ਫੁਲਕਾਰੀ ਤਾਂ ਜ਼ਿੰਦਗੀ ਦੇ ਨਾਲ ਨਿਭਦੀ ਏ। ਇਸਨੂੰ ਕੱਢਦੇ-ਕੱਢਦੇ ਮਾਂ ਬੁੱਢੀ ਹੋ ਜਾਂਦੀ ਏ ਤੇ ਧੀ ਉਸਰ ਖਲੋਂਦੀ ਏ ਤੇ ਇਸਨੂੰ ਹੰਢਾਉਂਦੀ-ਹੰਢਾਉਂਦੀ ਉਸਦੀ ਧੀ ਦਾ ਚਿਹਰਾ ਝੁਰੜਾਇਆ ਜਾਂਦਾ ਤੇ ਉਹ ਨਾਨੀ ਬਣ ਜਾਂਦੀ। ਇਸ ਲਈ ਮਾਵਾਂ ਆਪਣੇ ਸਾਰੇ ਚਾਅ, ਆਪਣੇ ਸੁਪਨੇ ਤੇ ਕਾਮਨਾਵਾਂ ਫੁਲਕਾਰੀ ਵਿਚ ਪਰੋ ਦਿੰਦੀਆਂ, ਕਿਉਂ ਜੋ ਫੁਲਕਾਰੀ ਵਿਚ ਉਹ ਆਪਣੀ ਜਵਾਨੀ ਗਾਲ ਕੇ ਧੀ ਦੀ ਜਵਾਨੀ ਲੱਭਦੀਆਂ ਨੇ।[14]

ਲੇਖਕ ਦੇ ਜੀਵਨ ਉੱਪਰ ਲੋਕ ਰੰਗ ਦਾ ਗਹਿਰਾ ਪ੍ਰਭਾਵ ਹੈ। ਲੋਕ ਗੀਤਾਂ ਦੇ ਸੁਰਾਂ ਨੂੰ ਸੁਗੰਧੀਆਂ ਨੂੰ, ਰਾਸ ਲੀਲਾ, ਨਾਟਕੀ ਰੰਗਾਂ ਨੂੰ ਉਸਨੇ ਮਾਣਿਆ ਹੈ। ਲੋਕਧਾਰਾ ਦੇ ਹਰ ਰੰਗ ਨੂੰ ਜੀਵਿਆ। ਇਹੋ ਕਾਰਨ ਹੈ ਕਿ ਉਹ ਲਿਖਦੇ ਹਨ "ਲੋਕ ਮੇਰੀ ਸ਼ਕਤੀ ਰਹੇ ਹਨ,

ਮੇਰਾ ਇਸ਼ਟ, ਮੇਰਾ ਰੱਬ। ਲੋਕ ਜੋ ਪਰੰਪਰਾ ਤੋਂ ਸਿਰਜਦੇ ਆ ਰਹੇ ਹਨ, ਵਿਰਸੇ ਵਿਚ ਲੈ ਰਹੇ ਤੇ ਅੱਗੇ ਤੋਰ ਰਹੇ ਹਨ, ਉਸਨੂੰ ਮੈਂ ਇਸ ਕੋਠੇ ਵਿਚ ਬੈਠ ਕੇ ਆਪਣੇ ਨਾਂ ਨਾਲ ਜੋੜਦਾ ਰਿਹਾ ਹਾਂ। ਲੋਕ ਪ੍ਰਵਾਹ ਮੇਰੀ ਛੋਟੀ ਜਿਹੀ ਹੋਂਦ ਵਿਚੋਂ ਦੀ ਗੁਜਰ ਕੇ ਏਥੇ ਹੀ ਇਕ ਨਵੀ, ਪਰ ਸਦੀਵੀਂ ਜ਼ਿੰਦਗੀ ਪ੍ਰਾਪਤ ਕਰ ਰਿਹਾ ਹੈ, ਅਮਰ ਹੋ ਰਿਹਾ ਹੈ।"[15] ਵਣਜਾਰਾ ਬੇਦੀ ਦੀਆਂ ਸਵੈ-ਜੀਵਨੀਆਂ ਵਿਚੋਂ ਸਿਰਫ਼ ਉਨ੍ਹਾਂ ਦੇ ਵਿਅਕਤੀਗਤ ਜੀਵਨ ਦੀ ਝਲਕ ਹੀ ਨਹੀਂ ਮਿਲਦੀ ਬਲਕਿ ਇਹ ਸਾਹਿਤਕ ਕਿਰਤ ਇਕ ਲੋਕਧਾਰਾਈ ਦਸਤਾਵੇਜ ਹੋ ਨਿਬੜਦੀ ਹੈ। ਜਿਸ ਵਿਚੋਂ ਪੰਜਾਬੀ ਲੋਕਧਾਰਾਈ ਸਭਿਆਚਾਰਕ ਜੀਵਨ ਦਾ ਮੂੰਹ ਮੁਹਾਂਦਰਾ ਵੇਖਿਆ ਜਾ ਸਕਦਾ ਹੈ। ਪੇਂਡੂ ਰਹਿਤਲ ਨਾਲ ਜੁੜੇ ਅਜਿਹੇ ਵਿਭਿੰਨ ਪੱਖਾਂ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ ਜੋ ਅਜੋਕੀ ਪੀੜ੍ਹੀ ਲਈ ਅਲੋਪ ਹੋ ਚੁੱਕੇ ਵਰਤਾਰੇ ਹਨ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਡਾ. ਸੁਹਿੰਦਰ ਸਿੰਘ ਵਣਜਾਰਾ ਬੇਦੀ ਨੇ ਆਪਣੀਆਂ ਸਵੈ-ਜੀਵਨੀਆਂ ਵਿਚ ਬੇਸ਼ੱਕ ਆਪਣੀ ਜ਼ਿੰਦਗੀ ਦੇ ਸੰਘਰਸ਼ ਨੂੰ ਉਲੀਕਿਆ ਹੈ। 1947 ਦੀ ਵੰਡ ਦੌਰਾਨ ਹੋਏ ਅਣਮਨੁੱਖੀ ਵਤੀਰੇ ਅਤੇ ਰਾਜਨੀਤਿਕ ਲੋਕਾਂ ਦੇ ਅਸਲ ਸੱਚ ਨੂੰ ਵੀ ਆਤਮ ਕਥਾ ਦਾ ਹਿੱਸਾ ਬਣਾਇਆ ਗਿਆ ਹੈ ਪਰ ਪੰਜਾਬੀ ਲੋਕਧਾਰਾ ਦੀ ਮਹਿਕ ਜੋ ਉਸਦੇ ਸਾਹਾਂ ਵਿਚ ਰਚੀ ਹੋਈ ਸੀ ਉਹ ਇਸ ਸਾਹਿਤਕ ਕਿਰਤ ਦਾ ਵੱਡਾ ਹਾਸਲ ਆਖੀ ਜਾ ਸਕਦੀ ਹੈ। ਪੰਜਾਬੀ ਕਿੱਸਾ ਕਾਵਿ, ਪੰਜਾਬੀ ਰਹਿਣ ਸਹਿਣ, ਨੈਤਿਕ ਕਦਰਾਂ ਕੀਮਤਾਂ, ਵਿਆਹ ਪ੍ਰਬੰਧ, ਲੋਕ ਸਿਆਣਪਾਂ, ਲੋਕ ਧਰਮ ਲੋਕ ਚਿਕਿਤਸਾ, ਡਰਾਈਵਰੀ ਤੇ ਲੋਕ ਜੀਵਨ, ਖੇਡ ਤਮਾਸ਼ੇ, ਲੋਕ ਮਨੋਰੰਜਨ, ਜਨਮ ਅਤੇ ਪੁਨਰ ਜਨਮ ਨਾਲ ਜੁੜੀਆਂ ਕਹਾਣੀਆਂ, ਲੋਕ ਮਨ, ਲੋਕ ਕਥਾਵਾਂ, ਦੰਤ ਕਥਾਵਾਂ, ਮਿੱਥ ਕਥਾਵਾਂ, ਫੁੱਲ ਪੌਦਿਆਂ ਨਾਲ ਜੁੜੀ ਲੋਕਧਾਰਾ, ਪਸ਼ੂ ਪੰਛੀਆਂ ਅਤੇ ਜਾਨਵਰਾਂ ਨਾਲ ਜੁੜੇ ਵਿਸ਼ਵਾਸ, ਲੋਕ ਖੇਡਾਂ, ਲੋਕ ਕਲਾਵਾਂ, ਲੋਕ ਕਿੱਤੇ, ਲੋਕ ਸਾਹਿਤ, ਜਾਤਾਂ ਪਾਤਾਂ ਤੇ ਸੁਭਾਅ, ਨੈਤਿਕ ਕਦਰਾਂ ਕੀਮਤਾਂ, ਸਮਾਜਿਕ ਵਰਗ ਵੰਡ, ਕਰਮ ਕਾਂਡ, ਅਨੁਸ਼ਠਾਨ ਆਦਿ ਮਨੁੱਖੀ ਜਨ ਜੀਵਨ ਅਤੇ ਲੋਕਧਾਰਾਈ ਵਰਤਾਰੇ ਦਾ ਹਰੇਕ ਰੰਗ ਵਣਜਾਰਾ ਬੇਦੀ ਦੀ ਆਤਮ ਕਥਾ ਵਿਚ ਆਪਣਾ ਵਿਲੱਖਣ ਰੰਗ ਭਰਦਾ ਹੈ। ਇਸ ਸਾਹਿਤਕ ਕਿਰਤ ਵਿਚ ਵਣਜਾਰਾ ਬੇਦੀ ਅਤੇ ਪੰਜਾਬੀ ਲੋਕਧਾਰਾ ਇਕਮਿਕ ਹੋਏ ਪ੍ਰਤੀਤ ਹੁੰਦੇ ਹਨ। **ਅੱਧੀ ਮਿੱਟੀ ਅੱਧਾ ਸੋਨਾ** ਵਿਚ ਉਹ ਲਿਖਦੇ ਹਨ:- ਇਸ ਆਤਮ-ਕਥਾ ਵਿੱਚ ਮੇਰੀ ਮਿੱਟੀ ਦੇ ਕਿਨਕੇ ਸੋਨੇ ਦੀਆਂ ਟੁਕੜੀਆਂ ਨਾਲ, ਇੱਕੋ ਛਾਬੇ ਤੁਲੇ ਹਨ। ਮਿੱਟੀ ਮੇਰਾ ਸੱਚ ਹੈ ਤੇ ਸੋਨਾ ਲੋਕ ਸੱਚ। ਮੈਂ ਆਪਣਾ ਮਟਿਆਲਾ ਸੱਚ, ਲੋਕ-ਸੱਚ ਨਾਲ ਰਲਾ ਕੇ ਸੁਨਹਿਰਾ ਕਰ ਲਿਆ ਏ ਅਤੇ ਇਹ ਸਾਰੀ ਆਤਮ-ਕਥਾ ਮੇਰੀ ਲੋਕਧਾਰਾ ਜੋ ਮੈ ਜੀਵੀ ਅਤੇ ਹੰਢਾਈ ਈ ਨਹੀਂ ਆਪਣੇ ਪਿੰਡੇ ਨਾਲ ਚਮੇੜ ਕੇ ਆਪਣੀ ਕਾਇਆ ਵੀ ਰੁਸ਼ਨਾ ਲਈ ਹੈ।[16] ਨਿਰਸੰਦੇਹ ਲੋਕਧਾਰਾ ਦੇ ਖੇਤਰ ਨੂੰ ਜਿੱਥੇ ਡਾ. ਸੁਹਿੰਦਰ ਸਿੰਘ ਵਣਜਾਰਾ ਬੇਦੀ ਦੀ ਇੱਕ ਬਹੁਤ ਵੱਡੀ ਦੇਣ ਹੈ ਉੱਥੇ ਉਨ੍ਹਾਂ ਦੁਆਰਾ ਲੋਕਧਾਰਾ ਦੇ ਖੇਤਰ ਵਿਚ ਕੀਤੇ ਖੋਜ ਕਾਰਜ ਨੌਜਵਾਨ ਖੋਜਾਰਥੀਆਂ, ਵਿਦਿਆਰਥੀਆਂ ਲਈ ਰਾਹ ਦਸੇਰਾ ਬਣਦੇ ਹਨ।

## ਹਵਾਲੇ ਟਿੱਪਣੀਆਂ


1. ਵਣਜਾਰਾ ਬੇਦੀ **ਪੰਜਾਬੀ ਲੋਕਧਾਰਾ ਵਿਸ਼ਵਕੋਸ਼** ਨੈਸ਼ਨਲ ਬੁੱਕ ਸ਼ਾਪ ਦਿੱਲੀ 2013 ਜਿਲਦ ਅੱਠਵੀਂ ਪੰਨਾ-2066.
2. ਡਾ. ਰਤਨ ਸਿੰਘ ਜੱਗੀ **ਸਾਹਿਤ ਦੇ ਰੂਪ** ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 2000 ਚੌਥੀ ਵਾਰ ਪੰਨਾ-119.
3. Cassell 's **encyclopaedia of literature**, vol 1 P-65.

4. ਜੀਤ ਸਿੰਘ ਜੋਸ਼ੀ, **ਸਭਿਆਚਾਰ ਤੇ ਲੋਕਧਾਰਾ ਦੇ ਮੂਲ ਸਰੋਕਾਰ**, ਲਾਹੌਰ ਬੁੱਕ ਸ਼ਾਪ, ਲੁਧਿਆਣਾ 2004 ਪੰਨਾ- 234
5. **ਵਣਜਾਰਾ ਬੇਦੀ ਦੀ ਆਤਮ ਕਥਾ**, ਆਰਸੀ ਪਬਲਿਸ਼ਰਜ਼, ਦਿੱਲੀ 2001.
6. ਉਹੀ ਪੰਨਾ- 342.
7. ਉਹੀ ਪੰਨਾ- 392
8. **Standard dictionary of folklore**, mythology and legend, 1975 P- 1032
9. **ਵਣਜਾਰਾ ਬੇਦੀ ਦੀ ਆਤਮ ਕਥਾ**, ਆਰਸੀ ਪਬਲਿਸ਼ਰਜ਼, ਦਿੱਲੀ 2001 ਪੰਨਾ-467.
10. ਕਰਨੈਲ ਸਿੰਘ ਥਿੰਦ **ਲੋਕਯਾਨ ਤੇ ਮੱਧਕਾਲੀਨ ਪੰਜਾਬੀ ਸਾਹਿਤ**, ਰਵੀ ਸਾਹਿਤ ਪ੍ਰਕਾਸ਼ਨ ਅਮ੍ਰਿਤਸਰ 2011 **ਪੰਨਾ**-193
11. **ਵਣਜਾਰਾ ਬੇਦੀ, ਮੇਰਾ ਨਾਨਕਾ ਪਿੰਡ ਨਵਯੁੱਗ ਪਬਲਿਸ਼ਰਜ਼ ਨਵੀ ਦਿੱਲੀ** 2014 **ਪੰਨੇ**- 21/22
12. **ਵਣਜਾਰਾ ਬੇਦੀ ਦੀ ਆਤਮ ਕਥਾ**, ਆਰਸੀ ਪਬਲਿਸ਼ਰਜ਼, ਦਿੱਲੀ 2001 ਪੰਨਾ-445.
13. ਉਹੀ ਪੰਨਾ-451.
14. ਉਹੀ ਪੰਨਾ-466
15. ਉਹੀ ਪੰਨਾ-68
16. ਉਹੀ ਪੰਨਾ -72



**ਅਸਿਸਟੈਂਟ ਪ੍ਰੋਫ਼ੈਸਰ ਪੰਜਾਬੀ**
**ਡੀ.ਏ.ਵੀ. ਕਾਲਜ, ਜਲੰਧਰ**

# ਸੁਰਿੰਦਰ ਨੀਰ ਦੁਆਰਾ ਰਚਿਤ ਕਹਾਣੀ 'ਨਦੀ ਜੋ ਰੇਤ ਹੋ ਗਈ' ਵਿੱਚ ਭਾਰਤੀ ਨਾਰੀ ਦਾ ਬਿੰਬ

❑ ਅਮਾਨਤ ਮਸੀਹ

ਸੁਰਿੰਦਰ ਨੀਰ ਆਧੁਨਿਕ ਪੰਜਾਬੀ ਸਾਹਿਤ ਦੀ ਵਿਧਾ 'ਕਹਾਣੀ' ਵਿੱਚ ਇੱਕ ਉਭਰਦਾ ਹਸਤਾਖਰ ਹੈ। ਆਪ ਦੁਆਰਾ ਰਚਿਤ ਕਹਾਣੀਆਂ ਦੀ ਮੂਲ ਸੁਰ ਔਰਤ ਦੀ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਦੀ ਪੇਸ਼ਕਾਰੀ ਨਾਲ ਵਾਬਾਸਤਾ ਹੈ। ਇਹ ਨਾਰੀ ਆਪਣੀ ਹੋਂਦ ਦੀ ਤਲਾਸ਼ ਅਤੇ ਆਰਥਿਕ ਲੋੜਾਂ ਦੀ ਪੂਰਤੀ ਲਈ ਸਮਾਜਿਕ ਵਰਤਾਰਿਆਂ ਨਾਲ ਦੋ-ਚਾਰ ਹੁੰਦੀ ਨਜ਼ਰ ਆਉਂਦੀ ਹੈ। ਲੇਖਿਕਾ ਦੇ ਕਹਾਣੀ ਬਿਰਤਾਂਤ ਦੀ  ਵਿਸ਼ੇਸ਼ਤਾ ਇਹ ਵੀ ਹੈ ਕਿ ਉਹ ਆਪਣੀਆਂ ਕਾਹਣੀਆਂ ਵਿੱਚ ਪੇਸ਼ ਔਰਤ ਪਾਤਰ ਨੂੰ ਵਿਚਾਰੀ ਨਹੀਂ ਬਲਕਿ ਆਪਣੇ ਹੱਕਾਂ ਪ੍ਰਤੀ ਜਾਗਰੂਕ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਦੀ ਪ੍ਰਤੀਤ ਹੁੰਦੀ ਹੈ। ਡਾ. ਸਰਬਜੀਤ ਸਿੰਘ ਅਨੁਸਾਰ,

"ਸੁਰਿੰਦਰ ਨੀਰ ਦੀਆਂ ਕਹਾਣੀਆਂ ਵਿੱਚ ਔਰਤ ਦਾ ਦੁੱਖ, ਦਰਦ, ਸੰਤਾਪ, ਵੇਦਨਾ ਅਤੇ ਦੁਖਾਂਤ ਵਧੇਰੇ ਰੂਪ ਵਿੱਚ ਉੱਭਰਦਾ ਹੈ। ਪਰੰਤੂ ਇਸ ਸਭ ਕੁਝ ਨੂੰ ਉਹ ਵਿਅਕਤੀਗਤ ਅਲਾਮਤ ਦੇ ਰੂਪ ਵਿੱਚ ਉਸਾਰਨ ਦੀ ਥਾਵੇਂ ਸਮਾਜੀ ਕਦਰ ਪ੍ਰਬੰਧ, ਸਭਿਆਚਾਰਕ ਅਚੇਤਨ ਦੇ ਰਸਤਿਓਂ ਉਸਾਰਕੇ ਔਰਤ ਦੇ ਅਸਤਿਤਵ ਦੀ ਤਲਾਸ਼ ਕਰਦੀ ਹੈ। ਇਉਂ ਕਰਦਿਆਂ ਸੁਰਿੰਦਰ ਨੀਰ ਦਾ ਕਥਾ ਬਿਰਤਾਂਤ ਭਾਵੁਕ ਅਤੇ ਵਿਰੋਧੀ ਉਚਾਰ ਨਹੀਂ ਬਣਦਾ ਸਗੋਂ ਤਰਕ ਸੰਗਤ ਅਤੇ ਸੰਵਾਦੀ ਪ੍ਰਵਚਨ ਬਣਦਾ ਹੈ।"[1]

'ਨਦੀ ਜੋ ਰੇਤ ਹੋ ਗਈ ਕਹਾਣੀ' ਆਪਣੇ ਵਿਸ਼ੇ ਅਤੇ ਨਿਭਾਅ ਪੱਖੋਂ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। ਕਾਹਾਣੀ ਵਿੱਚ ਪੇਸ਼ ਪਾਤਰਾਂ ਦੀਆਂ ਗਤੀਵਿਧੀਆਂ ਉਨ੍ਹਾਂ ਦੀ ਮਾਨਸਿਕਤਾ ਦੇ ਵਿਭਿੰਨ ਪਹਿਲੂਆਂ ਨੂੰ ਉਭਾਰਦੀਆਂ ਹਨ। ਇਨ੍ਹਾਂ ਵੱਖ-ਵੱਖ ਪਹਿਲੂਆਂ ਵਿੱਚੋਂ ਭਾਰਤੀ ਨਾਰੀ ਦੀ ਆਰਥਿਕਤਾ ਨਾਲ ਜੁੜੀ ਉਸਦੀ ਹੋਂਦ ਦੇ ਸੰਤਾਪ ਨੂੰ ਵਿਸ਼ੇਸ਼ ਰੂਪ ਵਿੱਚ ਉਗਾੜਿਆ ਹੈ। ਭਾਰਤੀ ਨਾਰੀ ਦੀ ਇਸ ਸਥਿਤੀ ਲਈ ਕੇਵਲ ਮਰਦ ਪ੍ਰਧਾਨ ਸਮਾਜ ਹੀ ਨਹੀਂ ਬਲਕਿ ਸਮਾਜਿਕ ਪ੍ਰਣਾਲੀ ਦੇ ਪ੍ਰਭਾਵ ਹੇਠ ਔਰਤ ਵੀ ਔਰਤ ਦੀ ਹੋਂਦ ਲਈ ਅਜਿਹੀਆਂ ਪ੍ਰਸਿਤੀਆਂ ਪੈਦਾ ਕਰਦੀ ਵਿਖਾਈ ਜਾਂਦੀ ਹੈ ਜਿਨ੍ਹਾਂ ਕਾਰਨ ਉਹ ਵਿਦਰੋਹੀ ਸੁਰ ਅਖਤਿਆਰ ਕਰਨ ਲਈ ਮਜ਼ਬੂਰ ਹੋ ਜਾਂਦੀ ਹੈ। ਮਰਦ-ਪ੍ਰਧਾਨ ਸਮਾਜ ਦਾ ਦਬਦਬਾ ਅਤੇ ਔਰਤ ਪ੍ਰਤੀ ਉਸਦੀ ਸੋਚ ਦਾ ਮਿਆਰ ਕਿਸੇ ਹੱਦ ਤੱਕ ਅੱਜ ਵੀ ਪੂਰਕ ਨਹੀਂ ਹੈ। ਕਿਤੇ ਨਾ ਕਿਤੇ ਇਸ ਪੱਖ ਤੋਂ ਇਹ ਅਸਮਾਨਤਾ ਕਾਰਨ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਨੂੰ ਲੇਖਿਕਾ ਨੇ ਕਹਾਣੀ ਵਿੱਚ ਕਈ ਥਾਵਾਂ 'ਤੇ ਦਰਸਾਇਆ ਹੈ। ਲੇਖਿਕਾ ਔਰਤ ਪ੍ਰਤੀ ਔਰਤ ਦੀ ਸੋਚ ਨੂੰ ਮਰਦ-ਪ੍ਰਧਾਨ ਸਮਾਜ ਦੀ ਧਾਰਨੀ ਹੋਣ ਵੱਲ ਵੀ ਇਸ਼ਾਰਾ ਕਰਦੀ ਹੈ। ਅੱਜ ਦੇ ਸਮਾਜ ਵਿੱਚ ਔਰਤ ਲਈ ਕਈ ਤਰ੍ਹਾਂ ਦੀਆਂ ਸਹੂਲਤਾਂ ਅਤੇ ਕਾਨੂੰਨ ਬਣ ਚੁਕੇ ਹਨ ਪਰ ਆਮ ਸਧਾਰਨ ਘਰੇਲੂ ਕਿਸਮ ਦੀ ਔਰਤ ਇਨ੍ਹਾਂ ਪ੍ਰਤੀ ਅਣਜਾਣ ਹੈ। ਕਹਾਣੀਕਾਰਾ ਦੀ ਖ਼ੂਬੀ ਇਹ ਹੈ ਕਿ ਉਹ ਆਪਣੀ ਕਹਾਣੀ ਵਿੱਚ ਦੁਖ ਭੋਗਦੀ ਔਰਤ ਨੂੰ ਬੇਸਹਾਰਾ ਅਤੇ ਤਰਸ ਦੀ ਪਾਤਰ ਨਹੀਂ ਬਣਾਉਂਦੀ ਸਗੋਂ ਉਸਨੂੰ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਾ ਕੇ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਦੀ ਹੈ।

'ਨਦੀ ਜੋ ਰੇਤ ਹੋ ਗਈ' ਕਹਾਣੀ ਦੀ ਪਾਤਰ 'ਦੁਰਗੀ' ਇੱਕ ਗ਼ਰੀਬ ਪਰਿਵਾਰ ਨਾਲ ਸੰਬੰਧ ਰੱਖਣ ਵਾਲੀ ਨੌਜਵਾਨ ਮੁਟਿਆਰ ਹੈ। ਘਰੇਲੂ ਗ਼ਰੀਬੀ ਅਤੇ ਕਮਜ਼ੋਰ ਆਰਥਿਕਤਾ ਕਾਰਨ ਉਹ ਪੜ੍ਹ-ਲਿਖ ਨਹੀਂ ਸਕੀ। ਅਨਪੜ੍ਹ ਹੋਣ ਦੇ ਬਾਵਜੂਦ ਵੀ ਉਹ ਇੱਕ ਸੰਸਕਾਰੀ ਔਰਤ ਵਾਲੇ ਸਾਰੇ ਗੁਣਾਂ ਨਾਲ ਭਰਪੂਰ ਹੈ। ਕਹਾਣੀ ਦੀ ਦੂਜੀ ਔਰਤ ਆਗਿਆ ਦੇਵੀ ਵੀ ਇੱਕ ਆਮ ਸਧਾਰਨ ਕਿਸਮ ਦੀ ਘਰੇਲੂ ਔਰਤ ਹੈ। ਦੁਰਗੀ ਨੂੰ ਉਹ ਆਪਣੇ ਇੱਕਲੌਤੇ ਪੁੱਤਰ ਲਈ ਪਤਨੀ ਵਜੋਂ ਚੁਣਦੀ ਹੈ। ਆਗਿਆ ਦੇਵੀ ਦੀ ਸਮੱਸਿਆ ਇਹ ਹੈ ਕਿ ਉਹ ਆਪਣੇ ਇੱਕਲੌਤੇ ਪੁੱਤਰ ਲਈ ਅਜਿਹੀ ਲੜਕੀ ਦੀ ਚੋਣ ਕਰਨੀ ਚਾਹੁੰਦੀ ਹੈ ਜੋ ਉਸਦੀ ਖੇਤੀਬਾੜੀ ਦੇ ਕੰਮਾਂ ਵਿੱਚ ਸਾਥ ਦੇਵੇ। ਆਗਿਆ ਦੇਵੀ ਦੇ ਪੁੱਤ 'ਜਾਗਰ' ਨੂੰ ਖੇਤੀਬਾੜੀ ਕਰਨ ਵਾਲੀ ਪੇਂਡੂ ਕਿਸਮ ਦੀ ਕੁੜੀ ਨੂੰ ਆਪਣੀ ਪਤਨੀ ਬਣਾਉਣਾ ਮਨਜ਼ੂਰ ਨਹੀਂ। ਉਹ ਆਪਣੀ ਮਾਂ ਨੂੰ ਸਮਝਾਉਣ ਦਾ ਬਹੁਤ ਯਤਨ ਕਰਦਾ ਹੈ ਪਰ ਉਸਦੀ ਜ਼ਿੱਦ ਅੱਗੇ ਹਾਰ ਮੰਨ ਕੇ 'ਦੁਰਗੀ' ਨਾਲ ਵਿਆਹ ਕਰਵਾ ਲੈਂਦਾ ਹੈ।

ਆਗਿਆ ਦੇਵੀ ਦੀ ਨਜ਼ਰ ਵਿੱਚ ਜਵਾਨ, ਤੰਦਰੁਸਤ ਕੁੜੀ ਹੀ ਖੇਤੀਬਾੜੀ ਦੇ ਕੰਮਾਂ ਨੂੰ ਸਾਂਭ ਅਤੇ ਉਸਨੂੰ ਘਰ ਦਾ ਯੋਗ ਵਾਰਸ ਦੇ ਸਕਦੀ ਹੈ। ਦੁਰਗੀ ਵਿੱਚੋਂ ਉਹ ਕਈ ਤਰ੍ਹਾਂ ਦੇ ਫਾਇਦੇ ਵੇਖਦੀ ਹੈ। 'ਦੁਰਗੀ' ਕੇਵਲ ਸਰੀਰਕ ਪੱਖੋਂ ਹੀ ਮਜ਼ਬੂਤ ਨਹੀਂ ਬਲਕਿ ਚਿਹਰੇ-ਮੂਹਰੇ ਪੱਖੋਂ ਵੀ ਜੱਚਦੀ ਹੈ। ਉਸਦੀ ਖ਼ੂਬਸੂਰਤੀ ਨੂੰ ਕਹਾਣੀਕਾਰਾ ਨੇ ਇਸ ਤਰ੍ਹਾਂ ਪੇਸ਼ ਕੀਤਾ ਹੈ-

"ਦੁਰਗੀ ਨੂੰ ਵੇਖਦੇ ਹੀ ਆਗਿਆ ਦੀਆਂ ਅੱਖਾਂ ਵਿੱਚ ਚਮਕ ਆ ਗਈ। ਉੱਚੀ-ਲੰਮੀ ਕੱਦ ਕਾਠੀ। ਫ਼ੁਰਤੀਲਾ ਸਰੀਰ। ਹੱਥ ਪੈਰ ਸਖ਼ਤ ਤੇ ਸਿੱਧੀ ਰੀੜ ਦੀ ਹੱਡੀ ਨਾਲ ਤੁਰਨ ਵਾਲੀ ਮਜ਼ਬੂਤ ਕੁੜੀ। ਉਹ ਜਦ ਆਗਿਆ ਮਾਈ ਦੇ ਸਾਹਮਣੇ ਆਈ ਤਾਂ ਆਗਿਆ ਨੂੰ ਆਪਣੇ ਪਿਤਾ ਦੀ ਉਹ ਕਾਲੀ ਘੋੜੀ ਯਾਦ ਆ ਗਈ ਜਿਸਦੇ ਰੇਸ਼ਮੀ ਵਾਲ ਤੇ ਮਜ਼ਬੂਤ ਪਿੰਡਾ ਲਿਸ਼ਕਾਂ ਮਾਰਦਾ ਸੀ।"[2]

'ਦੁਰਗੀ' ਅਤੇ ਘੋੜੀ ਦੇ ਗੁਣਾਂ ਦੀ ਸੁਮੇਲਤਾ ਦਾ ਮਾਪ ਦੁਰਗੀ ਦੀ ਵਿਆਹ ਦੀ ਚੋਣ ਦਾ ਆਧਾਰ ਬਣਾਇਆ ਜਾਂਦਾ ਹੈ। ਘੋੜੀ ਇੱਕ ਬੇਜ਼ੁਬਾਨ ਜਾਨਵਰ ਹੈ। ਉਸ ਦੀਆਂ ਆਪਣੀਆਂ ਕੁਝ ਕੁਦਰਤੀ ਸੀਮਤ ਰੁਚੀਆਂ ਹਨ। ਦੂਜੇ ਪਾਸੇ 'ਦੁਰਗੀ' ਇੱਕ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਉਨ੍ਹਾਂ ਸਾਰੀਆਂ ਖਾਹਿਸ਼ਾਂ ਦੀ ਪੂਰਤੀ ਕਰਨਾ ਚਾਹੁੰਦੀ ਹੈ ਜੋ ਸਮਾਜ ਵੱਲੋਂ ਪ੍ਰਵਾਨਿਤ ਅਤੇ ਜਿਸਦੀ ਉਹ ਹੱਕਦਾਰ ਹੈ। ਉਸਦੀ ਮਾਨਸਿਕਤਾ ਦੇ ਉਲਟ ਜਾਨਵਰ ਅਤੇ ਮਨੁੱਖ (ਔਰਤ) ਦੀ ਆਪਸੀ ਸੁਮੇਲਤਾ ਦਾ ਪੈਮਾਨਾ ਹੀ ਉਸਦੀ ਹੋਂਦ ਦੀ ਤ੍ਰਾਸਦੀ ਅਤੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਕਾਰਨ ਬਣਦਾ ਹੈ। ਵਿਆਹ ਤੋਂ ਬਾਅਦ 'ਦੁਰਗੀ' ਇੱਕ ਸੀਮਤ ਸਮਾਜ ਵਿੱਚ ਇੱਕ ਪਰਿਵਾਰ ਤੋਂ ਦੂਜੇ ਪਰਿਵਾਰ ਵਿੱਚ ਇੱਕ ਬੇਜਾਨ ਜਾਨਵਰ ਵਾਂਗ ਇੱਕ ਕਿੱਲੇ ਤੋਂ ਦੂਜੇ ਕਿੱਲੇ 'ਤੇ ਬੱਝ ਜਾਂਦੀ ਹੈ। ਸਹੁਰੇ ਘਰ ਉਸ ਲਈ ਕਈ ਤਰ੍ਹਾਂ ਦੀਆਂ ਨਵੀਆਂ ਮਰਿਆਦਾਵਾਂ ਪੈਦਾ ਹੋ ਜਾਂਦੀਆਂ ਹਨ ਜਿਨ੍ਹਾਂ ਦੀ ਪੂਰਤੀ ਕਰਦੀ ਹੋਈ ਉਹ ਜਾਨਵਰ ਵਾਂਗ ਹੀ ਆਪਣੀ ਜ਼ਿੰਦਗੀ ਬਤੀਤ ਕਰਦੀ ਹੈ। ਆਗਿਆ ਦੇਵੀ ਲਈ ਉਹ ਖੇਤਾਂ ਵਿੱਚ ਕੰਮ ਕਰਨ ਵਾਲੀ ਕਰਨ ਵਾਲੀ ਮਜ਼ਦੂਰ ਅਤੇ ਘਰ ਦਾ ਕੰਮ ਕਰਨ ਵਾਲੀ ਨੌਕਰਾਨੀ ਬਣ ਜਾਂਦੀ ਹੈ। ਸਥਿਤੀ ਦਾ ਦੁਖਾਂਤ ਇਹ ਹੈ ਕਿ ਦੁਰਗਾ ਭਰ ਜੋਬਨ ਨੌਜੁਆਨ ਮੁਟਿਆਰ ਹੈ। ਉਹ ਆਪਣੀਆਂ ਸਾਰੀਆਂ ਖਾਹਿਸ਼ਾਂ ਨੂੰ ਮਾਰ ਸਕਦੀ ਹੈ ਪਰ ਵਿਆਹੁਤਾ ਜੀਵਨ ਦੀ ਸੁੱਖ ਪ੍ਰਾਪਤੀ ਤੋਂ ਪਰੇ ਇੱਕ ਸੰਨਿਆਸੀ ਵਾਂਗ ਜ਼ਿੰਦਗੀ ਜਿਉਣ ਲਈ ਤਿਆਰ ਨਹੀਂ ਹੁੰਦੀ। ਜਦੋਂ ਉਸਨੂੰ ਇਹ ਸੁੱਖ ਆਪਣੇ ਪਤੀ ਕੋਲੋਂ ਪ੍ਰਾਪਤ ਨਹੀਂ ਹੁੰਦਾ ਤਾਂ ਉਹ ਆਪਣੇ ਸਹੁਰੇ ਨਾਲ ਸਰੀਰਕ ਸੰਬੰਧ ਬਣਾ ਲੈਂਦੀ ਹੈ। ਸਰੀਰਕ ਸੰਬੰਧ ਬਣਾਉਣ ਪਿੱਛੇ ਵੀ ਕੇਵਲ ਉਸਦੀ ਸਰੀਰਕ ਭੁੱਖ ਦੀ ਅਭਿਲਾਸ਼ਾ ਨਹੀਂ ਬਲਕਿ ਆਪਣੀ ਹੋਂਦ ਨੂੰ ਬਚਾਈ ਰੱਖਣ ਦਾ ਡਰ ਹੈ। ਇਸ ਡਰ ਕਾਰਨ ਹੀ ਅਗਲੀਆਂ ਘਟਨਾਂਵਾਂ ਵਾਪਰਦੀਆਂ ਹਨ। ਇਹ ਫੈਸਲਾ ਉਸ ਲਈ ਹੋਰ ਵੀ ਵਧੇਰੇ ਭਿਆਨਕ ਅਤੇ ਮਾਰੂ ਪ੍ਰਭਾਵ ਪਾਉਂਦਾ ਹੈ।

ਆਗਿਆ ਮਾਈ ਲਈ ਦੁਰਗੀ ਦੇਵੀ ਦਾ ਸਰੂਪ ਹੈ ਪਰ ਜਾਗਰ ਲਈ ਉਹ ਅਨਪੜ੍ਹ ਅਤੇ ਫ਼ਜ਼ੂਲ ਔਰਤ ਹੈ। ਦੋਵਾਂ ਦੀ ਸੋਚ ਵਿਚਕਾਰ ਦੁਰਗੀ ਬਿਨਾਂ ਕਿਸੇ ਕਸੂਰ ਘੁਣ ਵਾਂਗ ਪਿਸ ਜਾਂਦੀ ਹੈ। ਆਪਣੇ ਪਤੀ ਕਿੱਕਰ ਸਿੰਘ ਦੇ ਬਾਰ-ਬਾਰ ਮਨ੍ਹਾਂ ਕਰਨ 'ਤੇ ਵੀ ਉਹ ਆਪਣੇ ਪੁੱਤਰ ਦਾ ਵਿਆਹ ਜ਼ਬਰਦਸਤੀ ਦੁਰਗੀ ਨਾਲ ਕਰਵਾ ਦਿੰਦੀ ਹੈ। ਦੁਰਗੀ ਦੀ ਖ਼ੂਬਸੂਰਤੀ ਦੇ ਸਰੂਪ ਦੀ ਸਿਫ਼ਤ ਕਰਦਿਆਂ ਉਹ ਆਪਣੇ ਪਤੀ ਕਿੱਕਰ ਸਿੰਘ ਨੂੰ ਕਹਿੰਦੀ ਹੈ-

"ਦੁਰਗੀ ਸਾਖਿਆਤ ਦੁਰਗਾ ਮਾਈ ਦਾ ਹੀ ਰੂਪ ਹੈ। ਓਹੀ ਤੇਜ਼ ਉਸਦੀਆਂ ਅੱਖਾਂ ਵਿੱਚੋਂ ਝਲਕਦਾ। ਮਜ਼ਬੂਤ ਕਦ ਕਾਠੀ ਤੇ ਚੌੜਾ ਖੁਲਾ ਮੱਥਾ, ਜਿਵੇਂ ਬਾਬੇ ਨਾਨਕ ਨੇ ਆਪਣੇ ਹੱਥਾਂ ਨਾਲ ਉਸਦੇ ਮੱਥੇ ਉੱਤੇ ਉਸਦੇ ਨਸੀਬ ਲਿਖੇ ਹੋਣ। ਸਾਢੇ ਪੰਜ ਫੁੱਟ ਦੀ ਘੋੜੀ ਵਰਗੀ ਕੁੜੀ ਹੈ ਦਰਗੀ।"[3]

ਜਾਗਰ ਸਿੰਘ ਆਧੁਨਿਕ ਪੀੜ੍ਹੀ ਦਾ ਪੜ੍ਹਿਆ-ਲਿਖਿਆ ਅਤੇ ਸ਼ਹਿਰੀ ਸੱਭਿਅਤਾ ਦੇ ਪ੍ਰਭਾਵ ਕਾਰਨ ਦੁਰਗੀ ਨੂੰ ਪਸੰਦ ਨਹੀਂ ਕਰਦਾ। ਉਸਨੂੰ ਉੱਚੀ-ਲੰਮੀ ਕੱਦ-ਕਾਠ ਵਾਲੀ ਔਰਤ ਨਹੀਂ ਬਲਕਿ ਉਸਦੀ ਸੋਚ ਮੁਤਾਬਿਕ ਸ਼ਹਿਰੀ ਕਲਚਰ ਦੀ ਪੜ੍ਹੀ-ਲਿਖੀ ਕੁੜੀ ਚਾਹੀਦੀ ਹੈ। ਇਸ ਗੱਲ ਦਾ ਖੁਲਾਸਾ ਕਿੱਕਰ ਸਿੰਘ ਦੀ ਸੋਚ ਵਿੱਚੋਂ ਇਸ ਤਰ੍ਹਾਂ ਉਭਰਦਾ ਹੈ-

"ਕਿੱਕਰ ਸਿੰਘ ਨੂੰ ਯਕੀਨ ਸੀ ਕਿ ਜਾਗਰ ਨੇ ਸ਼ਹਿਰ ਵਿੱਚ ਕਿਸੇ ਨਾਲ ਗੂੜ੍ਹਾ ਟਾਂਕਾ ਜੋੜ ਰੱਖਿਆ ਹੋਇਆ ਹੈ। ਕੀ ਪਤਾ ਵਿਆਹ ਹੀ ਕਰ ਬੈਠਾ ਹੋਵੇ। ਤਾਂ ਹੀ ਤਾਂ ਸਾਲ-ਸਾਲ ਘਰ ਨਹੀਂ ਆਉਂਦਾ।... ਉਸਦਾ ਰਹਿਣ-ਸਹਿਣ ਬੋਲ-ਚਾਲ, ਰੰਗ-ਢੰਗ, ਸੋਚ-ਵਿਵਹਾਰ ਸਭ ਸ਼ਹਿਰੀ ਹੈ। ਪੇਂਡੂ ਕਲਚਰ ਜਾਂ ਜ਼ਮੀਨ ਨਾਲ ਉਸਨੂੰ ਨਾ ਕੋਈ ਮੋਹ ਵਾਸਤਾ ਹੈ ਤੇ ਨਾ ਖਿੱਚ।"[4]

ਸਥਿਤੀ ਅਤੇ ਹਾਲਾਤ ਤੋਂ ਜਾਣੂ ਕਿੱਕਰ ਸਿੰਘ ਸਭ ਸਮਝ ਜਾਂਦਾ ਹੈ ਪਰ ਆਗਿਆ ਦੇਵੀ ਸਮਝਦੀ ਹੋਈ ਵੀ ਅਣਜਾਣ ਬਣ ਜਾਂਦੀ ਹੈ। ਆਪਣੇ ਪੁੱਤਰ ਦੇ ਬੱਚਿਆਂ ਦੀ ਸਿਹਤਮੰਦ ਜ਼ਿੰਦਗੀ ਲਈ ਉਹ ਦੁਰਗੀ ਵਰਗੀ ਘੋੜੀ ਵਾਂਗ ਮਜ਼ਬੂਤ ਕੁੜੀ ਦੀ ਇੱਛਾ ਰੱਖਦੀ ਹੈ ਜੋ ਉਸਦੀ ਜ਼ਮੀਨ ਅਤੇ ਖੇਤੀਬਾੜੀ ਦੇ ਕੰਮਾਂ ਨੂੰ ਚੰਗੇ ਤਰੀਕੇ ਨਾਲ ਚਲਾ ਸਕੇ। ਇਸ ਗੱਲ ਦਾ ਜ਼ਿਕਰ ਕਰਦੀ ਹੋਈ ਉਹ ਕਿੱਕਰ ਸਿੰਘ ਨੂੰ ਕਹਿੰਦੀ ਹੈ-

"ਮੈਨੂੰ ਘਰ ਜ਼ਮੀਨ ਜਾਇਦਾਦ ਦੀ ਦੇਖਭਾਲ ਤੇ ਸਾਂਭ-ਸੰਭਾਲ ਕਰਨ ਵਾਲੀ ਘੋੜੀ ਵਰਗੀ ਔਰਤ ਚਾਹੀਦੀ ਹੈ ਜੋ ਅੱਗੇ ਘੋੜੇ ਵਰਗੇ ਜੁਆਕ ਹੀ ਜੰਮੇ ਨਾ ਕਿ ਚੂਜ਼ਿਆਂ ਵਰਗੇ ਦੌਲੇ ਸ਼ਾਹ ਦੇ ਚੂਹੇ।"[5]

ਦੁਰਗੀ ਨੂੰ ਦੇਵੀ ਦੁਰਗਾ ਦੇ ਸਰੂਪ ਅਤੇ ਗੁਣਾਂ ਨਾਲ ਇੱਕ-ਮਿਕ ਕਰਨਾ ਦੁਰਗੀ ਦੇ ਚਰਿੱਤਰ ਦੇ ਅਨੁਸਾਰੀ ਨਹੀਂ ਹੈ। ਦੁਰਗੀ ਆਪਣੇ ਉੱਤੇ ਹੋ ਰਹੇ ਅਨਿਆਂ ਨੂੰ ਦਬਾਉਂਦੀ ਹੋਈ ਆਪਣੇ ਪਤੀ ਜਾਂ ਸੱਸ ਨਾਲ ਕਿਸੇ ਕਿਸਮ ਦਾ ਵਿਦਰੋਹ ਨਹੀਂ ਕਰਦੀ। ਉਹ ਚੁਪਚਾਪ ਇੱਕ ਆਦਰਸ਼ ਪਤਨੀ ਅਤੇ ਨੂੰਹ ਵਾਂਗ ਆਪਣੇ ਨਾਲ ਹੋ ਰਹੇ ਅਨਿਆਂ ਨੂੰ ਸਹਿਨ ਕਰਦੀ ਹੈ। ਦੁਰਗੀ ਦੇ ਪੁੱਤਰ ਚੰਨਪ੍ਰੀਤ ਰਾਹੀਂ ਲੇਖਿਕਾ ਨੇ ਦੁਰਗੀ ਨੂੰ ਵਿਦਰੋਹੀ ਸੁਰ ਵਿੱਚ ਉਭਾਰਿਆ ਹੈ। ਕਾਹਣੀਕਾਰ ਨੇ ਦੁਰਗੀ ਦੀਆਂ ਅਗਲੀਆਂ ਵਿਦਹੋਰੀ ਸੁਰਾਂ ਦਾ ਸੰਕੇਤ ਚੰਨਪ੍ਰੀਤ ਦੁਆਰਾ ਆਪਣੀ ਮਾਂ ਨਾਲ ਹੋਏ ਅਨਿਆਂ ਦਾ ਬਦਲਾ ਅਤੇ ਆਪਣਾ ਹੱਕ ਕਾਨੂੰਨ ਦੀ ਸਹਾਇਤਾ ਨਾਲ ਲੈਣ ਵੱਲ ਇਸ਼ਾਰਾ ਕੀਤਾ ਹੈ-

"ਅਸੀਂ ਬੇਇਨਸਾਫ਼ੀਆਂ ਕਿਉਂ ਝੱਲੀਏ।... ਤੂੰ ਚੁੱਪ-ਚਾਪ ਇਹ ਜ਼ੁਲਮ ਕਿਉਂ ਸਹਿੰਦੀ ਆਈ ਹੈਂ? ਉੱਠ ਹੱਕ ਲਈ ਲੜ।... ਪਰ ਤੈਨੂੰ ਮੇਰਾ ਸਾਥ ਦੇਣਾ ਪਏਗਾ।"

ਦਿਆਂਗੀ ਪੁੱਤਰ... ਜ਼ਰੂਰ ਦਿਆਂਗੀ। ਅਗਰ ਮਰਦ ਨੀਚਤਾ ਤੇ ਉੱਤਰ ਆਏ ਤਾਂ ਔਰਤ ਉਸਨੂੰ ਹਰਾਉਣ ਲਈ ਉਸ ਤੋਂ ਵੀ ਹੇਠ ਨੀਚਤਾ ਤੇ ਉੱਤਰ ਵਾਰ ਕਰੇ ਤਾਂ ਇਹ ਗੁਨਾਹ ਨਹੀਂ ਤੇ ਨਾ ਹੀ ਸ਼ਰਮ ਹੈ। ਇਹ ਇਨਸਾਫ਼ ਹੈ। ਅਸੀਂ ਇਨਸਾਫ਼ ਲਈ ਲੜਾਂਗੇ।"[6]

ਭਾਰਤੀ ਸਮਾਜ ਵਿੱਚ ਮਰਦ ਲਈ ਨਾਜਾਇਜ਼ ਸੰਬੰਧ ਬਣਾਉਣਾ ਪ੍ਰਵਾਨਿਤ ਹੈ ਪਰ ਇਹੀ ਅਸੂਲ ਔਰਤ ਲਈ ਇੱਜ਼ਤ ਅਤੇ ਆਬਰੂ ਦਾ ਸੁਆਲ ਹੋ ਨਿਬੜਦੇ ਹਨ। ਜਾਗਰ ਸਿੰਘ ਬਿਨਾਂ ਕਿਸੇ ਨੂੰ ਦੱਸੇ ਦੁਰਗੀ ਨਾਲ ਵਿਆਇਆ ਹੋਇਆਂ ਵੀ ਦੂਸਰੀ ਕੁੜੀ ਨਾਲ ਵਿਆਹ ਕਰਵਾ ਕੇ ਗ਼ੈਰ-ਕਾਨੂੰਨੀ ਢੰਗ ਨਾਲ ਰਹਿੰਦਾ ਅਤੇ ਬੱਚੇ ਪੈਦਾ ਕਰਦਾ ਹੈ। ਦੁਰਗੀ ਦਾ ਆਪਣੇ ਸਹੁਰੇ ਨਾਲ ਨਾਜਾਇਜ਼ ਰਿਸ਼ਤਾ ਸਮਾਜ ਨੂੰ ਪ੍ਰਵਾਨ ਨਹੀਂ। ਇਸਦੀ ਸਜ਼ਾ ਵਜੋਂ ਉਸਨੂੰ ਸਾਰੀ ਜਾਇਦਾਦ ਤੋਂ ਬਰਖਾਸਤ ਕਰਕੇ ਕਿਸੇ ਬੇਕਾਰ ਵਸਤੂ ਵਾਂਗ ਪਈ ਰਹਿਣ ਦਾ ਹੁਕਮ ਸੁਣਾਇਆ ਜਾਂਦਾ ਹੈ। ਇੱਕ ਹੀ ਸਮਾਜ ਵਿੱਚ ਦੋ ਮਨੁੱਖਾਂ ਦੀਆਂ ਇੱਕੋ ਜਿਹੀਆਂ ਗ਼ਲਤੀਆਂ ਦੀ ਸਜ਼ਾ ਦਾ ਆਧਾਰ ਇੱਕ ਸਮਾਨ ਨਹੀਂ ਸਗੋਂ ਵੱਖੋ-ਵੱਖਰਾ ਹੈ। ਮਰਦ-ਪ੍ਰਧਾਨ ਸਮਾਜ ਵਿੱਚ ਭਾਰਤੀ ਨਾਰੀ ਨਾਲ ਹੋ ਹਰੇ ਅਨਿਆਂ ਦੀ ਇਸ ਤੋਂ ਵੱਡੀ ਮਿਸਾਲ ਨਹੀਂ ਵੇਖੀ ਜਾ ਸਕਦੀ। ਔਰਤ ਦੇ ਚਰਿੱਤਰ ਦੀ ਨੀਚਤਾ ਦੀ ਗ਼ਲਤੀ ਦਾ ਮਿਆਰ ਤਾਂ ਸਮਾਜ ਦੁਆਰਾ ਨਿਸਚਿਤ ਹੈ ਪਰ ਮਰਦ ਲਈ ਅਜਿਹੇ ਗੁਨਾਹ ਲਈ ਸਮਾਜਿਕ ਪੱਧਰ ’ਤੇ ਕੋਈ ਕਾਨੂੰਨ ਜਾਂ ਸਜ਼ਾ ਨਹੀਂ। ਦੁਰਗੀ ਨੂੰ ਆਪਣੀ ਹੋਂਦ ਦੀ ਖ਼ਾਤਰ ਅਜਿਹਾ ਕਦਮ ਮਜ਼ਬੂਰੀ ਵਿੱਚ ਉਠਾਉਣਾ ਪੈਂਦਾ ਹੈ ਪਰ ਜਾਗਰ ਲਈ ਅਜਿਹੀ ਕੋਈ ਮਜ਼ਬੂਰੀ ਨਹੀਂ। ਫਿਰ ਵੀ ਗੁਨਾਹਗਾਰ ਔਰਤ ਨੂੰ ਹੀ ਠਹਿਰਾਇਆ ਜਾਂਦਾ ਹੈ। ਕਹਾਣੀਕਾਰਾ ਭਾਰਤੀ ਮਰਦ-ਪ੍ਰਧਾਨ ਸਮਾਜ ਵਿੱਚ ਮਰਦ ਸੱਤਾ ਦੇ ਨਿਆਂ ਪ੍ਰਬੰਧ ’ਤੇ ਸੁਆਲੀਆ ਚਿੰਨ੍ਹ ਲਗਾਉਂਦੀ ਪ੍ਰਤੀਤ ਹੁੰਦੀ ਹੈ।

ਕਹਾਣੀ ਦੀ ਪਾਤਰ ਸ਼ਨਵਾ ਜੋ ਜਾਗਰ ਦੇ ਵਿਆਹੇ ਹੋਣ ’ਤੇ ਵੀ ਉਸ ਨਾਲ ਗ਼ੈਰ-ਕਾਨੂੰਨੀ ਵਿਆਹ ਕਰਵਾ ਕੇ ਚੰਗੀ ਜ਼ਿੰਦਗੀ ਬਤੀਤ ਕਰਦੀ ਹੈ। ਦੁਰਗੀ ਮਰਿਆਦਾ ਪੂਰਨ ਵਿਆਹੀ ਜਾਣ ’ਤੇ ਵੀ ਪਰਿਵਾਰਕ ਸੁੱਖ ਨਹੀਂ ਲੈ ਸਕਦੀ। ਇਨ੍ਹਾਂ ਦੋਵਾਂ ਔਰਤਾਂ ਲਈ ਵੀ ਸਮਾਜਿਕ ਨਿਆ-ਪ੍ਰਣਾਲੀ ਦਾ ਵਿਧਾਨ ਵੱਖੋ-ਵੱਖਰਾ ਹੈ। ਕਾਨੂੰਨੀ ਤੌਰ ’ਤੇ ਵਿਆਹੀ ਦੁਰਗੀ ਦਾ ਦੁਖਾਂਤ ਇਹ ਹੈ ਕਿ ਆਪਣੇ ਪਤੀ ਦੁਆਰਾ ਦੁਰਕਾਰੇ ਜਾਣ ’ਤੇ ਆਪਣੇ ਸਹੁਰੇ ਨਾਲ ਸਰੀਰਕ ਸੰਬੰਧ ਬਣਾ ਕੇ ਬੱਚੇ ਦੀ ਮਾਂ ਬਣ ਜਾਂਦੀ ਹੈ ਕਿਉਂਕਿ ਆਪਣੀ ਹੋਂਦ ਬਚਾਈ ਰੱਖਣ ਲਈ ਉਸ ਕੋਲ ਹੋਰ ਕੋਈ ਚਾਰਾ ਨਹੀਂ ਰਹਿੰਦਾ। ਪਤੀ ਦੇ ਮੂੰਹ ਫੇਰਨ ਤੋਂ ਬਾਅਦ ਜੇਕਰ ਉਹ ਸਹੁਰਾ ਘਰ ਛੱਡਦੀ ਹੈ ਤਾਂ ਉਸ ਲਈ ਹੋਰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਸਨ। ਇੱਕ ਵਿਆਹੀ ਲੜਕੀ ਦਾ ਆਪਣਾ ਸਹੁਰਾ ਪਰਿਵਾਰ ਛੱਡ ਕੇ ਪੇਕੇ ਰਹਿਣਾ ਉਸ ਲਈ ਹੋਰ ਵੀ ਜ਼ਿਆਦਾ ਮੁਸ਼ਕਲ ਹੋ ਸਕਦਾ ਸੀ। ਅਜਿਹੇ ਹਾਲਾਤਾਂ ਵਿੱਚ ਉਹ ਕਿਸੇ ਵੀ ਤਰ੍ਹਾਂ ਦੀ ਸਥਿਤੀ ਵਿੱਚ ਸਮਝੌਤਾ ਕਰਦੀ ਹੋਈ ਸਹੁਰੇ ਰਹਿਣਾ ਹੀ ਬਿਹਤਰ ਸਮਝਦੀ ਹੈ। ਉਸ ਉੱਤੇ ਕਈ ਤਰ੍ਹਾਂ ਦੇ ਫੈਸਲੇ ਥੋਪੇ ਜਾਂਦੇ ਹਨ ਜਿਨ੍ਹਾਂ ਨੂੰ ਨਾ ਚਾਹੁੰਦਿਆਂ ਹੋਇਆ ਵੀ ਉਸਨੂੰ ਮੰਨਣਾ ਪੈਂਦਾ ਹੈ। ਇਸ ਆਰਥਿਕ ਪੱਖੋਂ ਥੁੜੀ ਭਾਰਤੀ ਔਰਤ ਦੀ ਸਥਿਤੀ ਦਾ ਪੱਕਾ ਟਿਕਾਣਾ ਕਿੱਥੇ ਹੈ ਜਿੱਥੇ ਆਪਣੀ ਹੋਂਦ ਬਚਾਈ ਰੱਖੇ? ਆਪਣੇ ਆਪ ਵਿੱਚ ਇਹ ਇੱਕ ਵੱਡਾ ਮਸਲਾ ਹੈ। ਅਜਿਹੀ ਕਸ਼ਮਕਸ਼ ਵਿੱਚ ਫਸੀ ਦੁਰਗੀ ਸਮਾਜਿਕ ਪ੍ਰਬੰਧ ਤੋਂ ਨਿਰਾਸ਼ ਹੁੰਦੀ ਹੋਈ ਸੋਚਦੀ ਹੈ-

“ਜਿਸਨੇ ਮੇਰਾ ਤ੍ਰਿਸਕਾਰ ਕੀਤਾ, ਉਹ ਮੇਰਾ ਖਾਵੰਦ ਹੈ। ਜਿਸਨੇ ਜਾਣਬੁਝ ਕੇ ਮੈਨੂੰ ਆਪਣੇ ਘਰ ਤੇ ਖੇਤਾਂ ਲਈ ਕੁਰਬਾਨ ਕੀਤਾ ਉਹ ਮੇਰੀ ਸੱਸ ਹੈ। ਜਿਨ੍ਹਾਂ ਨੇ ਬਿਨਾਂ ਕੋਈ ਖੋਜ ਕੀਤੇ ਇਥੇ ਵਿਆਹ ਦਿੱਤਾ ਉਹ ਮੇਰੇ ਮਾਂ ਬਾਪ ਹਨ। ਇਹ ਸਾਰੇ ਮੇਰੀ ਬਰਬਾਦੀ ਦੇ ਹਿੱਸੇਦਾਰ ਹਨ। ਫਿਰ ਮੇਰਾ ਆਪਣਾ ਕੌਣ ਹੈ? ਵਾਪਿਸ ਜਾਏਂਗੀ ਤਾਂ ਕਿਸਦੇ ਕੋਲ? ਸਾਡੇ ਲੋਕਾਂ ਵਿਚ ਵਿਆਹੀ ਕੁੜੀ ਦਾ ਪੇਕੇ ਮੁੜ ਆਉਣਾ ਮਾਂ ਬਾਪ ਦੀ ਮੌਤ ਵਰਗੀ ਨਮੋਸ਼ੀ ਮੰਨਿਆ ਜਾਂਦਾ। ਕਿਵੇਂ ਜਾ ਸਕਾਂਗੀ ਮੁੜ ਉਸ ਵਿਹੜੇ, ਜਿਸ ਵਿਹੜੇ ’ਚੋਂ ਮੈਂ ਡੋਲੀ ਵਿੱਚ ਬੈਠ ਕੇ ਵਿਦਾ ਹੋਈ ਸਾਂ। ਕਿਵੇਂ ਨਜ਼ਰਾਂ ਮਿਲਾ ਸਕਾਂਗੀ ਮਾਂ, ਭਾਪੇ ਨਾਲ ਭਰਾ ਜ਼ਹਿਰੀਲੀਆਂ ਨਜ਼ਰਾਂ ਨਾਲ ਵਿੰਨ ਸੁਟਣਗੇ ਤੇ ਭਰਜਾਈਆਂ ਤਾਅਨਿਆਂ ਤੇ ਮਹਿਣਿਆਂ ਨਾਲ ਕਿੱਥੇ ਜਾਵਾਂ ਮੈ...।”[7]

ਦੁਰਗੀ ਦੀ ਸਥਿਤੀ 'ਅੱਗੇ ਸੱਪ ਅਤੇ ਪਿੱਛੇ ਸ਼ੀਹ' ਵਰਗੀ ਹੈ। ਭਾਰਤੀ ਸਮਾਜਿਕ ਪ੍ਰਬੰਧ ਵਿੱਚ ਇੱਕ ਕੁੜੀ ਦਾ ਪੇਕਾ ਘਰ ਉਸ ਲਈ ਉਦੋਂ ਤੱਕ ਹੈ ਜਦੋਂ ਤੱਕ ਉਸਦਾ ਵਿਆਹ ਨਹੀਂ ਹੁੰਦਾ। ਵਿਆਹੀ ਜਾਣ ਤੋਂ ਬਾਅਦ ਉਸਦੇ ਮਾਂ-ਬਾਪ ਦੇ ਘਰ ਦੇ ਦਰਵਾਜ਼ੇ ਉਸ ਲਈ ਇੱਕ ਟਿਕਾਣੇ ਵਜੋਂ ਰਹਿਣ ਲਈ ਬੰਦ ਹੋ ਜਾਂਦੇ ਹਨ। ਸਥਿਤੀ ਦਾ ਸੰਤਾਪ ਦੁਰਗੀ ਨੂੰ ਸਹੁਰੇ ਰਹਿਣ ਲਈ ਮਜ਼ਬੂਰ ਕਰਦਾ ਹੈ। ਜਦੋਂ ਉਸਦੀ ਸਹਿਣਸ਼ੀਲਤਾ ਦੀ ਹੱਦ ਖ਼ਤਮ ਹੋ ਜਾਂਦੀ ਹੈ ਤਾਂ ਉਹ ਅਜਿਹਾ ਫੈਸਲਾ ਲੈਂਦੀ ਹੈ ਜਿਸ ਵਿੱਚ ਉਸਦੀ ਆਦਰਸ਼ਵਾਦੀ ਬਣਾਵਟੀ ਜ਼ਿੰਦਗੀ ਦੀਆਂ ਸਾਰੀਆਂ ਮਰਿਆਦਾਵਾਂ ਸੜ ਕੇ ਸੁਆਹ ਹੋ ਜਾਂਦੀਆਂ ਹਨ। ਉਸਨੂੰ ਸਮਾਜ ਅਤੇ ਆਪਣੇ ਪਤੀ 'ਤੋਂ ਕਿਸੇ ਕਿਸਮ ਦੀ ਕੋਈ ਆਸ ਨਹੀਂ। ਇਸ ਲਈ ਹੀ ਉਹ ਸਮਝੌਤੇ ਵਜੋਂ ਆਪਣੇ ਸਹੁਰੇ ਕਿੱਕਰ ਸਿੰਘ ਨਾਲ ਜੁੜਨਾ ਬਿਹਤਰ ਸਮਝਦੀ ਹੈ। ਉਸ ਅੰਦਰ ਵੀ ਇੱਕ ਔਰਤ ਵਾਂਗ ਜ਼ਿੰਦਗੀ ਨੂੰ ਜੀਣ, ਮਾਣਨ ਅਤੇ ਸੱਜਣ-ਫੱਬਣ ਦੀਆਂ ਖ੍ਵਾਸ਼ਾਂ ਹਨ। ਆਪਣੇ ਅੰਦਰ ਮਰ ਰਹੀ ਔਰਤ ਦੇ ਚਾਵਾਂ ਦੀ ਅਪੂਰਤੀ ਦੇ ਸੰਤਾਪ ਨੂੰ ਭੋਗਦੀ ਭਾਵਨਾਂਵਾਂ ਦੇ ਵਹਿਣ ਵਿੱਚ ਵਹਿੰਦੀ ਹੋਈ ਉਹ ਸੋਚਦੀ ਹੈ-

"ਤਾਂ ਕੀ ਇਵੇਂ ਹੀ ਜੀਣਾ ਪਏਗਾ ਮੈਨੂੰ? ਮੈਂ ਇੱਕ ਭਰਪੂਰ ਔਰਤ ਹਾਂ। ਜਵਾਨ ਹਾਂ। ਮੇਰੇ ਦਿਲ ਵਿਚ ਰੀਝਾਂ ਨੇ ਖਾਣ-ਪੀਣ, ਲਾਣ-ਪਹਿਨਣ, ਸੱਜਣ-ਸੰਵਰਨ ਦੀਆਂ। ਖਾਹਿਸ਼ਾਂ ਕਿਸੇ ਆਪਣੇ ਦੀ ਬੁੱਕਲ ਵਿਚ ਕੋਸੇ ਸਾਹਾਂ ਦਾ ਸੇਕ ਮਾਨਣ ਦੀਆਂ ਰੀਝਾਂ ਦੇ ਭਖਦੇ ਭਾਂਬੜਾਂ ਤੇ ਵਰਸਦੇ ਸਾਵਣ ਦੇ ਬੱਦਲਾਂ ਦੀਆਂ ਮੈਂ ਇਨ੍ਹਾਂ ਖੇਤਾਂ ਵਿਚ ਲਹਿਲਹਾਂਦੀਆਂ ਫ਼ਸਲਾਂ ਪੈਦਾ ਕਰਦੀ ਹਾਂ ਪਰ ਆਪ ਕੀ ਮੈਂ ਇਕ ਬੰਜ਼ਰ ਬਣਕੇ ਰਹਿ ਜਾਵਾਂਗੀ?"[8]

ਦੁਰਗੀ ਦੀ ਸੋਚ ਕਈ ਤਰ੍ਹਾਂ ਦੇ ਸੁਆਲ ਖੜੇ ਕਰਦੀ ਹੈ। ਆਗਿਆ ਦੇਵੀ ਇੱਕ ਅਜਿਹੀ ਔਰਤ ਹੈ ਜੋ ਆਪਣੇ ਸੁਆਰਥ ਲਈ ਦੁਰਗੀ ਦੀ ਜ਼ਿੰਦਗੀ ਨੂੰ ਦਾਅ 'ਤੇ ਲਗਾ ਦਿੰਦੀ ਹੈ। ਉਹ ਦੁਰਗੀ ਨੂੰ ਨੂੰਹ ਦੇ ਰੂਪ ਵਿੱਚ ਨਹੀਂ ਇੱਕ ਤਕੜੇ ਸਰੀਰ ਵਾਲੀ ਮਜ਼ਬੂਤ ਜਾਨਵਰ (ਘੋੜੀ) ਦੇ ਰੂਪ ਵਿੱਚ ਪਰਵਾਨ ਕਰਦੀ ਹੈ। ਮਰਦ-ਪ੍ਰਧਾਨ ਸਮਾਜ ਦੀ ਸੋਚ ਦੇ ਦਬਾਅ ਹੇਠ ਉਹ ਦੁਰਗੀ ਤੋਂ ਅਜਿਹੇ ਪੋਤਰਿਆਂ ਦੀ ਆਸ ਕਰਦੀ ਹੈ ਜੋ ਉਸਦੇ ਕਾਰੋਬਾਰ ਤੇ ਆਮਦਨ ਨੂੰ ਵਧਾ ਸਕਦੇ ਹੋਣ। ਆਸ ਦੇ ਉਲਟ ਉਹ ਦੁਰਗੀ ਦੇ ਵਿਦਰੋਹੀ ਹੋ ਕੇ ਉਸ 'ਤੋਂ ਛੁਟਕਾਰਾ ਪਾਉਣ ਲਈ ਆਪਣੇ ਪੁੱਤਰ ਨੂੰ ਦੁਰਗੀ ਵਿਰੁੱਧ ਭੜਕਾਉਂਦੀ ਹੈ। ਦੁਰਗੀ ਦੇ ਮਾਂ ਬਣਨ ਤੋਂ ਬਾਅਦ ਆਗਿਆ ਮਾਈ ਜਾਣਦੀ ਹੈ ਕਿ ਦੁਰਗੀ ਦੀ ਕੁੱਖ ਵਿੱਚ ਪਲ ਰਿਹਾ ਬੱਚਾ ਉਸਦੇ ਪਤੀ ਦਾ ਹੈ ਪਰ ਦੁਰਗੀ ਨੂੰ ਇਸ ਗੱਲ ਦਾ ਕੋਈ ਪਛਤਾਵਾ ਨਹੀਂ। ਉਹ ਅਣਖ ਨਾਲ ਤੁਰਦੀ-ਫਿਰਦੀ ਵਿਚਰਦੀ ਹੈ। ਬੱਚੇ ਦੇ ਪੈਦਾ ਹੋਣ ਦੀ ਆਸ ਉਸ ਲਈ ਜ਼ਿੰਦਗੀ ਜੀਣ ਦਾ ਮਕਸਦ ਬਣਦਾ ਹੈ।

"ਜਾਗਰ ਚਲਾ ਗਿਆ ਵਾਪਸ ਸ਼ਹਿਰ ਤੇ ਦੁਰਗੀ ਮਾਣ ਨਾਲ ਸਿਰ ਉੱਚਾ ਕਰਕੇ ਪਿੰਡ ਵਿਚ ਤੁਰਨ ਲਗੀ। ਉਹ ਮਾਂ ਜੁ ਬਣਨ ਵਾਲੀ ਸੀ। ਖੇਤਾਂ ਦੇ ਵਾਰਿਸ ਦੀ ਮਾਂ।"[9]

ਦੁਰਗੀ ਦੇ ਆਸ ਦੇ ਮਹਿਲ ਉਦੋਂ ਢੇਰੀ ਹੋ ਜਾਂਦੇ ਹਨ ਜਦ ਸਭ ਕੁਝ ਉਸਦੀ ਉਮੀਦ ਦੇ ਉਲਟ ਹੋ ਜਾਂਦਾ ਹੈ। ਜਾਗਰ ਆਪਣੇ ਪਿਉ ਦੇ ਮਰਨ ਤੋਂ ਬਾਅਦ ਸਾਰੀ ਜ਼ਮੀਨ-ਜਾਇਦਾਦ 'ਤੇ ਆਪਣੇ ਹੱਕ ਦਾ ਦਾਵਾ ਕਰਨ ਦਾ ਐਲਾਨ ਕਰ ਦਿੰਦਾ ਹੈ। ਇਸ ਐਲਾਨ ਨਾਲ ਦੁਰਗੀ 'ਤੇ ਮੁਸੀਬਤਾਂ ਦੇ ਪਹਾੜ ਟੁੱਟ ਪੈਂਦੇ ਹਨ। ਉਸਨੂੰ ਸਮਝ ਨਹੀਂ ਆਉਂਦੀ ਕਿ ਅਜਿਹੀ ਸਥਿਤੀ ਵਿੱਚ ਉਹ ਕੀ ਕਰੇ। ਉਹ ਸੋਚਦੀ ਹੁੰਦੀ ਸੀ-

"ਜਾਗਰ ਸਿੰਘ ਨੇ ਸਾਰੀ ਉਮਰ ਘਰ ਵੱਲ ਮੂੰਹ ਨਹੀਂ ਕੀਤਾ, ਉਸਦੇ ਹੋਣ ਜਾਂ ਨਾ ਹੋਣ ਦਾ ਕੋਈ ਫ਼ਰਕ ਹੀ ਨਹੀਂ ਪੈਣਾ ਤੇ ਮਲਕੀਅਤ ਉਸਦੇ ਪੁੱਤਰ ਦੀ ਹੋਵੇਗੀ। ਉਨ੍ਹਾਂ ਖੇਤਾਂ ਉੱਤੇ ਜਿਨ੍ਹਾਂ ਖੇਤਾਂ

ਦੀ ਮਿੱਟੀ ਵਿੱਚ ਉਸਨੇ ਆਪਣੀ ਜਵਾਨੀ ਆਪਣੀਆਂ ਰੀਝਾਂ, ਸੁਪਨੇ ਤੇ ਖਾਹਿਸ਼ਾਂ ਮੁੜਕੇ ਦੇ ਰੂਪ ਵਿੱਚ ਵਹਾਈਆਂ ਹਨ। ਉਨਾਂ ਰੀਝਾਂ ਦੇ ਇਕ ਬੂਟੇ ਉੱਤੇ ਚੰਨਪ੍ਰੀਤ ਵਰਗਾ ਫ਼ਲ ਤਾਂ ਜ਼ਰੂਰ ਲੱਗਾ ਪਰ ਬਾਕੀ ਸਾਰੀਆਂ ਉਸਦੀਆਂ ਸਧਰਾਂ ਦੀ ਕਬਰਗਾਹ ਸਨ।"[10]

ਦੁਰਗੀ ਦੀ ਸਚਾਈ ਦਾ ਪਤਾ ਲੱਗਣ 'ਤੇ ਉਸਦਾ ਬਿਰਧ ਬਾਪ ਆਪਣੀ ਧੀ 'ਤੇ ਲੱਗੇ ਇਲਜ਼ਾਮਾਂ ਨੂੰ ਨਾ ਸਹਾਰਦਾ ਹੋਇਆ ਦੁਰਗੀ ਦੀ ਇੱਜ਼ਤ ਬਚਾਉਣ ਲਈ ਆਪ ਬੇਇੱਜ਼ਤ ਹੁੰਦਾ ਹੈ। ਪਰ ਉਸਦੀ ਕੋਈ ਵੀ ਸੁਣਵਾਈ ਨਹੀਂ ਹੁੰਦੀ। ਔਰਤ ਦੀ ਬਦਨਾਮੀ ਦਾ ਮਸਲਾ ਉਸਦੇ ਪਿਤਾ ਲਈ ਇੱਕ ਅਸਹਿ ਪੀੜ ਹੈ। ਆਪ ਬੇਇੱਜ਼ਤ ਹੋ ਕੇ ਵੀ ਉਹ ਆਪਣੀ ਧੀ ਦੀ ਇੱਜ਼ਤ ਅਤੇ ਵਸੇਬੇ ਦੀ ਪਰਵਾਹ ਵਿੱਚ ਹੈ। ਕਹਾਣੀਕਾਰਾ ਨੇ ਇਸ ਦ੍ਰਿਸ਼ ਦੇ ਕਰੁਣਾਮਈ ਪੱਖ ਨੂੰ ਇਸ ਤਰ੍ਹਾਂ ਬਿਆਨਿਆ ਹੈ-

"ਦੁਰਗੀ ਦਾ ਬਿਰਧ ਪਿਤਾ ਸਿਰ ਢਿੱਲੀ ਪੱਗ ਹੱਥ ਵਿਚ ਫੜਕੇ ਆ ਪੁਜਾ। ਅਖ਼ੀਰ ਫੈਸਲਾ ਹੋਇਆ ਕਿ ਦੁਰਗੀ ਨੂੰ ਹੁਣ ਇਸ ਉਮਰ ਵਿੱਚ ਖਲਾਸੀ ਦੇਣ ਦੀ ਥਾਂ ਘਰ ਦੇ ਇੱਕ ਪਾਸੇ ਵੱਖਰਾ ਕਮਰਾ ਦੇ ਦਿੱਤਾ ਜਾਵੇ ਜਿਥੇ ਪੁੱਤਰ ਨਾਲ ਰਹੇਗੀ ਤੇ ਘਰ ਦੀ ਕਿਸੇ ਵੀ ਚੀਜ਼ ਜਾਂ ਜ਼ਮੀਨ ਜਾਇਦਾਦ 'ਤੇ ਉਸਦਾ ਕੋਈ ਹੱਕ ਨਹੀਂ ਹੋਵੇਗਾ।"[11]

ਲੇਖਿਕਾ ਸਾਡੇ ਸਾਹਮਣੇ ਭਾਰਤੀ ਨਾਰੀ ਦੀ ਅਜਿਹੀ ਤ੍ਰਾਂਸਦਿਕ ਸਥਿਤੀ ਬਿਆਨ ਕਰਦੀ ਹੈ ਜੋ ਉਸਦੀ ਹੋਂਦ ਨੂੰ ਸੁਰੱਖਿਅਤ ਰੱਖਣ ਵਿੱਚੋਂ ਪੈਦਾ ਹੁੰਦੀ ਹੈ। ਕਿਸੇ ਸਮੇਂ ਦੁਰਗੀ ਵਿੱਚ ਨਦੀ ਦੇ ਵਹਾਅ ਵਾਂਗ ਅੱਗੇ ਵਧਣ ਦਾ ਜ਼ੋਰ ਅਤੇ ਅਸੀਮ ਸਮਰੱਥਾ ਸੀ। ਜਦ ਉਸਨੂੰ ਫਾਲਤੂ ਚੀਜ਼ ਵਾਂਗ ਘਰ ਦੇ ਕਿਸੇ ਇੱਕ ਕੋਨੇ ਵਿੱਚ ਬੇਲੋੜੀ ਵਸਤੂ ਵਾਂਗ ਸੁੱਟ ਦਿੱਤਾ ਜਾਂਦਾ ਹੈ ਉਸ ਅੰਦਰ ਜੀਣ ਦੀਆਂ ਖ੍ਵਾਹਿਸ਼ਾਂ ਸੁੰਗੜ ਜਾਂਦੀਆਂ ਹਨ। ਕਹਾਣੀ ਦਾ ਥੀਮ ਭਾਰਤੀ ਔਰਤ ਦੀ ਅਜਿਹੀ ਤਸਵੀਰ ਸਾਹਮਣੇ ਲਿਆਉਂਦਾ ਹੈ ਜਿਸ ਵਿੱਚ ਉਸਦਾ ਕਿਸੇ ਕਿਸਮ ਦਾ ਕੋਈ ਦੋਸ਼ ਨਾ ਹੁੰਦਿਆਂ ਹੋਇਆਂ ਵੀ ਉਸਨੂੰ ਉਸਦੀ ਸਜ਼ਾ ਦਾ ਭਾਗੀਦਾਰ ਬਣਨਾ ਪੈਂਦਾ ਹੈ। ਹੋਂਦ ਦੀ ਪਹਿਚਾਣ ਅਤੇ ਜੀਣ ਦੀ ਚਾਹਤ ਹਰੇਕ ਸਮਾਜਿਕ ਮਨੁੱਖ ਵਿੱਚ ਬਰਾਬਰ ਹੈ। ਇਨ੍ਹਾਂ ਦੋਵਾਂ ਵਿੱਚੋਂ ਕਿਸੇ ਇੱਕ ਦੀ ਅਣਹੋਂਦ ਦੁਖਦਾਇਕ ਸਾਬਤ ਹੁੰਦੀ ਹੈ। ਦੁਰਗੀ ਵਿੱਚ ਦੁਰਗਾ ਵਰਗਾ ਜੋਸ਼ ਅਤੇ ਸਮਰਥਾ ਉਸ ਵਕਤ ਢੇਰੀ ਹੋ ਜਾਂਦੇ ਹਨ ਜਦੋਂ ਉਸ ਨਾਲ ਸਮਾਜਿਕ ਨਿਆਂ ਨਹੀਂ ਹੁੰਦਾ। ਇੱਕ ਤੇਜ਼ ਨਦੀ ਦੇ ਵਹਾਅ ਵਰਗੀ ਦੁਰਗੀ ਉਸ ਵਕਤ ਰੇਤ ਦੀ ਢੇਰੀ ਬਣ ਜਾਂਦੀ ਹੈ ਜਦੋਂ ਉਸਦੀਆਂ ਸਾਰੀਆਂ ਉਮੀਦਾਂ ਟੁੱਟ ਜਾਂਦੀਆਂ ਹਨ।

ਕਹਾਣੀਕਾਰਾ ਦੇ ਕਹਾਣੀ ਬਿਰਤਾਂਤ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਆਪਣੀ ਕਹਾਣੀ ਵਿੱਚ ਪੇਸ਼ ਔਰਤ ਨੂੰ ਬੇਸਹਾਰਾ ਅਤੇ ਤਰਸ ਦੀ ਪਾਤਰ ਨਹੀਂ ਬਣਾਉਂਦੀ ਸਗੋਂ ਹਰ ਮੁਸ਼ਕਲ ਹਾਲਾਤ ਵਿੱਚ ਵੀ ਉਸ ਅੰਦਰ ਕਿਸੇ ਆਸ-ਉਮੀਦ ਰਾਹੀਂ ਜੀਣ ਦੀ ਮੁੜ ਇੱਛਾ ਪੈਦਾ ਕਰਕੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਾ ਕੇ, ਅੱਗੇ ਵਧਣ ਲਈ ਸਮਾਜ ਦੇ ਹਰ ਅਨਿਆਂ ਨਾਲ ਲੜਨ ਦੀ ਪ੍ਰੇਰਨਾ ਦਿੰਦੀ ਹੈ। ਦੁਰਗੀ ਦਾ ਪ੍ਰੇਰਨਾ ਸ੍ਰੋਤ ਉਸਦਾ ਪੁੱਤਰ ਬਣਦਾ ਹੈ। ਇਹ ਨਵੇਂ ਸਮਾਜ ਦੀ ਪੈਦਾਵਾਰ ਹੋਣ ਕਰਕੇ ਹਰ ਤਰ੍ਹਾਂ ਦੇ ਕਾਨੂੰਨ ਤੋਂ ਜਾਣੂ ਹੈ। ਪੁੱਤਰ ਦੀਆਂ ਤਰਕ ਭਰਪੂਰ ਦਲੀਲਾਂ ਦੁਰਗੀ ਅੰਦਰ ਨਵੇਂ ਉਤਸ਼ਾਹ ਅਤੇ ਉਮੀਦ ਨੂੰ ਜਨਮ ਦਿੰਦੀਆਂ ਹਨ। ਇਸ ਤਰ੍ਹਾਂ ਲੇਖਿਕਾ ਦੁਰਗੀ ਦੇ ਘੜੇ-ਘੜਾਏ ਪਰੰਪਰਾਗਤ ਆਦਰਸ਼ਵਾਦੀ ਬਿੰਬ ਨੂੰ ਤੋੜਦੀ ਹੋਈ ਇੱਕ ਨਵੇਂ ਰੂਪ ਵਿੱਚ ਕ੍ਰਾਂਤੀਕਾਰੀ ਔਰਤ ਵਜੋਂ ਪੇਸ਼ ਕਰਦੀ ਪ੍ਰਤੀਤ ਹੁੰਦੀ ਹੈ। ਇਹ ਉਹ ਔਰਤ ਹੈ ਜੋ ਆਪਣੇ ਹੱਕਾਂ ਪ੍ਰਤੀ ਸੁਚੇਤ ਅਤੇ ਸਮਾਜ ਦੇ ਹਰ ਅਨਿਆਂ ਦਾ ਸਾਹਮਣਾ ਕਰਨ ਲਈ ਤਿਆਰ ਹੈ। ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵਿੱਚ ਘਿਰੀ ਔਰਤ ਲਈ ਇਹ ਕਹਾਣੀ ਇੱਕ ਰਾਹ ਦਸੇਰੀ ਅਤੇ ਪ੍ਰੇਰਨਾਦਾਇਕ ਸਾਧਨ ਦੇ ਸ੍ਰੋਤ ਵਜੋਂ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ।

## ਹਵਾਲੇ


1. ਨਵਜੋਤ ਕੌਰ, ਸੁਰਿੰਦਰ ਨੀਰ ਦੀਆਂ ਕਹਾਣੀਆਂ : ਇਸਤਰੀ ਪਾਤਰ ਵਿਧਾਨ, ਆਬਰੂ, ਜੁਲਾਈ-ਅਕਤੂਬਰ 2020, ਪੰਨਾ 58 (ਉਦਰਿਤ)
2. ਸੁਰਿੰਦਰ ਨੀਰ, ਨਦੀ ਜੋ ਰੇਤ ਹੋ ਗਈ, ਆਬਰੂ, ਅਕਤੂਬਰ-ਦਸੰਬਰ 2018, ਪੰਨਾ 11
3. ਓਹੀ
4. ਓਹੀ
5. ਓਹੀ, ਪੰਨਾ 15
6. ਓਹੀ, ਪੰਨਾ 13
7. ਓਹੀ
8. ਓਹੀ
9. ਓਹੀ, ਪੰਨਾ 14
10. ਓਹੀ
11. ਓਹੀ, 15



**ਅਮਾਨਤ ਮਸੀਹ,**

**ਅਸਿਸਟੈਂਟ ਪ੍ਰੋਫ਼ੈਸਰ,**

**ਜੀ.ਐੱਨ.ਡੀ. ਕਾਲਜ, ਵੇਰਕਾ (ਅੰਮ੍ਰਿਤਸਰ)**

**ਮੋ: 9915325505**

# 'ਰਿਆਸਤੀ ਆਧੁਨਿਕ ਪੰਜਾਬੀ ਸਾਹਿਤ ਦੇ ਮੀਲ ਪੱਥਰ': ਇੱਕ ਜਾਇਜ਼ਾ

❑ ਜੰਗ. ਐਸ. ਵਰਮਨ

ਸਾਹਿਤ ਅਤੇ ਸਾਹਿਤੱਕ ਗਤੀਵਿੱਧੀਆਂ ਕਿਸੇ ਵੀ ਜ਼ਮਾਨੇ ਦੇ ਸਮਾਜ ਨੂੰ ਸਮਝਣ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ। ਇਹ ਕਿਸੇ ਜ਼ਮਾਨੇ ਦੇ ਲੋਕਾਂ ਦੀ ਸੋਚ, ਮਾਨਸਿਕਤਾ, ਕਦਰਾਂ, ਵਿਸ਼ਵਾਸ, ਜੀਵਨ-ਸ਼ੈਲੀ, ਸੱਭਿਆਚਾਰ, ਅਤੇ ਇਤਿਹਾਸਕ, ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਪਹਿਲੂਆਂ ਬਾਰੇ ਪਹਿਚਾਨ ਕਰਾ ਜਾਂਦਾ ਹੈ। ਕਿਸੇ ਜ਼ਮਾਨੇ ਦੇ ਸਾਹਿਤ ਤੋਂ ਉਸ ਜ਼ਮਾਨੇ ਦੀ ਸਮਾਜ ਦੀ ਦਸ਼ਾ ਅਤੇ ਦਿਸ਼ਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਕਿਹਾ ਜਾਵੇ ਤਾਂ ਸਾਹਿਤ ਆਪਣੇ ਜ਼ਮਾਨੇ ਦਾ ਦਰਪਣ ਹੁੰਦਾ ਹੈ। ਸਾਹਿਤ ਦੁਆਰਾ ਹੀ ਕਿਸੇ ਵਕਤ ਵਿੱਚ ਹੋ ਰਹੀਆਂ ਤਬਦੀਲੀਆਂ ਅਤੇ ਉਤਰਾਵਾਂ-ਚੜ੍ਹਾਵਾਂ ਨੂੰ ਸਮਝਨ ਵਿੱਚ ਮਦਦ ਮਿਲਦੀ ਹੈ। ਇਹ ਸਾਹਿਤ ਹੀ ਹੈ ਜਿਸਦੇ ਦੁਆਰਾ ਸਿਆਣਿਆਂ ਦੇ ਵਿਚਾਰ ਅਤੇ ਗੱਲਾਂ ਸਾਡੇ ਤੱਕ ਪਹੁੰਚਦੀਆਂ ਹਨ ਅਤੇ ਸਾਨੂੰ ਉਨ੍ਹਾਂ ਦੀ ਬਖ਼ਸ਼ੀ ਹੋਈ ਰੌਸ਼ਨੀ ਵਿੱਚ ਜੀਵਨ ਨੂੰ ਦੇਖਣ-ਸਮਝਣ ਦਾ ਮੌਕਾ ਮਿਲਦਾ ਹੈ ਅਤੇ ਨਵੇਂ ਤਰੀਕੇ ਨਾਲ ਜ਼ਿੰਦਗੀ ਜਿਉਣ ਦਾ ਢੰਗ ਵੀ ਸੁੱਝਦਾ ਹੈ। ਸਾਹਿਤ ਦੁਆਰਾ ਸਮਾਜ ਨਾਲ ਜੁੜੇ ਪਹਿਲੂਆਂ ਨੂੰ ਸਮਝ ਕੇ ਦੇਸ਼ ਦੇ ਵਿਕਾਸ ਵਿੱਚ ਸਕਾਰਾਤਮਿਕ ਯੋਗਦਾਨ ਪਾਇਆ ਜਾ ਸਕਦਾ ਹੈ। ਇਸਦੇ ਨਾਲ ਹੀ ਸਾਹਿਤ ਅਤੇ ਸਾਹਿਤਕਾਰਾਂ ਉੱਤੇ ਖੋਜ ਕਰਕੇ ਸਾਹਿਤ ਦੀਆਂ ਗਹਿਰਾਈਆਂ ਨੂੰ ਮਾਪਣ ਦੀ, ਅਤੇ ਆਉਂਦੀਆਂ ਪੀੜ੍ਹੀਆਂ ਤੱਕ ਉਸ ਨੂੰ ਪਹੁੰਚਾਉਣ ਦੀ ਲੋੜ ਹੁੰਦੀ ਹੈ।

ਸ੍ਰ. ਦੇਵਿੰਦਰ ਸਿੰਘ ਵਿਸ਼ਵਨਾਗਰਕ ਦੁਆਰਾ ਲਿਖੀ ਪੁਸਤਕ 'ਰਿਆਸਤੀ ਆਧੁਨਿਕ ਪੰਜਾਬੀ ਸਾਹਿਤ ਦੇ ਮੀਲ ਪੱਥਰ' (ਭਾਗ-ਪਹਿਲਾ), ਪੰਜਾਬੀ ਸਾਹਿਤ ਨੂੰ ਇੱਕ ਅਦਭੁੱਤ ਦੇਣ ਹੈ ਜੋ ਕਿ ਜੰਮੂ ਦੇ ਪੰਜਾਬੀ ਸਾਹਿਤਕਾਰਾਂ ਦੇ ਵੱਖ-ਵੱਖ ਖੇਤਰਾਂ ਵਿੱਚ ਪਾਏ ਹੋਏ ਯੋਗਦਾਨ ਅਤੇ ਦੂਸਰੇ ਪਹਿਲੂਆਂ ਬਾਰੇ ਖੁੱਲੀ ਰੌਸ਼ਨੀ ਪਾਉਂਦੀ ਹੈ। ਇਸ ਪੁਸਤਕ ਦਾ ਪਹਿਲਾ ਭਾਗ ਕਹਿ ਦੇਣਾ ਇਸ ਗੱਲ ਦਾ ਅਹਿਸਾਸ ਕਰਾਉਂਦਾ ਹੈ ਕਿ ਇਸ ਪੁਸਤਕ ਦੇ ਹੋਰ ਵੀ ਭਾਗ ਸਾਹਮਣੇ ਆਉਣਗੇ। ਪੁਸਤਕ ਵਿੱਚ ਪੰਜ ਸਾਹਿਤਕਾਰਾਂ ਅਤੇ ਪੰਜਾਬੀ ਲੇਖਕ ਸਭਾ (ਰਜਿ.), ਜੰਮੂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਹੈ। ਪੁਸਤਕ ਵਿੱਚ ਦਰਜ ਕੀਤੇ ਗਏ ਸਾਹਿਤਕਾਰਾਂ ਵਿੱਚ ਜ਼ਿਆਦਾਤਰ ਉਹ ਸਾਹਿਤਕਾਰ ਹਨ ਜਿਨ੍ਹਾਂ ਨਾਲ ਦੇਵਿੰਦਰ ਸਿੰਘ ਵਿਸ਼ਵਨਾਗਰਕ ਦੇ ਵਿਅਕਤੀਗਤ ਸੰਬੰਧ ਸਨ ਅਤੇ ਉਨ੍ਹਾਂ ਨਾਲ ਦੇਵਿੰਦਰ ਸਿੰਘ ਨੇ ਬਹੁਤ ਸਾਰੀਆਂ ਸਾਹਿਤਕ ਅਤੇ ਗ਼ੈਰ-ਸਾਹਿਤੱਕ ਗਤੀਵਿਧਿਆਂ ਸਾਂਝਾ ਕੀਤੀਆਂ ਹੋਈਆਂ ਹਨ। ਇਸ ਕਰਕੇ ਉਨ੍ਹਾਂ ਬਾਰੇ ਜਾਣਕਾਰੀ ਲੇਖਕ ਦਿਆਰਾ ਬੜੀ ਬਾਰੀਕੀ ਨਾਲ ਦਰਸਾਈ ਗਈ ਹੈ। ਪੁਸਤਕ ਵਿੱਚ ਸ਼ਾਮਿਲ ਲੇਖਾਂ ਵਿੱਚ ਉਨ੍ਹਾਂ ਸਾਹਿਤਕਾਰਾਂ ਦੀਆਂ ਜ਼ਿੰਦਗੀ ਨਾਲ ਜੁੜੀਆਂ ਘਟਨਾਵਾਂ ਦਾ ਬੇ-ਬਾਕ ਜ਼ਿਕਰ ਮਿਲਦਾ ਹੈ। ਸਾਹਿਤ ਦੀ ਰਚਨਾ ਹੋਣ ਕਰਕੇ ਜ਼ਿਆਦਾ ਮੁੱਦੇ ਸਾਹਿਤ ਨਾਲ ਜੁੜੀਆਂ ਗੱਲਾਂ ਨਾਲ ਸੰਬੰਧਤ ਹਨ ਪਰ ਉਨ੍ਹਾਂ ਸਾਹਿਤਕਾਰਾਂ ਦੇ ਹੋਰ ਖੇਤਰਾਂ ਜਿਵੇਂ ਸਮਾਜਿਕ, ਧਾਰਮਿਕ ਅਤੇ ਲੋਕਾਂ ਨਾਲ ਆਪਸੀ ਸੰਬੰਧ ਆਦਿ ਦਾ ਜ਼ਿਕਰ ਵੀ ਪੂਰੇ ਜਾਂ ਖੁੱਲੇ ਵੇਰਵੇ ਨਾਲ ਕੀਤਾ ਹੈ। ਉਨ੍ਹਾਂ ਦੀ ਪੈਦਾਇਸ਼ ਤੋਂ ਲੈ ਕੇ ਉਨ੍ਹਾਂ ਦਾ ਪਿਛੋਕੜ, ਪੜ੍ਹਾਈ-

ਲਿਖਾਈ, ਕੰਮਕਾਰ, ਸਮਾਜੀ ਕੰਮ, ਅਤੇ ਹੋਰ ਜਾਣਕਾਰੀਆ, ਉਨ੍ਹਾਂ ਦੀ ਦਿੱਖ ਅਤੇ ਉਨ੍ਹਾਂ ਬਾਰੇ ਖਿੱਚੇ ਗਏ ਰੇਖਾ ਚਿੱਤਰ ਆਦਿ ਨੂੰ ਦੇਵਿੰਦਰ ਸਿੰਘ ਵਿਸ਼ਵਨਾਗਰਕ ਨੇ ਆਪਣੇ ਲੇਖਾਂ ਵਿੱਚ ਖੁੱਲੀ ਥਾਂ ਦਿੱਤੀ ਹੈ।

ਦੇਵਿੰਦਰ ਸਿੰਘ ਵਿਸ਼ਵਨਾਗਰਕ ਇੱਕ ਅਨੁਭਵੀ ਲੇਖਕ ਹਨ ਅਤੇ ਬੜੇ ਚਿਰ ਤੋਂ ਲਿਖਦੇ ਆ ਰਹੇ ਲਿਖਾਰੀ ਹਨ ਜਿਨ੍ਹਾਂ ਨੇ ਜੰਮੂ ਵਿੱਚ ਲਿਖੇ ਜਾ ਰਹੇ ਪੰਜਾਬੀ ਸਾਹਿਤ ਵਿੱਚ ਇੱਕ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਦੁਆਰਾ ਰਚਿਤ ਅੱਠ ਪੁਸਤਕਾਂ- ਪੋਹ ਦੀ ਪੁੰਨਿਆਂ (ਨਾਟਕ-ਸੰਗ੍ਰਹਿ), ੧੯੮੪, ਪੁੱਨਰ ਸੰਗਠਨ (ਕਾਵਿ-ਸੰਗ੍ਰਹਿ), ੧੯੮੭, ਅਤੀਤ ਇੱਕ ਦਰਪਣ (ਨਾਟਕ-ਸੰਗ੍ਰਹਿ), ੧੯੮੮, ਉਲਟੀ ਵਾੜ (ਨਾਟਕ-ਸੰਗ੍ਰਿਹ), ੧੯੮੮, ਕਾਹਦੇ ਨਿਸ਼ਾਨ (ਨਾਟਕ-ਸੰਗ੍ਰਿਹ), ੧੯੯੦, ਇੱਜ਼ਤ ਦਾ ਸਵਾਲ ਅਤੇ ਹੋਰ ਨਾਟਕ, ੨੦੧੧, ਉਲਟੀ ਵਾੜ ਤੇ ਹੋਰ ਨਾਟਕ, ੨੦੧੧, ਸ਼ਬਦ-ਸ਼ਬਦ ਜ਼ਿੰਦਗੀ (ਕਾਵਿ-ਸੰਗ੍ਰਿਹ), ੨੦੧੩ ਛਪ ਚੁੱਕੀਆਂ ਹਨ। ਇੱਕ ਪੁਸਤਕ ਆਪਣਾ ਘਰ, ਆਪਣੀ ਜ਼ਮੀਨ (ਨਾਟਕ-ਸੰਗ੍ਰਿਹ) ਛਪਣ ਲਈ ਤਿਆਰ ਹੈ। ਆਪਣੇ ਜੀਵਨ ਵਿੱਚ ਉਹ ਪੱਤਰਕਾਰਤਾ ਨਾਲ ਜੁੜੇ ਰਹੇ ਅਤੇ ਕਈ ਸਾਲ ਇੱਕ ਪੰਜਾਬੀ ਅਖ਼ਬਾਰ ਦੇ ਸੰਪਾਦਕ ਲਈ ਲਿਖਦੇ ਰਹੇ।

'ਰਿਆਸਤੀ ਅਧੁਨਿਕ ਪੰਜਾਬੀ ਸਾਹਿਤ ਦੇ ਮੀਲ ਪੱਥਰ' (ਭਾਗ-ਪਹਿਲਾ) ਪੁਸਤਕ ਵਿੱਚ ਵੜਦਿਆਂ ਹੀ ਵਿਸ਼ਵਨਾਗਰਕ ਦੀ ਬੇ-ਬਾਕ ਲੇਖਣੀ ਦੇ ਦਰਸ਼ਨ ਹੋ ਜਾਂਦੇ ਹਨ। ਆਪਣੇ ਆਰੰਭਕ ਸ਼ਬਦ ਵਿੱਚ ਉਹ ਪੰਜਾਬੀ ਸਾਹਿਤ ਅਕਾਦਮੀ ਤੋ ਪ੍ਰਕਾਸ਼ਿਤ ਪਤ੍ਰਿਕਾ 'ਆਲੋਚਨਾ' ਦੇ ਅੰਕ ੨੨੪ ਵਿੱਚ ਛਪੇ ਸੰਪਾਦਕ ਦੀ ਇਸ ਗੱਲ ਨਾਲ ਸਹਿਮਤ ਨਹੀ ਹੁੰਦੇ ਕਿ ਜੰਮੂ-ਕਸ਼ਮੀਰ ਦੇ ਪੰਜਾਬੀ ਸਾਹਿਤ ਦੀ ਪੈੜ ੧੭ਵੀਂ ਸਦੀ ਦੇ ਅੰਤਲੇ ਵਰ੍ਹਿਆਂ ਵਿੱਚ ਹੋਈ। ਉਨ੍ਹਾਂ ਦਾ ਮੰਨਣਾ ਹੈ ਕਿ ਇੱਥੋਂ ਦੇ ਅਮੀਰ ਲੋਕ-ਸਾਹਿਤ, ਲੋਕ-ਕਹਾਣੀਆਂ, ਲੋਕ-ਗੀਤ ਅਤੇ ਦੰਦ-ਕਥਾਵਾਂ ਚੌਧ੍ਹਵੀਂ, ਪੰਦਰ੍ਹਵੀਂ ਸਦੀ ਦੀਆਂ ਰਾਜਸੀ ਅਤੇ ਸਮਾਜੀ ਹਾਲਤਾਂ ਦੀਆਂ ਗੱਲਾਂ ਵੀ ਕਰਦੀਆਂ ਹਨ। ਇੱਥੇ ਉਹ ਸਰਕਾਰੀ ਅਤੇ ਗ਼ੈਰ-ਸਰਕਾਰੀ ਅਦਾਰਿਆਂ ਨੂੰ ਵੀ ਲਪੇਟੇ ਵਿੱਚ ਲੈਂਦੇ ਹਨ ਜਦੋਂ ਉਹ ਕਹਿੰਦੇ ਹਨ ਕਿ ਇਸ ਵਿਸ਼ੇ 'ਤੇ ਕਿਸੇ ਸਰਕਾਰੀ ਜਾਂਗ਼ੈਰ-ਸਰਕਾਰੀ ਅਦਾਰਿਆਂ ਵੱਲੋਂ ਕੋਈ ਖੋਜ ਕਾਰਜ ਨਹੀਂ ਹੋਇਆ... ।

ਆਪਣੇ ਇਸ ਤਰਕ ਨੂੰ ਉਹ ਗਿਆਨੀ ਬੁੱਧ ਸਿੰਘ ਦੀ ਲਿਖੀ ਕਿਤਾਬ 'ਗੁੱਝੇ ਹੀਰੇ' ਰਾਹੀ ਸਹੀ ਕਰਦਾ ਹੈ, ਜੋ ੧੯੨੭ ਵਿੱਚ ਪ੍ਰਕਾਸ਼ਿਤ ਹੋਈ ਸੀ। ਉਸ ਕਿਤਾਬ ਵਿੱਚ ਲੇਖਕ ਇੱਕ ਪੰਜਾਬੀ ਕਵੀ ਕਰਮ ਸਿੰਘ ਦੀ ਨਿਸ਼ਾਨਦੇਹੀ ਕਰਦਾ ਹੈ, ਜਿਸਦਾ ਜਨਮ ਇੱਕ ਅਨੁਮਾਨ ਅਨੁਸਾਰ ੧੬੮੦-੧੬੯੦ ਈ. ਵਿੱਚ ਹੋਇਆ ਸੀ। ਇਹ ਪੋਥੀ ਉਨ੍ਹਾਂ ਨੇ ਪਿੰਡ ਚੌਕੀ, ਤਹਿਸੀਲ ਬਾਗ਼ ਦੇ ਰਹਿਣ ਵਾਲੇ ਸ੍ਰ. ਜੋਧ ਸਿੰਘ ਕੋਲ ਦੇਖੀ ਸੀ। ਇਸ ਵਿੱਚ ਜਿਸ ਕਵਿਤਾ ਦਾ ਉਸਨੇ ਜ਼ਿਕਰ ਕੀਤਾ ਹੈ ਉਸ ਵਿੱਚ ਸੰਤ ਬਾਬਾ ਫੇਰੂ ਸਿੰਘ ਜੀ ਦੇ ਅੰਤਲੇ ਦਿਨਾਂ ਦਾ ਜੀਵਨ-ਦ੍ਰਿਸ਼ ਚਿਤਰਣ ਕੀਤਾ ਗਿਆ ਹੈ। ਬਾਬਾ ਫੇਰੂ ਸਿੰਘ ਦਾ ਜੀਵਨ ਕਾਲ ੧੬੩੬ ਤੋਂ ੧੭੧੧ ਦਾ ਹੈ। ੧੬੯੯ ਈ. ਦੇ ਵਿਸਾਖੀ ਵਾਲੇ ਦਿਨ ਇਨ੍ਹਾਂ ਨੇ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਹਜ਼ੂਰੀ ਵਿੱਚ ਅੰਮ੍ਰਿਤ ਛਕਿਆ ਅਤੇ ਸਿੰਘ ਸਜੇ। ਗੁਰੂ ਜੀ ਦੇ ਆਦੇਸ਼ ਅਨੁਸਾਰ ਉਹ ਅਮ੍ਰਿਤ ਪ੍ਰਚਾਰ ਲਈ ਪਹਾੜ ਦੇਸ਼ ਵੱਲ ਆਏ...। ਆਪਣੇ ਇਸ ਤਰਕ ਨੂੰ ਹੋਰ ਪੱਕਾ ਕਰਨ ਲਈ ਵਿਸ਼ਵਨਾਗਰਕ ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼ ਵੱਲੋਂ ਪ੍ਰਕਾਸ਼ਿਤ 'ਪੰਜਾਬੀ ਸਾਹਿਤ ਦਾ ਇਤਿਹਾਸ' (ਭਾਗ ਪਹਿਲਾ) ਵਿੱਚ ਖੋਜਕਰਤਾ ਡਾ. ਭੁਪਿੰਦਰ ਸਿੰਘ ਸੂਦਨ ਅਤੇ ਡਾ. ਗੁਲਸ਼ਨ ਸਿੰਘ ਗੁਲਸ਼ਨ ਪੰਨਾ ੧੧

'ਤੇ ੧੩ਵੀ ਸਦੀ ਦੀ ਇੱਕ ਕਵਿਤਾ ਦਾ ਨਮੂਨਾ ਪੇਸ਼ ਕੀਤਾ ਹੈ (ਭਾਵੇਂ ਉਸ ਕਵੀ ਦਾ ਨਾਂ ਨਹੀਂ ਦਿੱਤਾ ਗਿਆ ਹੈ।) ਉਨ੍ਹਾਂ ਮੰਨਿਆਂ ਕਿ ਅਕਾਦਮੀ ਦੇ ਪ੍ਰਕਾਸ਼ਨਾਂ ਵਿੱਚ ਕੁੱਝ ਖੋਜ ਦਾ ਕੰਮ ਦਿਖਦਾ ਹੈ ਪਰ ਜੰਮੂ ਵਿਸ਼ਵਵਿਦਿਆਲਿਆ ਦੀ ਇਸ ਬਾਰੇ ਖੋਜ ਉੱਤੇ ਚਿੰਤਾ ਜਤਾਈ ਹੈ। ਇੱਥੇ ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਇਹ ਸਾਡੀ ਲੇਖਕਾਂ ਦੀ ਵੀ ਜ਼ਿੰਮੇਦਾਰੀ ਹੈ ਕਿ ਨਵੇਂ ਸਕਾਲਰਾਂ ਨੂੰ ਮੁੱਢਲੀ ਜਾਣਕਾਰੀ ਦੇ ਤੌਰ 'ਤੇ ਸਮੱਗਰੀ ਮੁਹੱਈਆ ਕਰਵਾਈ ਜਾਵੇ।

ਦੇਵਿੰਦਰ ਸਿੰਘ ਵਿਸ਼ਵਨਾਗਰਕ ਨੇ ਇੱਕ ਲੰਮੀ ਸੂਚੀ ਜੰਮੂ ਦੇ ਪੰਜਾਬੀ ਲੇਖਕਾਂ ਦੀ ਪੇਸ਼ ਕੀਤੀ ਹੈ ਜਿਨ੍ਹਾਂ ਨੇ ਸਾਹਿਤ ਦੇ ਖੇਤਰ ਵਿੱਚ ਬੜਾ ਕੰਮ ਕੀਤਾ ਪਰ ਉਨ੍ਹਾਂ ਬਾਰੇ ਅੱਜ ਕੋਈ ਵੀ ਜਾਣਕਾਰੀ ਨਾ ਹੋਣ ਕਰਕੇ ਉਹ ਅੰਧੇਰੇ ਵਿੱਚ ਸਾਥੋਂ ਖੋਹ ਗਏ ਹਨ ਹਾਲਾਂਕਿ ਇਸ ਪੁਸਤਕ ਵਿੱਚ ਪੰਜ ਸਾਹਿਤਕਾਰਾਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਨੂੰ ਆਧਾਰ ਮੰਨ ਕੇ ਸੰਭਾਲਣ ਦੀ ਕੋਸ਼ਿਸ ਕੀਤੀ ਹੈ। ਜੋ ਸਾਹਿਤਕਾਰ ਅਤੇ ਸਾਹਿਤ ਸਭਾ ਦੀ ਗੱਲ ਕੀਤੀ ਗਈ ਹੈ, ਉਹ ਇਸ ਤਰ੍ਹਾਂ ਹੈ: ਗਿਆਨੀ ਬੁਧ ਸਿੰਘ- ਜਿਨ੍ਹਾਂ ਦੀ ਪੁਸਤਕ 'ਗੁਝੇ ਹੀਰੇ' ੧੯੨੭ ਵਿੱਚ ਪ੍ਰਕਾਸ਼ਿਤ ਹੋਈ। ੨੦੧੨ ਵਿੱਚ ਇਸਦਾ ਦੂਜਾ ਐਡੀਸ਼ਨ ਸ਼੍ਰੋਮਣੀ ਡੇਰਾ ਨੰਗਾਲੀ ਸਾਹਿਬ ਦੇ ਮਹੰਤ ਮਨਜੀਤ ਸਿੰਘ ਜੀ ਦੀ ਸਰਪ੍ਰਸਤੀ ਵਿੱਚ ਗਿਆਨੀ ਬਚਨ ਸਿੰਘ ਪ੍ਰਦੇਸੀ ਦੀ ਨਿਗਰਾਨ ਵਿੱਚ ਪ੍ਰਕਾਸ਼ਿਤ ਹੋਇਆ।... ਸ. ਰਘਬੀਰ ਸਿੰਘ 'ਮੁਕਤ'- ਇੱਕ ਸ਼ਾਇਰ, ਕਹਾਣੀਕਾਰ, ਅਖ਼ਬਾਰ-ਨਵੀਸ ਅਤੇ ਸਿਆਸੀ ਉੱਘੀ ਸ਼ਖ਼ਸੀਅਤ, ਜਿਸਨੇ ਰਿਆਸਤ ਜੰਮੂ-ਕਸ਼ਮੀਰ ਵਿੱਚ ਪੰਜਾਬੀ ਪ੍ਰਤੀ ਸਰਗਰਮ ਪੰਜਾਬੀ ਗਤੀਵਿਧੀਆਂ ਕਰਦੇ ਹੋਏ ਪੰਜਾਬੀ ਸਾਹਿਤ ਸਭਾ ਲੇਖਕ ਸਭਾਵਾਂ ਬਣਾਈਆਂ।... ਪ੍ਰਿੰਸੀਪਲ ਮਾਨ ਸਿੰਘ 'ਭਾਰਗਵ', ਕਵੀ, ਕਹਾਣੀਕਾਰ, ਆਲੋਚਕ, ਪੰਜਾਬੀ ਸਾਹਿਤ ਭਾਸ਼ਾ ਨੂੰ ਪੂਰੇ ਤੌਰ 'ਤੇ ਸਮਰਪਿਤ, ਨਵੇਂ ਲੇਖਕਾਂ ਨੂੰ ਉਤਸਾਹਿਤ ਕਰਨ ਵਾਲਾ। ... ਡਾ. ਭੁਪਿੰਦਰ ਸਿੰਘ ਸੂਦਨ- ਕਹਾਣੀਕਾਰ, ਨਾਵਲਕਾਰ, ਆਲੋਚਕ, ਲੋਕ ਸਾਹਿਤ ਨਾਲ ਜੁੜਿਆ ਵਿਦਵਾਨ, ਪੰਜਾਬੀ ਜਗਤ ਵਿੱਚ ਪੰਜਾਬੀ ਸਾਹਿਤ ਦੀ ਮੁੱਖ ਧਾਰਾ ਵਿੱਚ ਜਾਣਿਆ ਪਛਾਣਿਆ ਨਾਂ।... ਸ੍ਰ. ਮਹਿੰਦਰ ਸਿੰਘ ਰੰਜੂਰ- ਪੰਜਾਬੀ ਸਾਹਿਤ ਨੂੰ ਪੂਰੇ ਤੌਰ 'ਤੇ ਸਮਰਪਿਤ, ਸਾਹਿਤਕ ਗਤੀਵਿਧੀਆਂ ਨੂੰ ਸਰਗਰਮ ਰੱਖਣ ਵਾਲਾ ਇੱਕ ਹਮਦਰਦ ਅਤੇ ਅਗਾਂਹ ਵਧੂ ਸੋਚ ਦਾ ਧਾਰਨੀ।... ਅਤੇ ... ਜੰਮੂ ਵਿੱਚ ਸੰਘਰਸ਼ਸ਼ੀਲ ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਪ੍ਰਤੀ ਲਹਿਰ ਦਾ ਇਤਹਾਸ- 'ਪੰਜਾਬੀ ਲੇਖਕ ਸਭਾ (ਰਜਿ.)'। ਇਨ੍ਹਾਂ ਲੇਖਾਂ ਵਿੱਚੋਂ ਗੁਜ਼ਰਦੇ ਹੋਏ ਪਾਠਕ ਇਨ੍ਹਾਂ ਸਾਹਿਤਕਾਰਾਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਦੇ ਸੰਸਾਰ, ਅਤੇ ਸੰਸਥਾ ਬਾਰੇ ਜਾਣਦਾ ਚਲਿਆ ਜਾਂਦਾ ਹੈ।

'ਗੁੱਝੇ ਹੀਰੇ: ਗਿਆਨੀ ਬੁਧ ਸਿੰਘ (ਦੂਜੀ ਅਡੀਸ਼ਨ)- ਇਕ ਅਧਿਐਨ' ਸੀਰਸ਼ਕ ਵਾਲੇ ਇਸ ਲੇਖ ਵਿੱਚ ਗਿਆਨੀ ਬੁਧ ਸਿੰਘ ਜੀ ਦਾ ਜੀਵਨ ਕਾਲ ੧੮੯੧ ਤੋਂ ੧੯੫੨ ਤੱਕ ਦੱਸਿਆ ਗਿਆ ਹੈ। ਉਨ੍ਹਾਂ ਦਾ ਜਨਮ ਪਿੰਡ ਭੰਗੋ, ਤਹਿਸੀਲ ਸੁਧਨੁਤੀ, ਪੁਣਛ (ਹੁਣ ਪਾਕਿ ਅਧੀਨ ਕਸ਼ਮੀਰ ਖਿੱਤਾ) ਵਿੱਚ ਹੋਇਆ ਸੀ। ਉਨਾਂ ਦੀ ਇਹ ਪੁਸਤਕ ਵਿਸ਼ਵਨਾਗਰਕ ਜੀ ਅਨੁਸਾਰ ਜੰਮੂ-ਕਸ਼ਮੀਰ ਦੀ ਸਿੱਖੀ ਦੀ ਇਤਹਾਸ ਦੀ ਪਹਿਲੀ ਅਨਪ੍ਰਕਾਸ਼ਿਤ ਪੁਸਤਕ ਹੈ ਜਿਸ ਵਿੱਚ ਪੋਠੋਹਾਰ, ਰਾਵਲ ਪਿੰਡੀ, ਹਜ਼ਾਰਾ, ਕਾਬਲ, ਕੰਧਾਰ, ਅਟਕ, ਪੁਣਛ, ਮਜੱਫਰਾਬਾਦ, ਅਤੇ ਕਸ਼ਮੀਰ ਦੇ ਪਹਾੜੀ ਖਿੱਤਿਆਂ ਵਿੱਚ ਸਿੱਖੀ ਪ੍ਰਚਾਰ ਅਤੇ ਸੰਤਾ ਮਹਾਂਪੁਰਸ਼ਾ ਦੀਆਂ ਜੀਵਨੀਆਂ ਦਾ ਇਤਿਹਾਸਕਾਰ ਨੇ ਸ੍ਰੀਮਾਨ ਮਹੰਤ ਭਾਈ ਮੇਹਰ ਸਿੰਘ ਜੀ ਨਾਲ ਰਹਿ ਕੇ ਇਕੱਤਰ ਕਰਕੇ ਪੁਸਤਕ 'ਗੁੱਝੇ ਹੀਰੇ' ਵਿੱਚ ਸੰਭਾਲਿਆ ਹੈ। ਪੁਸਤਕ ਵਿੱਚ ੧੬੯੯ ਤੋਂ ਬਾਅਦ ਦੇ ਲਗਭਗ ੨੨੭, ੨੨੮ ਸਾਲਾਂ ਦਾ ਪੁਰਾਣਾ ਸਿੱਖੀ ਸਰੂਪ ਦੇ ਪਸਾਰ ਦਾ ਇਤਹਾਸ ਖੋਜ ਕੇ ਕਾਵਿ ਅਤੇ ਵਾਰਤਕ ਸ਼ੈਲੀਆ ਦਾ ਪ੍ਰਯੋਗ ਕਰਕੇ ਕਲਮਬੱਧ ਕੀਤਾ ਹੈ ਜੋਕਿ ੧੯੨੭ ਈ. ਤੋਂ ਪਹਿਲਾਂ ਇੱਥੇ ਲਿਖੇ ਜਾਂਦੇ ਪੰਜਾਬੀ ਸਾਹਿਤ ਦੇ ਵਿਕਾਸ

ਦੀ ਤਰਜ਼ਮਾਨੀ ਕਰਦਾ ਹੈ। ਦੇਵਿੰਦਰ ਸਿੰਘ ਮੁਤਾਬਿਕ ਵਾਰਤਕ ਦੇ ਨਾਲ ਫੁਟਕਲ ਕਵਿਤਾਵਾਂ ਨੂੰ ਛੱਡ ਕੇ ਕਾਵਿ ਗੁਣਾਂ ਨਾਲ ਭਰਪੂਰ ੧੬ ਬੈਂਤ, ੪੬ ਕਬਿੱਤ, ੫੭ ਦੋਹਰੇ, ੧੭ ਛੰਦ, ੯ ਦਵੈਯਾ ਛੰਦ, ੧੧ ਚੌਪਾਈ, ੩ ਕੁੰਡਲੀਆਂ, ੧ ਅੜਿਲ, ੩ ਸਵੈਯੇ, ੨ ਫਾਉੜੀ, ੧ ਸਰਖੰਡੀ ਛੰਦ ਅਤੇ ੧ ਤੋਟਕ ਵਿੱਚ ਰਚਿਤ ਇਹ ਇਤਿਹਾਸ ਬੁਧ ਸਿੰਘ ਨੂੰ ਇੱਕ ਖੋਜੀ ਇਤਿਹਾਸਕਾਰ ਹੀ ਨਹੀਂ ਬਲਕਿ ਪੰਜਾਬੀ ਦੇ ਉਚਪਾਇਆ ਕਵੀਆਂ ਦੇ ਸਿਰਮੌਰ ਕਵੀ ਹੋਣ ਦੀ ਗਵਾਹੀ ਵੀ ਭਰਦਾ ਹੈ ਜੋ ਕੇਵਲ ਜੰਮੂ-ਕਸ਼ਮੀਰ ਪੰਜਾਬੀ ਸਾਹਿਤ ਲਈ ਹੀ ਨਹੀਂ ਬਲਕਿ ਪੂਰੇ ਪੰਜਾਬੀ ਸਾਹਿਤ ਜਗਤ ਲਈ ਮਾਣ ਵਾਲੀ ਗੱਲ ਹੈ।

ਇਸ ਪੁਸਤਕ ਨੂੰ ਪ੍ਰਕਾਸ਼ਿਤ ਕਰਨ ਵਾਲੇ ਸਹਿਯੋਗੀਆਂ ਦੀ ਵੀ ਇੱਕ ਲਿਸਟ ਲੇਖ ਵਿੱਚ ਸ਼ਾਮਿਲ ਹੈ। ਉਨ੍ਹਾਂ ਦੇ ਬਚਪਨ ਅਤੇ ਜੀਵਨੀ ਦੇ ਅੰਸ਼, ਪਿਛੋਕੜ, ਅਤੇ ਡੇਰਾ ਨੰਗਾਲੀ ਸਾਹਿਬ ਦੇ ਇਤਿਹਾਸ, ਪ੍ਰਚਾਰ ਕੇਂਦਰਾਂ, ਹੁਕਮਰਾਨਾਂ ਅਤੇ ਰਾਜਿਆਂ ਦੇ ਵਿਰੋਧ ਅਤੇ ਸਹਾਇਤਾ, ਅਤੇ ਬਾਕੀ ਖਾਸ ਸਥਾਨਾਂ ਬਾਰੇ ਖੋਜਭਰੀ ਬਹੁਤ ਸਾਰੀ ਜਾਣਕਾਰੀ ਵੀ ਲੇਖ ਵਿੱਚ ਸ਼ਾਮਿਲ ਹੈ। ਲੇਖ ਵਿੱਚ ਗਿਆਨੀ ਬੁਧ ਸਿੰਘ ਦੀ ਇੱਕ ਹੋਰ ਪੁਸਤਕ 'ਚੌਣਵੇਂ ਰਤਨ' (੧੯੩੮) ਦਾ ਵੀ ਜ਼ਿਕਰ ਕੀਤਾ ਗਿਆ ਹੈ।

ਦੇਵਿੰਦਰ ਸਿੰਘ ਵਿਸ਼ਵਨਾਗਰਕ ਦੀ ਇਸ ਪੁਸਤਕ ਵਿੱਚ ਦੂਸਰਾ ਲੇਖ 'ਸੂਝ ਦਾ ਚਾਨਣ-ਰਘਬੀਰ ਸਿੰਘ ਮੁਕਤ' ਹੈ ਜਿਸ ਵਿੱਚ ਦੇਵਿੰਦਰ ਸਿੰਘ ਨੇ ਮੁਕਤ ਨੂੰ ਵੀਹਵੀਂ ਸਦੀ ਦੇ ਤੀਜੇ-ਚੌਥੇ ਦਹਾਕੇ ਵਿੱਚ ਹੋਏ ਚਿੰਤਕ ਸਾਹਿਤਕਾਰਾਂ ਦੇ ਯਤਨਾਂ ਕਰਕੇ, ਉਨ੍ਹਾਂ ਚਿੰਤਕ ਸੱਜਨਾਂ ਦੇ ਮੋਢੀਆਂ ਵਿੱਚ ਰੱਖਿਆ ਹੈ। ਸਰਦਾਰ ਰਘਬੀਰ ਸਿੰਘ ਮੁਕਤ ਨੇ ਧਾਰਮਿਕ, ਸਮਾਜਿਕ, ਰਾਜਨੀਤਿਕ, ਸਾਹਿਤਕ, ਸੱਭਿਆਚਾਰਕ ਅਤੇ ਪੱਤਰਕਾਰੀ ਦੇ ਖੇਤਰ ਵਿੱਚ ਨੁਮਾਇਆਂ ਕਿਰਦਾਰ ਅਦਾ ਕਰਦੇ ਹੋਏ ਹਰ ਪਸਾਰ ਨੂੰ ਆਪਣੇ ਸੂਝਦੇ ਚਾਨਣ ਦੁਆਰਾ ਰੁਸ਼ਨਾਈ ਰੱਖਿਆ ਅਤੇ ਇੱਕ ਵਿਅਕਤੀ ਤੋਂ ਤੁਰਦੀ ਫਿਰਦੀ ਸੰਸਥਾ ਬਣੀ ਰਹੀ। ਵਿਸ਼ਵਨਾਗਰਕ ਨੇ ਉਸਦਾ-ਰੇਖਾ ਚਿਤਰ ਇਸ ਤਰ੍ਹਾਂ ਖਿੱਚਿਆ ਹੈ: ਲੰਮਾ ਕੱਦ, ਗੋਰਾ ਰੰਗ, ਇਕਹਰਾ ਸਰੀਰ, ਦਿਲ ਖਿੱਚਵੀਂ ਦਿੱਖ ਅਤੇ ਹੋਰ ਬਹੁਤ ਸਾਰੀਆਂ ਖ਼ੂਬੀਆਂ।

ਮੁਕਤ ਦੀਆਂ ਦੋ ਪੁਸਤਕਾਂ 'ਸੂਝ ਦਾ ਚਾਨਣ' (ਕਾਵਿ-ਸੰਗ੍ਰਹਿ) ਅਤੇ 'ਜੰਮੂ-ਕਸ਼ਮੀਰ ਟ੍ਰਾਂਸਪੋਰਟ' (ਉਰਦੂ ਵਿੱਚ, ਅਤੇ ਜੋ ਮਰਨ-ਉਪਰਾਂਤ) ਛਪੀਆਂ ਹਨ। ਲੇਖ ਵਿੱਚ ਦਿੱਤੀਆਂ ਜਾਣਕਾਰੀਆਂ ਡਾ. ਮੋਨੋਜੀਤ ਦੇ ਮੁਕਤ 'ਤੇ ਲਿਖੇ ਲੇਖ, ਅਤੇ ਪਰਿਵਾਰ ਵੱਲੋਂ ਉਪਲੱਬਧ ਕਰਾਈ ਜਾਣਕਾਰੀ ਉੱਤੇ ਨਿਰਧਾਰਤ ਹੈ। ਮੁਕਤ ਦਾ ਜਨਮ ੫ ਮਈ, ੧੯੧੪ ਨੂੰ ਪਿੰਡ ਤਰੋਟੀ ਧਰਮ ਸਾਲ (ਪੁਣਛ), (ਜੋ ਅੱਜ ਕਲ ਪਾਕਿ ਵਿੱਚ ਹੈ) ਵਿੱਚ ਹੋਇਆ ਸੀ। ਪਿਤਾ ਦਾ ਨਾਂ ਅਰਜਨ ਸਿੰਘ ਅਤੇ ਮਾਤਾ ਦਾ ਨਾਂ ਮੂਲੋ ਦੇਵੀ ਸੀ। ਪਿਤਾ ਪਿੰਡ ਵਿੱਚ ਦੁਕਾਨ ਕਰਦੇ ਸਨ ਜਿਸ ਕਰਕੇ ਮੁਕਤ ਨੂੰ ਸਾਮਾਨ ਖ਼ਰੀਦਣ ਲਈ ਪੰਜਾਬ ਜਾਣਾ ਪੈਂਦਾ ਸੀ ਜਿੱਥੋਂ ਉਹ ਕੁਝ ਪੁਸਤਕਾਂ ਬਗੈਰਾ ਖ਼ਰੀਦ ਕੇ ਲੈ ਆਉਂਦਾ। ਸਪਤਾਹਿਕ ਪੱਤ੍ਰਿਕਾ 'ਮੌਜੀ' ਘਰ ਹੀ ਲਾਈ ਹੋਈ ਸੀ। ਪੱਤ੍ਰਿਕਾ ਵਿੱਚ ਮਹਾਂ ਕਵੀ ਸੁਬਰਾ ਦੀਆਂ ਕਵਿਤਾਵਾਂ, ਧਨੀ ਰਾਮ ਚਾਤ੍ਰਿਕ, ਉਸਤਾਦ ਹਮਦਮ, ਫ਼ਿਰੋਜ਼ਦੀਨ 'ਸ਼ਰਫ਼', ਸ੍ਰ. ਮੁਨਸ਼ਾ ਸਿੰਘ ਦੁਖੀ ਆਦਿ ਦੀਆਂ ਰਚਨਾਵਾਂ ਛਪਦੀਆਂ ਸਨ, ਜਿਨ੍ਹਾਂ ਨੇ ਉਸਨੂੰ ਸਾਹਿਤ ਵੱਲ ਮੋੜਿਆ। ਪੰਜਾਬ ਵਿੱਚ ਬਰਤਾਨਵੀ ਸਰਕਾਰ ਵਿਰੁੱਧ ਪ੍ਰਦਰਸ਼ਨੀਆਂ ਅਤੇ ਜਲੂਸ ਵਗੈਰਾ ਨਿਕਲਦੇ ਰਹਿੰਦੇ ਸਨ ਜਿਨ੍ਹਾਂ ਦਾ ਮੁਕਤ ਹਿੱਸਾ ਬਣਦਾ ਗਿਆ ਅੰਗਰੇਜ਼ੀ ਪਿੰਡ ਵਿੱਚ ਸਕੂਲ ਨਾ ਹੋਣ ਕਰਕੇ ਅਜੋਟ ਦੇ ਪ੍ਰਾਇਮਰੀ ਸਕੂਲ ਤੋ ਪੰਜਵੀਂ ਅਤੇ ਪੁਣਛ ਤੋਂ ਦਸਵੀਂ ਪਾਸ ਕੀਤੀ।

ਮੁਕਤ ਨੇ ਸਾਹਿਤਕ, ਸਮਾਜਿਕ ਅਤੇ ਪੱਤਰਕਾਰੀ ਰਾਹੀਂ ਜਨ ਸਾਧਾਰਨ ਨੂੰ ਜਾਗਰੂਕ ਕਰਨ ਦਾ ਕੰਮ ਕੀਤਾ ਹੈ। ਜਦੋਂ ਵੀ ਉਹ ਪੰਜਾਬ ਜਾਂ ਪੁਣਛ ਦਾ ਚੱਕਰ ਲਾਉਂਦਾ ਤਾਂ ਆ ਕੇ ਨੌਜਵਾਨਾਂ ਨੂੰ ਇਕੱਠਾ ਕਰਕੇ ਉੱਥੋਂ ਦੇ ਇਨਕਲਾਬੀ ਹਲਚਲ ਦਾ ਹਾਲ ਸੁਣਾਉਂਦਾ। ੧੯੩੧ ਵਿੱਚ ਉਹ ਧਨੀ ਰਾਮ ਚਾਤ੍ਰਿਕ, ਗਿਆਨੀ ਹੀਰਾ ਸਿੰਘ ਹਮਦਰਦ ਦੁਆਰਾ ਬਣਾਈ ਗਈ ਪੰਜਾਬੀ ਸਭਾ ਦਾ ਮੈਂਬਰ ਬਣ ਗਿਆ। ੧੯੩੪ ਵਿੱਚ ਆਪਣੇ ਪਿੰਡ ਵਿੱਚ ਗੁਰਮੁਖੀ ਕੰਨਿਆ ਪਾਠਸ਼ਾਲਾ ਸ਼ੁਰੂ ਕੀਤੀ। ੧੯੩੬ ਵਿੱਚ ਉਸਨੇ ਗਿਆਨੀ ਜੀਵਨ ਸਿੰਘ ਖਜੂਰੀਆ ਅਤੇ ਗਿਆਨੀ ਠਾਕੁਰ ਸਿੰਘ ਦੇ ਸਹਿਯੋਗ ਨਾਲ ਪੁਣਛ ਵਿੱਚ ਇੱਕ ਵਿਸ਼ਾਲ ਕਾਨਫ਼ਰੰਸ ਕਰਵਾਈ। ਫਿਰ ਉਸਨੇ ਹਫ਼ਤਾਵਾਰੀ 'ਰਿਆਸਤ ਪੁਣਛ' ਨਾਂ ਦੀ ਅਖ਼ਬਾਰ ਕੱਢੀ ਜਿਸਨੂੰ ਰਿਆਸਤੀ ਹਕੂਮਤ ਨੇ ਬੰਦ ਹੀ ਨਹੀਂ ਕੀਤਾ ਬਲਕਿ ਉਸ ਪ੍ਰੈਸ ਨੂੰ ਵੀ ਬੰਦ ਕਰ ਦਿੱਤਾ ਜਿੱਥੇ ਉਹ ਅਖ਼ਬਾਰ ਛਪਦੀ ਸੀ।੧੫ ਨਵੰਬਰ ੧੯੪੧ ਨੂੰ ਉਸਨੇ ਉਰਦੂ ਅਖ਼ਬਾਰ 'ਸ਼ਮਸ਼ੀਰ' ਕਸ਼ਮੀਰ ਤੋਂ ਕੱਢਣੀ ਸ਼ੁਰੂ ਕਰ ਦਿੱਤੀ ਜਿਸਦਾ ਇੱਕ ਪੰਨਾ ਪੰਜਾਬੀ ਵਿੱਚ ਛਪਦਾ ਸੀ। ੧੯੪੧ ਵਿੱਚ ਹੀ ਕਸ਼ਮੀਰ ਵਿੱਚ ਸ਼੍ਰੋਮਣੀ ਖ਼ਾਲਸਾ ਦਰਬਾਰ ਦੀ ਸਥਾਪਨਾ ਹੋਈ ਅਤੇ ਸ. ਰਘਬੀਰ ਸਿੰਘ ਮੁਕਤ ਨੂੰ ਉਸਦਾ ਸਕੱਤਰ ਚੁਣ ਲਿਆ ਗਿਆ। ੧੯੪੭ ਵਿੱਚ ਮੁਕਤ ਸ਼ਰਨਾਰਥੀ ਬਣ ਕੇ ਜੰਮੂ ਆ ਗਿਆ ਜਿਸ ਕਰਕੇ 'ਸ਼ਮਸ਼ੀਰ' ਬੰਦ ਹੋ ਗਈ। ਜੰਮੂ ਵਿੱਚ ਆਪਣੀ ਹੋਂਦ ਦਾ ਸਬੂਤ ਦਿੰਦੇ ਹੋਏ ਮੁਕਤ ਉੱਥੇ ਸਾਹਿਤਕ ਸਭਾ 'ਅੰਜੁਮਨ ਤਰੱਕੀ ਪਸੰਦ ਅਦਬ' ਨਾਲ ਜੁੜ ਗਿਆ। ੧੯੪੯ ਵਿੱਚ ਸ਼ਮਸ਼ੀਰ ਫਿਰ ਤੋਂ ਜੰਮੂ ਤੋਂ ਛਾਪਣੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ੧੯੫੧ ਵਿੱਚ 'ਪੰਜਾਬੀ ਸਾਹਿਤ ਸਭਾ' ਦੀ ਸਥਾਪਨਾ ਕੀਤੀ, ਜੋਕਿ ਅੱਜ ਕਲ 'ਪੰਜਾਬੀ ਲੇਖਕ ਸਭਾ' ਦੇ ਨਾਂ 'ਤੇ ਰਜਿ. ਹੈ। ੧੯੫੬ ਵਿੱਚ ਰਾਜਨੀਤਿਕ ਕਾਰਨਾਂ ਕਰਕੇ 'ਸ਼ਮਸ਼ੀਰ' ਬੰਦ ਕਰਕੇ 'ਜੰਮੂ ਸ਼ੰਦੇਸ਼' ਨਾਂ ਦੀ ਅਖ਼ਬਾਰ ਕੱਢੀ, ਜੋਕਿ ਉਨ੍ਹਾਂ ਹੀ ਕਾਰਨਾਂ ਕਰਕੇ ਕੁੱਝ ਚਿਰ ਬਾਅਦ ਬੰਦ ਹੋ ਗਈ ਸੀ। ੧੯੬੫ ਵਿੱਚ ਉਸਨੇ 'ਕੌਮੀ ਆਵਾਜ਼' ਕੱਢਿਆ। ਇੱਕ ਵਿਸ਼ਾਲ ਪੰਜਾਬੀ ਕਾਨਫਰੰਸ ੧੯੬੯ ਵਿੱਚ ਕਰਵਾਈ ਜਿਸ ਵਿੱਚ ਦੇਸ਼ ਭਰ ਤੋਂ ਉੱਚ ਕੋਟੀ ਦੇ ਪੰਜਾਬੀ ਸਾਹਿਤਕਾਰ ਸ਼ਾਮਿਲ ਹੋਏ। ਇਸ ਕਾਨਫ਼ਰੰਸ ਨੇ ਜੰਮੂ ਦੇ ਸਾਹਿਤਕਾਰਾਂ ਨੂੰ ਪੰਜਾਬੀ ਦੀ ਮੁੱਖ ਧਾਰਾ ਦੇ ਸਾਹਿਤਕਾਰਾਂ ਨਾਲ ਜੋੜਣ ਦਾ ਕੰਮ ਕੀਤਾ। ੧੯੭੧ ਵਿੱਚ ਮੁਕਤ ਨੇ ਮਾਸਿਕ ਪੱਤ੍ਰਿਕਾ 'ਚਾਨਣ' ਪ੍ਰਕਾਸ਼ਿਤ ਕਰਨੀ ਸ਼ੁਰੂ ਕੀਤੀ। ਆਰਥਿਕ ਕਾਰਨਾਂ ਕਰਕੇ ਇਹ ਪੱਤ੍ਰਿਕਾ ਵੀ ਛੇਤੀ ਹੀ ਦਮ ਤੋੜ ਗਈ। ਇਹ ਪੱਤ੍ਰਿਕਾ ਦੋਬਾਰਾ ਵੀ ਸ਼ੁਰੂ ਹੋਈ ਪਰ ਦੋ ਕੁ ਅੰਕ ਕੱਢ ਕੇ ਬੰਦ ਹੋ ਗਈ। ਉਨ੍ਹਾਂ ਨੇ ਇੱਕ ਸਪਨਾ ਲਿਆ ਸੀ ਕਿ ਪੰਜਾਬੀ ਸਾਹਿਤਕਾਰਾਂ ਦਾ ਆਪਣਾ ਘਰ ਹੋਵੇ- 'ਪੰਜਾਬੀ ਭਵਨ', ਜੋ ਉਨ੍ਹਾਂ ਦੇ ਆਖ਼ਰੀ ਦਿਨ ੧੮ ਦਸੰਬਰ, ੨੦੦੧ ਤੱਕ ਪੂਰਾ ਨਹੀਂ ਹੋ ਸਕਿਆ ਸੀ।

ਸਾਬਕਾ ਮੰਤਰੀ ਸਵ. ਸਰਦਾਰ ਰੰਗੀਲ ਸਿੰਘ ਮੁਕਤ ਨੂੰ 'ਬੁਲੰਦ ਪਾਇਆ ਸ਼ਖ਼ਸੀਅਤ ਦਾ ਮਾਲਕ, ਜੰਮੂ-ਪੁਣਛ ਦੀ ਸਿਆਸੀ ਤਹਿਰੀਕ ਦੇ ਅਹਿਮ ਰੁਕਨ, ਦੇਸ਼ ਭਗਤ, ਮਜ਼ਬੂਤ ਇਰਾਦਾ, ਦਲੇਰ ਅਤੇ ਨਿੱਡਰ, ਤਰੱਕੀ ਪਸੰਦ ਨੇਤਾ, ਅਤੇ ਮਿਹਨਤਕਸ਼ ਤਬਕੇ ਦੇ ਤਰਜ਼ਮਾਨ ਦੇ ਨਾਲ ਇੱਕ ਤਜੁਰਬਾਕਾਰ ਪੱਤਰਕਾਰ, ਅਖ਼ਬਾਰ ਨਵੀਸ ਤੇ ਪੰਜਾਬੀ ਸਾਹਿਤ ਦੇ ਅਨਮੋਲ ਰਤਨ, ਨੇਕ ਸ਼ੀਰਤ ਇਨਸਾਨ, ਸਾਦਗੀ ਅਤੇ ਸਰਪਰਸਤ ਦਾ ਨਮੂਨਾ' ਮੰਨਦੇ ਹਨ।

ਪੁਸਤਕ ਦਾ ਤੀਜਾ ਲੇਖ ਹੈ 'ਮਾਨ ਸਿੰਘ ਭਾਰਗਵ- ਇੱਕ ਸੰਘਰਸ਼ ਦਾ ਨਾਮ'। ਲੇਖ ਵਿੱਚ ਭਾਰਗਵ ਦਾ ਰੇਖਾ-ਚਿਤਰ ਖਿੱਚਦੇ ਹੋਏ ਕੰਵਲ ਕਸ਼ਮੀਰੀ 'ਹੀਮਾਲ'-੨੦੦੪ ਵਿੱਚ ਲਿਖਦੇ ਹਨ, 'ਮਾਨ ਵਿੱਚ ਭਾਰਗਵ ਸਿਰਫ਼ ਇਕ ਵਿਅਕਤੀ ਹੀ ਨਹੀਂ ਸੀ ਬਲਕਿ ਤੁਰਦੀ-ਫਿਰਦੀ ਗਤੀਸ਼ੀਲ ਇਕ ਸੰਸਥਾ ਸੀ ਜੋ ਕਿਸੇ ਬੁੱਧ-ਮੱਠ ਦੇ ਮਹਾਯਾਨ (ਚੱਕਰ) ਵਾਂਗ ਹਰ ਸਮੇ ਗਤੀਸ਼ੀਲ ਰਹਿੰਦਾ ਸੀ। ਇਹੋ ਜਿਹੇ ਸਾਲਮ ਵਿਅਕਤੀ ਕਿਸੇ ਸਮੂਹ ਵਿਸ਼ੇਸ਼ ਵਿੱਚ ਕਦੀ ਕਦਾਈ ਹੀ

ਪ੍ਰਕਾਸ਼ਮਾਨ ਹੁੰਦੇ ਹਨ। ਉਹ ਹਰ ਰੰਗ ਵਿੱਚ ਘੁੰਮਦਾ ਸੀ, ਹਰ ਰੁੱਤ ਵਿੱਚ ਨਵਾਂ ਖਿੜਦਾ ਸੀ ਅਤੇ ਕੂਕਨੂਸ ਵਾਂਗ ਹੀ ਅਗਨੀ ਵਿੱਚ ਸੜਦਾ ਅਤੇ ਜੰਮਦਾ ਸੀ। ਦਿਨ ਦਾ ਪ੍ਰਕਾਸ਼ ਇਕ ਹਾਲੇ ਵਾਂਗ ਉਸਦੇ ਦੁਆਲੇ ਫੈਲਿਆ ਹੁੰਦਾ ਸੀ।

ਸ੍ਰ ਮਾਨ ਸਿੰਘ ਦਾ ਜਨਮ ਪਿੰਡ ਦਰੌੜਾ, ਤਹਿਸੀਲ ਪਲੰਦਰੀ (ਪੁਣਛ), (ਹੁਣ ਪਾਕਿ ਅਧੀਨ) ਵਿੱਚ ਸ੍ਰ. ਹੁਕਮ ਸਿੰਘ ਅਤੇ ਮਾਤਾ ਪੂਰਨ ਦੇਵੀ ਦੇ ਘਰ ੧੯੩੭ ਵਿੱਚ ਹੋਇਆ ਸੀ। ੧੯੪੭ ਦੀ ਵੰਡ ਸਮੇ ਪਿਤਾ ਸ਼ਹੀਦ ਹੋ ਗਏ ਅਤੇ ਬਾਕੀ ਪਰਿਵਾਰ ਸ਼ਰਨਾਰਥੀ ਕੈਂਪ ਨਗਰੋਟਾ, ਬਾਅਦ ਵਿੱਚ ਪਿੰਡ ਗੋਗੀਆਂ, ਆਰ.ਐਸ. ਪੁਰਾ ਆ ਵਸੇ। ਮਿਹਨਤ ਕਰਦੇ ਹੋਏ ਉਨ੍ਹਾਂ ਨੇ ਆਪਣਾ ਪਰਿਵਾਰ ਪਾਲਿਆ ਅਤੇ ਦਸਵੀਂ ਦੀ ਪੜ੍ਹਾਈ ਕਰਕੇ ਲੈਬਾਰਟਰੀ ਵਿੱਚ ਸਹਾਇਕ ਦੀ ਨੌਕਰੀ ਕਰ ਲਈ, ਜਿੱਥੇ ਉਹ ਬਾਅਦ ਵਿੱਚ ਅਧਿਆਪਕ ਬਣ ਗਏ। ਸ. ਰਘਬੀਰ ਸਿੰਘ ਮੁਕਤ ਦੁਆਰਾ ਕਰਵਾਈ ਗਈ ਕੌਮੀ ਪੱਧਰ ਦੀ ਪੰਜਾਬੀ ਕਾਨਫ਼ਰੰਸ ਤੋਂ ਪ੍ਰਭਾਵਿਤ ਹੋ ਕੇ ਭਾਰਗਵ ਇਸ ਕਾਫ਼ਲੇ ਵਿੱਚ ਸ਼ਾਮਿਲ ਹੋ ਗਏ ਅਤੇ ਪੰਜਾਬੀ ਸਮੇਤ ਕਈ ਭਾਸ਼ਾਵਾਂ ਦਾ ਅਧਿਐਨ ਕੀਤਾ ਅਤੇ ਆਰ.ਐਸ. ਪੁਰਾ ਵਿਖੇ ਪੰਜਾਬੀ ਸਾਹਿਤ ਸਭਾ ਬਣਾਈ। ੧੯੬੫ ਵਿੱਚ ਉਨ੍ਹਾਂ ਦਾ ਪਹਿਲਾ ਕਾਵਿ-ਸੰਗ੍ਰਹਿ ‘ਥਕਾਨ’ ੧੯੬੫ ਵਿੱਚ ਛਪਿਆ। ਇਸ ਸੰਗ੍ਰਹਿ ਵਿੱਚ ਸ਼ਾਮਿਲ ਕਵਿਤਾਵਾਂ ਵਿੱਚ ਉਸਦੇ ਅਹਿਸਾਸਾਂ ਨੂੰ ਸਮਝਿਆ ਜਾ ਸਕਦਾ ਹੈ ਜਿਨ੍ਹਾਂ ਵਿਚ ਉਸਨੇ ਬੇਬਸੀ, ਗੁਰਬਤ, ਮਜ਼ਬੂਰੀ ਅਤੇ ਪਰੇਸ਼ਾਨੀ ਵਿੱਚ ਬੀਤੇ ਬਚਪਨ ਤੋਂ ਜਵਾਨੀ ਤੱਕ ਦੇ ਸੰਘਰਸ਼ ਦੀ ਨਿਸ਼ਾਨਦੇਹੀ ਕੀਤੀ ਹੈ। ਪਹਾੜਨ ਅਤੇ ਕੁਦਰਤੀ ਸੁੰਦਰਤਰਤਾ ਨੂੰ ਕਵਿਤਾ ਵਿੱਚ ਢਾਲਦੇ ਹੋਏ ਪਹਾੜਾਂ, ਫੁੱਲਾਂ, ਜ਼ਿੰਦਗੀ ਦੀਆਂ ਹਕੀਕਤਾਂ ਨੂੰ ਕਵਿਤਾਵਾਂ ਦਾ ਆਧਾਰ ਬਣਾਇਆ ਹੈ। ੧੯੭੨ ਵਿੱਚ ਦੂਜਾਂ ਕਾਵਿ-ਸੰਗ੍ਰਹਿ ‘ਸੰਘਰਸ਼’ ਆਇਆ। ਇਨ੍ਹਾਂ ਕਵਿਤਾਵਾਂ ਵਿੱਚ ਉਸਦੀ ਮਾਰਕਸਵਾਦੀ ਵਿਚਾਰਧਾਰਾ ਸਾਫ਼ ਝਲਕਦੀ ਹੈ। ਇਸਦੀਆਂ ਕਵਿਤਾਵਾਂ ਮਨੁੱਖ ਹੱਥੋਂ ਮਨੁੱਖ ਦੇ ਸ਼ੋਸ਼ਨ ਵਿਰੁੱਧ ਸ਼ੋਸ਼ਤ ਵਰਗ ਨੂੰ ਸੰਘਰਸ਼ ਲਈ ਲਾਮਵੰਦ ਕਰਨ ਲਈ ਆਵਾਜ਼ ਬੁਲੰਦ ਕਰਦੀਆਂ ਹਨ। ਉਨ੍ਹਾਂ ਨੇ ਪੰਜਾਬੀ ਦੀ ਐਮ.ਏ. ਵੀ ਕਰ ਲਈ ਸੀ। ਹੁਣ ਤੱਕ ਉਨ੍ਹਾਂ ਨੇ ਜੰਮੂ-ਕਸ਼ਮੀਰ ਤੋਂ ਬਾਹਰ ਪੰਜਾਬ ਦੇ ਸਾਹਿਤ ਖੇਤਰ ਵਿੱਚ ਵੀ ਪਹਿਚਾਨ ਬਣਾ ਲਈ ਸੀ।

ਉਨ੍ਹਾਂ ਦਾ ਤੀਜਾ ਕਾਵਿ-ਸੰਗ੍ਰਹਿ ‘ਵਹਿੰਦੀ ਨਦੀ ਦਾ ਸੱਚ’ ੧੯੮੭ ਵਿੱਚ ਛਪਿਆ ਜਿਸ ਵਿੱਚ ਸ਼ਾਮਿਲ ਕਵਿਤਾਵਾਂ ਤੋਂ ਉਨ੍ਹਾਂ ਦੀ ਸੋਚ ਦਾ ਪਸਾਰ ਅੰਤਰਰਾਸ਼ਟਰੀ ਹੋਇਆ ਲੱਗਦਾ ਹੈ। ਕਵਿਤਾਵਾਂ ਵਿੱਚ ਰੋਮਾਂਟਿਕ, ਯਥਾਰਥਵਾਦੀ, ਸਮਾਜਵਾਦੀ ਅਤੇ ਪ੍ਰਗਤੀਵਾਦੀ ਅਗਾਂਹ-ਵਧੂ ਧਾਰਨਾਵਾਂ ਮਿਲਦੀਆਂ ਹਨ। ਉਹ ਲਿਖਦਾ ਹੈ: ਮੇਰਾ ਕੋਈ ਨਾਂ, ਰੰਗ, ਨਸਲ, ਦੇਸ਼ ਨਹੀਂ/ ਮੈਂ ਤਾਂ ਕੇਵਲ ਮਨੁੱਖ ਹਾਂ/ ਮਨੁੱਖਤਾ ਦਾ ਆਸ਼ਕ... ਆਜ਼ਾਦ ਮਨੁੱਖ/ ਮੇਰੀ ਆਵਾਜ਼ ਹੈ ਅਮਰ ਸੱਚ ਦੀ ਆਵਾਜ਼। ਉਨ੍ਹਾਂ ਨੇ ਕੁੱਝ ਕਹਾਣੀਆਂ ਵੀ ਲਿਖੀਆਂ ਜੋ ਕਿਤੇ ਵੀ ਛਪੀਆਂ ਨਹੀਂ, ਕਾਰਨ ਸੀ ਆਰਥਿਕ ਸਥਿਤੀ ਅਤੇ ਜੰਮੂ-ਕਸ਼ਮੀਰ ਵਿੱਚ ਪੰਜਾਬੀ ਪ੍ਰੈਸ ਦੀ ਘਾਟ।

ਉਹ ਇੱਕ ਭਿਆਨਕ ਬਿਮਾਰੀ ਦਾ ਸ਼ਿਕਾਰ ਹੋਣ ਕਰਕੇ ੨ ਦਸੰਬਰ, ੨੦੦੨ ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਦੇਵਿੰਦਰ ਸਿੰਘ ਲਿਖਦੇ ਹਨ- ‘ਭਾਰਗਵ ਇੱਕ ਖੁੱਦਾਰ ਅਤੇ ਪਰਉਪਕਾਰੀ ਵਿਅਕਤੀ ਸੀ ਜੋ ਕਿਸੇ ਦੇ ਅਹਿਸਾਨ ਥੱਲੇ ਸਾਹ ਨਹੀਂ ਸੀ ਲੈ ਸਕਦਾ।

ਪੁਸਤਕ ਦਾ ਚੌਥਾ ਲੇਖ ‘ਡਾ. ਭੁਪਿੰਦਰ ਸਿੰਘ ਸੂਦਨ (ਕੁੱਝ ਯਾਦਾਂ ਵਿਅੱਕਤੀਤਵ ਤੇ ਰਚਨਾ)’ ਸ਼ੀਰਸ਼ਿਕ ਨਾਂ ਨਾਲ ਛਪਿਆ ਹੈ। ਲੇਖ ਸੂਦਨ ਜੀ ਦੇ ਰੇਖਾ ਚਿਤਰ ਖਿੱਚਣ ਤੋਂ ਸ਼ੁਰੂ ਹੁੰਦਾ ਹੈ- ‘ਉੱਚਾ ਲੰਮਾ ਕੱਦ, ਇਕੇਹਰਾ ਸ਼ਰੀਰ, ਸਾਂਵਲਾ ਰੰਗ ਤੇ ਆਕਰਸ਼ਿਤ ਦਿੱਖ ਪਹਿਰਾਵੇ ਤੋਂ

ਸਾਦਗੀ ਬੇਪਰਵਾਹ ਜੇਹੀ ਤੋਰ, ਮੋਢੇ 'ਤੇ ਇੱਕ ਖ਼ਾਲੀ ਝੋਲਾ ਲਟਕਾਈ ਜਿਸ ਵਿੱਚ ਕੁੱਝ ਪੁਸਤਕਾਂ ਅਤੇ ਕਾਗਜ਼, ਇੰਝ ਲੱਗਦਾ ਜਿਵੇਂ ਆਪੇ ਵਿੱਚ ਹੀ ਗੁਆਚਾ ਹੋਵੇ, ਅਜਿਹੀ ਰੇਖਾ ਚਿੱਤਰ ਬਣਦੀ ਹੈ, ਪੰਜਾਬੀ ਦੇ ਸਾਹਿਤ ਦੇ ਇਸ ਮੀਲ ਪੱਥਰ...।

ਇਸ ਲੇਖ ਵਿੱਚ ਸੂਦਨ ਸਾਹਿਬ ਦੀਆਂ ਲੇਖ ਅਤੇ ਹੋਰ ਸਾਹਿਤਕ ਹਸਤੀਆਂ ਦੀਆਂ ਯਾਦਾਂ ਨੂੰ ਸਾਂਝਾ ਕੀਤਾ ਗਿਆ ਹੈ। ਦੇਵਿੰਦਰ ਸਿੰਘ ਵਿਸ਼ਵਨਾਗਰਕ ਅਨੁਸਾਰ ਉਨ੍ਹਾਂ ਦੀ ਸੂਦਨ ਜੀ ਨਾਲ ਪਹਿਲੀ ਗੱਲਬਾਤ ਮਾਰਚ, ੧੯੭੩ ਵਿੱਚ ਹੋਈ ਸੀ, ਪਰ ਉਹ ਪਰਿਵਾਰਕ ਤੌਰ 'ਤੇ ਇੱਕ-ਦੂਜੇ ਨੂੰ ਬਚਪਨ ਤੋਂ ਹੀ ਜਾਣਦੇ ਸਨ। ਸੂਦਨ ਜੀ ਵਿਸ਼ਵਨਾਗਰਕ ਤੋਂ ਤਿੰਨ-ਚਾਰ ਸਾਲ ਵੱਡੇ ਸੀ। ਉਹ ਬਟੋਤ ਦੇ ਸਕੂਲ ਵਿੱਚ ਇਕੱਠੇ ਹੀ ਪੜ੍ਹਦੇ ਸਨ ਪਰ ਕਦੇ ਉਨ੍ਹਾਂ ਵਿਚਕਾਰ ਕੋਈ ਗੱਲਬਾਤ ਨਹੀਂ ਸੀ ਹੋਈ। ੧੯੬੨ ਦੀ ਹਿੰਦ-ਚੀਨ ਲੜਾਈ ਵਿੱਚ ਵਿਸ਼ਵਨਾਗਰਕ ਦੇ ਪਿਤਾ ਜੀ ਜੰਗ ਵਿੱਚ ਸ਼ਹੀਦ ਹੋ ਗਏ। ਉਨ੍ਹਾਂ ਦੇ ਮਾਤਾ ਜੀ ਇਸ ਸਦਮੇ ਤੋ ਪ੍ਰਭਾਵਿਤ ਹੋ ਕੇ ਆਪਣੀ ਸੁੱਧ-ਬੁੱਧ ਖੋ ਬੈਠੇ ਸਨ ਅਤੇ ੧੯੭੨ ਵਿੱਚ ਉਹ ਚੱਲ ਵਸੇ। ਸਰਕਾਰ ਨੇ ਉਨ੍ਹਾਂ ਦੇ ਪਿਤਾ ਜੀ ਨੂੰ ਮਰਨ ਉਪਰਾਂਤ 'ਮਹਾਂ ਵੀਰ ਚੱਕਰ' ਨਾਲ ਸਨਮਾਨਿਤ ਕੀਤਾ ਸੀ। ਅਕਸਰ ਰੇਡੀਓ ਅਤੇ ਅਖ਼ਬਾਰਾ ਵਿੱਚ ਉਨ੍ਹਾਂ ਬਾਰੇ ਬਹਾਦਰੀ ਦੀਆਂ ਗਾਥਾਵਾਂ ਸੁਣਾਈਆਂ, ਲਿਖੀਆਂ ਜਾਂਦੀਆਂ ਸਨ।

ਸਕੂਲ ਸਮੇ ਤੋਂ ਹੀ ਵਿਸ਼ਵਨਾਗਰਕ ਨੇ ਤੁੱਕਬੰਦੀ ਕਰਨਾ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਦਿਨਾਂ ਵਿੱਚ ਰੇਡੀਓ ਵਾਲੇ ਬੱਚਿਆਂ ਦੇ ਪ੍ਰੋਗਰਾਮ ਰਿਕਾਰਡ ਕਰਕੇ ਪੇਸ਼ ਕਰਦੇ ਸਨ ਅਤੇ ਵਿਸ਼ਵਨਾਗਰਕ ਨੂੰ ਵੀ ਕਦੇ-ਕਦੇ ਮੌਕਾ ਮਿਲ ਜਾਂਦਾ ਸੀ। ੧੯੬੬ ਵਿੱਚ ਉਸਨੇ ਦਸਵੀਂ ਪਾਸ ਕਰ ਲਈ। ਉਹ ਸੂਦਨ ਜੀ ਦੀ ਮੌਜੂਦਗੀ ਵਿੱਚ ਦੋ-ਤਿੰਨ ਵਾਰੀ ਲੇਖਕ ਸਭਾ ਦੀ ਬੈਠਕ ਵਿੱਚ ਕਵਿਤਾਵਾਂ ਵੀ ਪੜ੍ਹ ਚੁੱਕਿਆ ਸੀ। ਸਭ ਦੀਆਂ ਰਚਨਾਵਾਂ ਤੇ ਫਿਕਰੇ ਕਸਨ ਵਾਲੇ ਸੂਦਨ ਨੇ ਕਦੇ ਵੀ ਵਿਸ਼ਵਨਾਗਰਕ ਦੀ ਕਵਿਤਾਵਾਂ ਉੱਤੇ ਕੁੱਝ ਨਹੀਂ ਕਿਹਾ। ਵਿਸ਼ਵਨਾਗਰਕ ਐੱਮ.ਈ.ਐੱਸ. ਵਿਚ ਕੰਮ ਕਰ ਰਿਹਾ ਸੀ। ਇਕ ਦਿਨ ਜਦੋਂ ਉਹ ਕੰਪਨੀ ਬਾਗ਼ ਵਿੱਚ ਇਕੱਲਾ ਹੀ ਉਦਾਸ, ਪਰੇਸ਼ਾਨ ਜਿਹਾ ਬੈਠਾ ਸੀ, ਕਿ ਅਚਾਨਕ ਸੂਦਨ ਵੀ ਉੱਥੇ ਆ ਗਏ। ਦੋਨਾਂ ਨੇ ਆਪਣੀਆਂ ਯਤੀਮੀ ਦੀਆਂ ਗਾਥਾਵਾਂ ਸਾਂਝੀਆਂ ਕਰਕੇ ਮਨ ਹੌਲਾ ਕੀਤਾ। ਕੁੱਝ ਕਵਿਤਾਵਾਂ ਦਾ ਪਾਠ ਵਗੈਰਾ ਵੀ ਹੋਇਆ। ਹੋਰ ਸਾਂਝਾਂ ਤੋਂ ਬਾਅਦ ਸੂਦਨ ਨੇ ਵਿਸ਼ਵਨਾਗਰਕ ਨੂੰ ਆਪਣੀ ਛਾਪ ਚੁੱਕੀ ਪੁਸਤਕ 'ਕਾਲੇ ਚਿੱਟੇ ਵਾਲ' ਭੇਂਟ ਕੀਤੀ।

ਉਨ੍ਹਾਂ ਵਿੱਚ ਦੂਜੀ ਵਾਰੀ ਮਿਲਣੀ ਕੋਈ ਸੱਤ-ਅੱਠ ਸਾਲਾਂ ਪਿੱਛੋ ਹੋਈ। ਸੂਦਨ ਜੀ ਅਚਾਨਕ ਵਿਸ਼ਵਨਾਗਰਕ ਦੇ ਘਰ ਆਏ। ਉਨ੍ਹਾਂ ਦੇ ਹੱਥ ਵਿੱਚ ਵਿਸ਼ਵਨਾਗਰਕ ਦਾ ਲਿਖਿਆ ਹੋਇਆ ਪਰਚਾ ਸੀ ਜੋਕਿ ਵਿਸ਼ਵਨਾਗਰਕ ਨੇ ਡੇਰਾ ਨੰਗਾਲੀ ਸਾਹਿਬ, ਪੁਣਛ ਦੇ ਉਸ ਸਮੇਂ ਦੇ ਮੁਖੀ ਮਹੰਤ ਬਚਿੱਤਰ ਸਿੰਘ ਪ੍ਰਤੀ 'ਮਹੰਤ ਸਾਹਿਬ ਸੰਕਟ ਵਿੱਚ' ਲਿੱਖਿਆ ਸੀ। ਇਸ ਲੇਖ ਵਿੱਚ ਸਿੱਖੀ ਪ੍ਰਸਾਰ ਲਈ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਨਿਯੁਕਤ ਕੀਤੇ ਗਏ ਸੰਤ ਫੇਰੂ ਸਿੰਘ ਜੀ ਦੀ ਬਾਰ੍ਹਵੀਂ ਥਾਂ 'ਤੇ ਮਹੰਤ ਬਚਿੱਤਰ ਸਿੰਘ ਜੀ ਦਾ ਜੰਮੂ-ਕਸ਼ਮੀਰ ਗੁਰਦਵਾਰਾ ਚੋਣਾਂ ਵਿੱਚ ਕੁੱਝ ਸਵਾਰਥੀ ਅਤੇ ਸ਼ਰਮਾਏਦਾਰਾਂ ਦੇ ਚੁੰਗਲ ਵਿੱਚ ਆ, ਸਾਂਝੇ ਤੌਰ 'ਤੇ ਵਿਚਰਨ ਦੀ ਥਾਂ ਕਿਸੇ ਇੱਕ ਗਰੁੱਪ ਦੀ ਮਦਦ ਕਰਨ 'ਤੇ ਕੁੱਝ ਪ੍ਰਸ਼ਨ ਉਠਾਏ ਗਏ ਸਨ ਤੇ ਕੁੱਝ ਖਰੀਆਂ-ਖਰੀਆਂ ਵੀ ਸੁਣਾਈਆਂ ਗਈਆਂ ਸਨ। ਸੂਦਨ ਜੀ ਉਸ ਵੇਲੇ ਗੌਰਮਿੰਟ ਕਾਲਜ, ਅੰਤਨਾਗ ਵਿੱਚ ਪੜ੍ਹਾਉਣ ਲੱਗੇ ਸਨ। ਉਹ ਪਰਚਾ ਜਦੋਂ ਸੂਦਨ ਦੇ ਹੱਥ ਲੱਗਿਆ ਤਾਂ ਉਹ ਵਿਸ਼ਵਨਾਗਰਕ ਨੂੰ ਮਿਲਣ ਲਈ ਜੰਮੂ ਆਏ। ਵਿਸ਼ਵਨਾਗਰਕ ਲਿਖਦੇ ਹਨ 'ਉਹ ਇਸ ਪਰਚੇ ਵਿੱਚ ਲਿਖੇ ਲੇਖ ਨਾਲ ਕਿੰਨੇ ਸਹਿਮਤ ਸੀ, ਕਿਹਾ ਨਹੀਂ ਜਾ ਸਕਦਾ,

ਪਰ ਇਸਨੂੰ ਜਿਸ ਸ਼ੈਲੀ ਅਤੇ ਸ਼ਬਦਾਵਲੀ ਵਿੱਚ ਪੇਸ਼ ਕੀਤਾ ਗਿਆ ਸੀ ਉਹ ਪ੍ਰਭਾਵਿਤ ਕਰਦਾ ਦਿਖਦਾ ਸੀ।' ਉਨ੍ਹਾਂ ਨੇ ਵਿਸ਼ਵਨਾਗਰਕ ਦੀ ਵਾਰਤਿਕ ਦੀ ਖੁੱਲ ਕੇ ਸ਼ਲਾਘਾ ਕੀਤੀ। ਵਿਸ਼ਵਨਾਗਰਕ ਨੇ ਖ਼ੁਸ਼ੀ-ਖ਼ੁਸ਼ੀ ਆਪਣੀਆਂ ਕੁੱਝ ਕਵਿਤਾਵਾਂ ਅਤੇ ਇਕਾਂਗੀ ਨਾਟਕ ਸੂਦਨ ਨੂੰ ਸੁਣਾਏ। ਸੂਦਨ ਨੇ ਆਪਣੇ ਝੋਲੇ ਵਿੱਚੋਂ ਆਪਣੀਆਂ ਦੋ ਪੁਸਤਕਾਂ 'ਵਨਜਾਰੇ' ਅਤੇ 'ਕਾਹਦੇ ਲਈ' ਭੇਂਟ ਕੀਤੀਆਂ। ਉਨ੍ਹਾਂ ਬਿਨਾਂ ਪੁੱਛੇ ਹੀ ਵਿਸ਼ਵਨਾਗਰਕ ਦਾ ਹੱਥ-ਲਿਖਿਤ ਇਕਾਂਗੀ ਨਾਟਕ ਆਪਣੇ ਝੋਲੇ ਵਿੱਚ ਪਾ ਲਿਆ। ਫਿਰ ਮਿਲਣ ਦਾ ਇਹ ਦੌਰ ਛੇਤੀ ਨਾਲ ਚੱਲ ਪਿਆ।

ਲੇਖ ਵਿੱਚ ਆਪਣੇ ਵਿਚਾਰਾਂ ਨਾਲ ਹੋਰ ਲੇਖਕਾਂ ਅਤੇ ਦੋਸਤਾਂ ਦੇ ਵਿਚਾਰ ਵੀ ਸ਼ਾਮਿਲ ਕੀਤੇ ਹਨ ਜਿਨ੍ਹਾਂ ਵਿੱਚ ਡਾ. ਦਲਜੀਤ ਸਿੰਘ, ਰਘਬੀਰ ਸਿੰਘ ਮੁਕਤ, ਡਾ. ਜਨਕ ਸਿੰਘ ਕਿਰਤੀ, ਸ਼੍ਰੀਮਤੀ ਚੰਦਨ ਨੇਗੀ, ਮਹਿੰਦਰ ਰੰਜੂਰ, ਸੁਰਜੀਤ ਗਿਲ, ਪ੍ਰੋ. ਪਰਮਿੰਦਰ ਸਿੰਘ, ਜੋਗਿੰਦਰ ਸਿੰਘ ਪਾਂਧੀ, ਗੁਰਚਰਨ ਸਿੰਘ ਗੁਲਸ਼ਨ, ਹਰਭਜਨ ਸਾਗਰ, ਡਾ. ਅਰਵਿੰਦਰ ਸਿੰਘ ਅਮਨ, ਕੰਵਲ ਕਸ਼ਮੀਰੀ, ਸ਼ਰਨ ਸਿੰਘ, ਅਮਰੀਕ ਸਿੰਘ, ਇਛੂਪਾਲ, ਹਰਜੀਤ ਸਿੰਘ, ਸਰਵਨ ਸਿੰਘ, ਡਾ. ਮੋਨੋਜੀਤ, ਡਾ. ਬਲਜੀਤ ਰੈਨਾ ਆਦਿ ਦੇ ਨਾਂ ਸਾਮਿਲ ਹਨ।

ਭੁਪਿੰਦਰ ਸਿੰਘ ਦਾ ਜਨਮ ੧੯੪੭ (ਬਟਵਾਰੇ ਵਾਲੇ ਸਾਲ) ਵਿੱਚ ਹੋਇਆ ਸੀ। ਉਸਦੇ ਮਾਂ-ਬਾਪ- ਸ. ਠਾਕੁਰ ਸਿੰਘ ਅਤੇ ਮਾਂ ਗੰਗੋ, ਆਪਣਾ ਪਿੰਡ 'ਧੜਿਆ' (ਹੁਣ ਪਾਕਿ ਅਧੀਨ ਤਹਿਸੀਲ ਬਾਗ਼) ਛੱਡ ਕੇ ਅਕਤੂਬਰ ਵਿੱਚ ਰਿਫਉਜ਼ੀ ਬਣ ਗਏ। ਤਿੰਨ ਕੁ ਸਾਲ ਦੀ ਉਮਰ ਵਿੱਚ ਉਸਦੇ ਮਾਂ-ਬਾਪ ਗੁਜ਼ਰ ਗਏ। ਉਨ੍ਹਾਂ ਦਾ ਪਾਲਣ-ਪੋਸ਼ਣ ਉਨ੍ਹਾਂ ਦੇ ਚਾਚਾ ਨੇ ਕੀਤਾ। ਮੁੱਢਲੀ ਸਿੱਖਿਆ ਬਟੋਤ 'ਚ ਹੋਈ ਅਤੇ ਦਸਵੀਂ ਜੰਮੂ ਤੋਂ ਪਾਸ ਕੀਤੀ। ਸਕੂਲ ਸਮੇਂ ਤੋਂ ਹੀ ਉਹ ਪੰਜਾਬੀ ਸਾਹਿਤ ਸਭਾ ਦੀਆਂ ਸਭਾਵਾਂ ਵਿੱਚ ਭਾਗ ਲੈਣ ਲੱਗ ਪਏ ਸਨ। ੧੯੬੯ 'ਚ ਹੋਈ ਵਿਸ਼ਾਲ ਪੰਜਾਬੀ ਕਾਨਫ਼ਰੰਸ ਵਿੱਚ ਉਹ ਸ. ਮੁਕਤ ਅਤੇ ਸਪਨਮਾਲਾ ਦੇ ਕਾਫ਼ੀ ਕਰੀਬ ਆ ਗਏ। ਪਹਿਲਾਂ ਉਹ ਆਪਣੇ ਨਾਂ ਨਾਲ ਰਾਹੀ ਲਿਖਦੇ ਸੀ ਬਾਅਦ ਵਿੱਚ ਉਨ੍ਹਾਂ ਨੇ ਇਸਨੂੰ ਸੂਦਨ ਲਿਖਣਾ ਸ਼ੁਰੂ ਕਰ ਦਿੱਤਾ। ੧੯੬੯ ਵਿੱਚ ਹੀ ਉਨ੍ਹਾਂ ਨੇ ਪੰਜਾਬੀ ਦੀ ਬੀ.ਏ. ਕਰ ਲਈ। ੧੯੭੧ ਵਿੱਚ ਉਨ੍ਹਾਂ ਦੀ ਪਹਿਲੀ ਕਹਾਣੀਆਂ ਦੀ ਪੁਸਤਕ ਛਪੀ। ੧੯੭੧ ਵਿੱਚ ਸੂਦਨ ਨੇ ਇਤਿਹਾਸ ਵਿੱਚ ਐਮ.ਏ. ਕਰ ਲਈ। ੧੯੭੬ ਵਿੱਚ ਪੰਜਾਬੀ ਵਿੱਚ ਐਮ.ਏ. ਕੀਤੀ ਅਤੇ ੧੯੭੮ ਵਿੱਚ ਉਨ੍ਹਾਂ ਦੀ ਨਿਯੁਕਤੀ ਗੌਰਮਿੰਟ ਕਾਲਜ ਅਨੰਤਨਾਗ ਵਿੱਚ ਹੋ ਗਈ। ਉਨ੍ਹਾਂ ਨੇ ਡਾ. ਦਲਜੀਤ ਦੇ ਪ੍ਰੋਤਸਾਹਨ ਨਾਲ 'ਪੁਣਛ ਦੀ ਲੋਕਧਾਰਾ ਤੇ ਸੰਸਕ੍ਰਿਤੀ' 'ਤੇ ਖੋਜ ਕਰਕੇ ਪੀਐਚ.ਡੀ. ਕਰ ਲਈ। ਉਨ੍ਹਾਂ ਦੇ ਹੋਰ ਕੰਮ ਹਨ- 'ਕਾਲੇ ਚਿੱਟੇ ਵਾਲ' (ਸੰਪਾਦਨਾ), 'ਕੌੜਾ ਸੱਚ', 'ਮੈਨੂੰ ਲੱਭ ਲਓ', 'ਮੇਰੇ ਰੰਗ ਦਾ ਪਾਣੀ', 'ਵਣਜਾਰੇ', 'ਕਾਹਦੇ ਲਈ', 'ਗੁਲਮੋਹਰ' ਅਤੇ 'ਰਾਤ ਦੀ ਰਾਣੀ'। 'ਮੈਂ ਉਹ ਨਹੀਂ' ਉਨ੍ਹਾਂ ਦਾ ਅਣਛਪਿਆ ਨਾਵਲ ਹੈ। 'ਲੋਕ-ਸੁਰ ਦੇ ਨਾਲ-ਨਾਲ' ਅਤੇ 'ਪੁਣਛ ਦੀ ਲੋਕਧਾਰਾ' ਉਸਦੀਆਂ ਖੋਜ ਕਿਰਤਾਂ ਹਨ। 'ਜੰਮੂ-ਕਸ਼ਮੀਰ ਦਾ ਪੰਜਾਬੀ ਸਾਹਿਤ' ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਅਤੇ ਲੈਂਗਵੇਜਜ਼ ਵੱਲੋਂ ਦਿੱਤਾ ਗਿਆ ਖੋਜ ਕੰਮ ਸੀ ਜੋਕਿ ਉਸਨੇ ਡਾ. ਗੁਰਚਰਨ ਸਿੰਘ ਗੁਲਸ਼ਨ ਨਾਲ ਮਿਲ ਕੇ ਕਰਨਾ ਸੀ। ਉਸ ਖੋਜ ਉੱਤੇ ਪਹਿਲੀ ਪੁਸਤਕ ਛਪ ਚੁੱਕੀ ਹੈ।

'ਰਿਆਸਤੀ ਪੰਜਾਬੀ ਸਾਹਿਤ ਦੇ ਸੁਨਹਿਰੇ ਪੰਨਿਆਂ 'ਚ ਉਕਰਿਆ ਇੱਕ ਨਾਂ: ਮਹਿੰਦਰ ਸਿੰਘ ਰੰਜੂਰ' ਇਸ ਪੁਸਤਕ ਦਾ ਪੰਜਵਾਂ ਲੇਖ ਬਣਿਆ ਹੈ। ਉਸਦਾ ਰੇਖਾ ਚਿੱਤਰ ਖਿੱਚਦੇ ਹੋਏ ਦੇਵਿੰਦਰ ਸਿੰਘ ਵਿਸ਼ਵਨਾਗਰਕ ਲਿਖਦੇ ਹਨ, 'ਉਸਦੇ ਪਤਲੇ ਪਰ ਸੁਡੌਲ ਸਰੀਰ ਦੀ ਚੁਸਤੀ-ਫੁਰਤੀ, ਉਸਦੀ ਦਸਤਾਰ, ਰਫਤਾਰ ਤੇ ਗੁਫਤਾਰ ਤੋਂ ਉਸਦੀ ਵਿਅਕਤੀਗਤ ਵਿਲੱਖਣਤਾ ਸਹਜੇ ਹੀ

ਝਲਕ ਪੈਂਦੀ।... ਧਾਰਮਿਕਤਾ ਉਸਨੂੰ ਵਿਰਾਸਤ ਵਿੱਚ ਮਿਲੀ ਸੀ, ਪਰ ਇਹ ਧਾਰਮਿਕਤਾ ਕੱਟੜਤਾ ਨਹੀਂ ਬਲਕਿ ਮਾਨਵਤਾ ਦੀ ਸੇਵਾ ਸੀ। ਰੰਜੂਰ ਦੇ ਪਿਤਾ ਗਿਆਨੀ ਜੀਵਨ ਸਿੰਘ ਧਾਰਮਿਕ ਸੁਲਝੇ ਹੋਏ ਸਮਾਜ ਸੇਵਕ ਅਨਿਆਂ ਦੇ ਵਿਰੁੱਧ ਡਟ ਜਾਣ ਵਾਲੇ ਇੱਕ ਬਾਜ਼ੁਰਤ ਸ਼ਖਸੀਅਤ ਦੇ ਮਾਲਿਕ ਸਨ। ਅਜਿਹੇ ਧਾਰਮਿਕ ਵਾਤਾਵਨ ਦਾ ਅਸਰ ਕਬੂਲਦੇ ਉਹ ਸਿੱਖ ਧਾਰਮਿਕ ਫ਼ਲਸਫ਼ੇ ਦੇ, ਮਾਨਸ ਕੀ ਜਾਤ ਸਭੇ ਏਕੈ ਪਹਿਚਾਨਬੋ ਅਤੇ ਜੋ ਉਸਦੀ ਇਨਕਲਾਬੀ ਰਗ ਨੂੰ ਮਚਾਂਦਾ ਸੀ, ਉਹ ਸੀ ਉਸਦੀ ਤੀਖਣ ਬੁੱਧੀ ਦੀ ਸੋਚ।... ਕੀ ਲੋੜ ਪਈ ਸੀ? ਕੀ ਕਾਰਨ ਸੀ?... ਉਹ ਕਾਰਨ ਕਿਉਂ ਬਣੇ, ਗੁਰੂ ਗੋਬਿੰਦ ਸਿੰਘ ਨੇ ਆਪਣੇ ਬੱਚੇ ਸ਼ਹੀਦ ਕਰਵਾ ਦਿੱਤੇ?... ਇਸ ਸੋਚ ਨੇ ਉਸ ਅੰਦਰ ਅਨਿਆਂ ਵਿਰੁੱਧ ਖੜਾ ਹੋਣ ਦੇ ਨਾਲ-ਨਾਲ ਸਮਾਜੀ ਵਿਕਾਸ ਅਤੇ ਲੋਕ ਭਲਾਈ ਲਈ ਕੁੱਝ ਕਰਨ ਲਈ ਪ੍ਰੇਰਨਾ ਸਰੋਤ ਬਣਿਆ।...'

ਉਨ੍ਹਾਂ ਦੇ ਜੀਵਨ ਬਾਰੇ ਲਿਖਦਿਆਂ ਵਿਸ਼ਵਨਾਗਰਕ ਜੀ ਕਹਿੰਦੇ ਹਨ ਕਿ ਉਹ ੧੩ ਫ਼ਰਵਰੀ, ੧੯੪੫ ਨੂੰ ਜਨਮੇ ਸਨ। ਤਕਰੀਬਨ ਢਾਈ ਸਾਲ ਦੀ ਉਮਰ ਵਿੱਚ ਹੀ ਮਾਂ-ਬਾਪ ਨਾਲ ਅਕਤੂਬਰ, ੧੯੪੭ ਵਿੱਚ ਰਿਫਉਜੀ ਬਣਕੇ ਕਸ਼ਮੀਰ ਦੇ ਕੈਂਪਾਂ ਵਿੱਚ ਆਸਰਾ ਲਿਆ। ਉਨ੍ਹਾਂ ਨੂੰ ਮੁੜ ਵਸੇਬਾ ਕਰਾਉਣ ਵਾਲਿਆਂ ਦਾ ਖ਼ੁਦਗ਼ਰਜ਼ੀ ਵਰਤਾਰਾ ਚੁੱਭਦਾ ਸੀ। ਸਮਾਜ ਦੇ ਸ਼ੋਸ਼ਣ, ਬੁਰਾਈਆਂ, ਜਵਾਨਾਂ ਦਾ ਨਸ਼ਿਆਂ ਵਿੱਚ ਭੱਟਕਣਾ, ਰਾਜਸੀ ਲੋਕਾਂ ਅਤੇ ਪੁਲਸ ਦੇ ਵਰਤਾਰੇ, ਆਰਥਕ ਮੰਦਹਾਲੀ ਵਿੱਚ ਪਿਸ ਰਹੇ ਲੋਕਾਂ ਦੀ ਹਾਲਤ ਆਦਿ ਨੇ ਉਸਦੇ ਮਨ 'ਤੇ ਗਹਿਰਾ ਅਸਰ ਪਾਇਆ, ਜਿਸ ਕਰਕੇ ਉਸਦਾ ਅੰਦਰ ਖੌਲ ਜਾਂਦਾ ਅਤੇ ਉਹ ਅਜਿਹੇ ਪ੍ਰਬੰਧ ਵਿਰੁੱਧ ਆਵਾਜ਼ ਉਠਾਉਣ ਲਈ ਮੌਕਾ ਲੱਭਦਾ। ਰਿਫਉਜੀਆਂ ਦੇ ਹਰ ਅੰਦੋਲਨ ਵਿੱਚ ਉਹ ਪੂਰਾ ਸਹਿਯੋਗ ਦਿੰਦਾ। ਦੇਵਿੰਦਰ ਸਿੰਘ ਲਿਖਦੇ ਹਨ, 'ਉਹਦੇ ਅੰਦਰ ਹੀ ਅੰਦਰ ਅਜਿਹਾ ਜਹਿਨੀ ਘੋਲ ਹੁੰਦਾ ਰਿਹਾ... ਉਹਨੂੰ ਵਿਰਾਸਤ ਵਿੱਚ ਮਿਲੀ ਧਾਰਮਿਕ ਗੁੜ੍ਹਤੀ ਅਤੇ ਸਿੱਖ ਗੁਰੂਆਂ ਦੀਆਂ ਸਮਾਜ ਨੂੰ ਜਾਗਰੂਕ ਕਰਨ ਲਈ ਕੀਤੀਆਂ ਕੁਰਬਾਨੀਆਂ ਅਤੇ ਅਜੋਕੇ ਧਰਮ ਪ੍ਰਚਾਰਕਾਂ ਵੱਲੋਂ ਕੀਤੇ ਜਾ ਰਹੇ ਪ੍ਰਚਾਰ ਵਿਚਲਾ ਅੰਤਰ ਇੱਕ ਦੁਵਿੱਧਾ ਵਿੱਚ ਪਾ ਦਿੰਦਾ। ...'

ਉਨ੍ਹਾਂ ਦੀ ਪੰਜਾਬੀ ਲੇਖਕ ਸਭਾ ਦੀ ਪ੍ਰਧਾਨਗੀ ਵਿੱਚ ੧੯੯੦- ੯੧ ਵਿੱਚ ਖ਼ਾਲਸਾ ਸਕੂਲ ਜੰਮੂ ਨੇ ਸਭਾ ਦੇ ਦਫ਼ਤਰ ਵਾਲਾ ਕਮਰਾ ਖ਼ਾਲੀ ਕਰਵਾ ਲਿਆ। ੧੯੯੭- ੯੮ ਵਿੱਚ ਰਘਬੀਰ ਸਿੰਘ ਮੁਕਤ ਨੂੰ ਸਭਾ ਦਾ ਪ੍ਰਧਾਨ ਬਣਾਇਆ ਗਿਆ। ਸ. ਮੁਕਤ, ਮਾਸਟਰ ਭਗਤ ਸਿੰਘ ਜੰਦੀਕ ਅਤੇ ਦੇਵਿੰਦਰ ਸਿੰਘ, ਡੇਰਾ ਨੰਗਾਲੀ ਸਾਹਿਬ ਦੇ ਮੁਖੀ ਮਹੰਤ ਮਨਜੀਤ ਸਿੰਘ ਜੀ ਨੂੰ ਮਿਲੇ ਅਤੇ ਆਪਣੀ ਦੁਸ਼ਵਾਰੀ ਬਾਰੇ ਦੱਸਿਆ। ਉਨ੍ਹਾਂ ਨੇ ਪੰਜਾਬੀ ਭਵਨ ਬਣਾਉਣ ਲਈ ਇੱਕ ਕਨਾਲ ਥਾਂ ਰਾਣੀ ਤਲਾਬ, ਦਿਗਿਆਣਾ ਵਿਖੇ ਦੇ ਦਿੱਤੀ।

ਰੰਜੂਰ ੭ ਫ਼ਰਵਰੀ, ੨੦੦੨ ਵਿੱਚ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਇਸ ਨਾਲ ਸਮੂਹਿਕ ਪੰਜਾਬੀ ਸਾਹਿਤ ਨਾਲ ਜੁੜਿਆ ਪਰਿਵਾਰ ਸ਼ੋਕ ਦੀ ਲਹਿਰ ਵਿੱਚ ਡੁੱਬ ਗਿਆ। ਪੰਜਾਬੀ ਲੇਖਕ ਸਭਾ ਨੇ ਇੱਕ ਸ਼ਰਧਾਂਜਲੀ ਸਮਾਰੋਹ ਰੱਖਿਆ ਜਿਸ ਵਿੱਚ ਜਿਨ੍ਹਾਂ ਮੰਨੇ-ਪ੍ਰਮੰਨੇ ਪੰਜਾਬੀ ਸਾਹਿਤਕਾਰਾਂ ਨੇ ਆਪਣੀਆਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਉਨ੍ਹਾਂ ਵਿੱਚ ਡਾ. ਜਨਕ ਸਿੰਘ ਕਿਰਤੀ, ਕੰਵਲ ਕਸ਼ਮੀਰੀ, ਦੇਵਿੰਦਰ ਸਿੰਘ ਵਿਸ਼ਵਨਾਗਰਕ, ਆਰ.ਐਸ. ਰਾਜਨ, ਡਾ. ਅਰਵਿੰਦਰ ਸਿੰਘ ਅਮਨ, ਕ੍ਰਿਪਾਲ ਸਿੰਘ ਕਸਾਲੀ, ਪ੍ਰਿਤਪਾਲ ਸਿੰਘ ਬੇਤਾਬ, ਵਿਸ਼ਵਨਾਥ ਦਿਲ, ਡਾ. ਸ਼ੁਸੀਲ ਸ਼ਰਮਾ, ਅਮਰ ਸਿੰਘ ਕੂਕਾ, ਡਾ. ਦੇਵਿੰਦਰ ਸਿੰਘ, ਸ਼ਮਸ਼ੇਰ ਸਿੰਘ ਚੌਹਾਲਵੀ, ਬਲਵੰਤ ਠਾਕੁਰ, ਪ੍ਰੋ. ਰਾਮਨਾਥ ਸ਼ਾਸਤਰੀ, ਡਾ. ਬਲਜੀਤ ਸਿੰਘ, ਹਰਭਜਨ ਸਾਗਰ, ਅਭਿਮੰਨਿਯੂ ਸ਼ਰਮਾ, ਮਾਨ ਸਿੰਘ ਭਾਰਗਵ, ਮਹਿੰਦਰ ਸਿੰਘ, ਡਾ. ਮੋਨੋਜੀਤ ਆਦਿ ਸ਼ਾਮਿਲ ਸਨ।

ਪੁਸਤਕ ਵਿੱਚ ਸ਼ਾਮਿਲ ਛੇਵੇਂ ਅਤੇ ਆਖ਼ਰੀ ਲੇਖ ਦਾ ਸ਼ੀਰਸ਼ਕ ਹੈ 'ਪੰਜਾਬੀ ਲੇਖਕ ਸਭਾ (ਰਜਿ.) ਜੰਮੂ: ਇੱਕ ਸੰਘਰਸ਼ ਲਹਿਰ'। ਇਸ ਲੇਖ ਵਿੱਚ ਲੇਖਕ ਨੇ ਸਭਾ ਦੇ ਬਣਨ ਤੋਂ ਲੈ ਕੇ ਪੁਸਤਕ ਦੇ ਲਿਖੇ ਜਾਣ ਤੱਕ ਦੀ, ਸਭਾ ਦੇ ਸੰਘਰਸ਼ ਦੀ ਗੱਲ ਲਿਖੀ ਹੈ। ਇਸ ਲੇਖ ਵਿੱਚ ਸਭਾ ਦੇ ਇਤਿਹਾਸ, ਕਸਮਕਸ਼, ਉਤਰਾਅ-ਚੜ੍ਹਾਅ ਅਤੇ ਕਾਰਵਾਹੀਆਂ ਦੀ ਵਿਆਖਿਆ ਤਬਸੀਲ ਨਾਲ ਕੀਤੀ ਗਈ ਹੈ। ਚੰਗੇ-ਮੰਦੇ ਪਲ, ਸਭਾ ਦੇ ਮੈਂਬਰਾਂ ਦੀਆਂ ਸੇਵਾਵਾਂ ਅਤੇ ਉਨ੍ਹਾਂ ਦੀਆਂ ਮੰਦੇ ਯੋਗਦਾਨ ਦਾ ਵੀ ਜ਼ਿਕਰ ਹੈ, ਅਤੇ ਉਨ੍ਹਾਂ ਦੁਆਰਾ ਸਭਾ ਦੇ ਕੰਮਕਾਜ ਵਿੱਚ ਚੰਗੇ-ਮੰਦੇ ਰੁਝਾਨ ਦਾ ਵਰਨਣ ਕੀਤਾ ਗਿਆ ਹੈ।

੧੯੪੭ ਦੇ ਵਿਭਾਜਨ ਸਮੇਂ ਬਹੁਤ ਸਾਰੇ ਲੋਕ ਰਫਿਉਜੀ ਬਣ ਕੇ ਜੰਮੂ ਆ ਵਸੇ। ਜੰਮੂ ਵਿੱਚ ਪੰਜਾਬੀ ਅਤੇ ਹੋਰ ਬੋਲੀਆਂ ਦਾ ਬੋਲਬਾਲਾ ਸੀ। ਜੰਮੂ ਵਿਖੇ 'ਅੰਜੁਮਨ ਤਰੱਕੀ ਪਸੰਦ ਅਦਬ' ਨਾਂ ਦੀ ਅਦਬੀ ਸੰਸਥਾ ਚਲ ਰਹੀ ਸੀ ਜਿਸ ਵਿੱਚ ਉਰਦੂ, ਪੰਜਾਬੀ, ਡੋਗਰੀ ਅਤੇ ਹਿੰਦੀ ਦੇ ਕਵੀ, ਲੇਖਕ ਤੇ ਚਿੰਤਕ ਜੁੜ-ਮਿਲ ਬੈਠਦੇ ਸਨ। ਪੁਣਛ, ਮੀਰਪੁਰ, ਮੁਜੱਫਰਾਬਾਦ ਤੋਂ ਆਏ ਪੰਜਾਬੀ ਬੋਲਣ ਵਾਲੇ ਭਾਰੀ ਗਿਣਤੀ ਵਿੱਚ ਰਫਿਉਜੀ ਜੋ ਜੰਮੂ ਵਿੱਚ ਰਹਿ ਰਹੇ ਸਨ ਉਨ੍ਹਾਂ ਵਿੱਚੋਂ ਬਹੁਤ ਸਾਰੇ ਸਾਹਿਤ ਨਾਲ ਜੁੜੇ ਲੋਕ 'ਅੰਜੁਮਨ ਤਰੱਕੀ ਪਸੰਦ ਅਦਬ' ਸੰਸਥਾ ਨਾਲ ਜੁੜ ਗਏ। ਇਸ ਸੰਸਥਾ ਨਾਲ ਜੁੜੇ ਦਾਨਸ਼ਵਰਾਂ ਵਿੱਚ ਕੁੱਝ ਨਾਂ ਹਨ- ਸ. ਰਘਬੀਰ ਸਿੰਘ ਮੁਕਤ, ਚੁਨੀ ਲਾਲ ਕਮਲਾ, ਸੰਤੋਖ ਸਿੰਘ ਸੰਤੋਖ, ਡਾ. ਪ੍ਰੀਤਮ ਸਿੰਘ, ਭੀਮ ਸੈਣੀ ਸੇਵਕ, ਬਸ਼ੀਰ ਅਹਿਮਦ ਬਸ਼ੀਰ, ਮਾਸਟਰ ਦੀਨਾ ਨਾਥ ਆਦਿ।

੧੯੫੧ ਵਿੱਚ ਸ. ਰਘੁਬੀਰ ਸਿੰਘ ਮੁਕਤ ਨੇ ਪੰਜਾਬੀ ਸਾਹਿਤ ਸਭਾ ਬਣਾਈ ਜਿਸ ਅਧੀਨ 'ਚੜੇ ਚੰਨ ਪੰਜਾਬੀ' ਪ੍ਰੋਗਰਾਮ ਆਯੋਜਤ ਹੋਣੇ ਸ਼ੁਰੂ ਹੋ ਗਏ। ਲੇਖਕ ਸਭਾ ਨਾਲ ਜੁੜਣ ਲੱਗੇ ਅਤੇ ਕਈ ਦੂਜੀਆਂ ਭਾਸ਼ਾਵਾਂ ਦੇ ਲੇਖਕ ਵੀ ਪੰਜਾਬੀ ਵਿੱਚ ਲਿਖਣ ਲੱਗ ਪਏ। ਇਨ੍ਹਾਂ ਲੇਖਕਾਂ ਵਿੱਚੋਂ ਸ਼੍ਰੀਮਤੀ ਸਪਨਮਾਲਾ ਦਾ ਨਾਂ ਵਿਸ਼ੇਸ਼ ਤੌਰ 'ਤੇ ਵਰਨਣਯੋਗ ਹੈ। ਰਿਆਸਤੀ ਕਲਚਰਲ ਅਕੈਡਮੀ ਦੀ ਸਥਾਪਨਾ ਮਗਰੋਂ ਪੰਜਾਬੀ ਸਾਹਿਤ ਸਭਾ, ਜੰਮੂ ਨੂੰ 'ਪੰਜਾਬੀ ਲੇਖਕ ਸਭਾ, ਜੰਮੂ' ਨਾਂ ਨਾਲ ਰਜਿਸਟਰ ਕਰ ਲਿਆ ਗਿਆ। ਸਭਾ ਦਾ ਆਪਣਾ ਨਿਯਮਬੱਧ ਵਿਧਾਨ ਵੀ ਲਾਗੂ ਹੋ ਗਿਆ। ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਅਕਸਰ ਰਘਬੀਰ ਸਿੰਘ ਮੁਕਤ ਅਤੇ ਸਵੱਪਨਮਾਲਾ ਹੀ ਬਣਦੇ ਸਨ ਪਰ ਹੁਣ ਸਭਾ ਦੇ ਵਿਧਾਨ ਮੁਤਾਬਿਕ ਪ੍ਰਧਾਨ ਦੀ ਚੋਣ ਹਰ ਦੋ ਸਾਲਾਂ ਬਾਅਦ ਹੋਣ ਦੀ ਪ੍ਰਥਾ ਤਹਿ ਸੀ। ਇਸ ਲੇਖ ਵਿੱਚ ਚੁਣੇ ਹੋਏ ਪ੍ਰਧਾਨਾਂ ਦੀ ਸੂਚੀ ਵਿੱਚ ਸ਼ਾਮਿਲ ਹਨ- ਸ. ਰਘਬੀਰ ਸਿੰਘ ਮੁਕਤ, ਸ਼੍ਰੀਮਤੀ ਸਪਨਮਾਲਾ, ਡਾ. ਕਰਤਾਰ ਸਿੰਘ ਸੂਰੀ, ਡਾ. ਦਲਜੀਤ ਸਿੰਘ, ਸ਼੍ਰੀ ਓ.ਪੀ. ਸ਼ਰਮਾ ਸਾਰਥੀ, ਡਾ. ਦੇਵਿੰਦਰ ਸਿੰਘ, ਸ. ਕ੍ਰਿਪਾਲ ਸਿੰਘ ਕਸਾਲੀ, ਪ੍ਰੋ. ਸੁਰਿੰਦਰ ਸਿੰਘ ਸੀਰਤ, ਮਹਿੰਦਰ ਸਿੰਘ ਰੰਜੂਰ, ਡਾ. ਜਨਕ ਸਿੰਘ ਕੀਰਤੀ, ਡਾ. ਸੁਸੀਲ ਸ਼ਰਮਾ, ਡਾ. ਬਲਜੀਤ ਸਿੰਘ ਰੈਨਾ, ਸ਼ਮਸ਼ੇਰ ਸਿੰਘ ਚੌਹਾਲਵੀ, ਆਦਿ। ਇਨ੍ਹਾਂ ਵਿੱਚੋਂ ਕਈ ਪ੍ਰਧਾਨ ਇੱਕ ਤੋਂ ਜ਼ਿਆਦਾ ਵਾਰੀ ਪਦ 'ਤੇ ਰਹੇ।

ਵਿਸ਼ਵਨਾਗਰਕ ਲਿਖਦੇ ਹਨ ਕਿ ਸਭਾ ਦੀਆਂ ਸਾਹਿਤਕ ਬੈਠਕਾਂ ਕਦੇ ਕਿਤੇ ਅਤੇ ਕਦੇ ਕਿਤੇ, ਅਤੇ ਕਦੇ ਖੁੱਲੇ ਆਸਮਾਨ ਥੱਲੇ, ਸ. ਰਘਬੀਰ ਸਿੰਘ ਮੁਕਤ ਦੁਆਰਾ ਗਿਆਨੀ ਦੀਆਂ ਕਲਾਸਾਂ ਚਲਾਉਣ ਲਈ ਸਕੂਲ ਖੋਲਿਆ ਸੀ ਜਿੱਥੋਂ ਉਹ ਅਖ਼ਬਾਰ ਵੀ ਚਲਾਉਂਦੇ ਸੀ, ਵਿੱਚ, ਸ਼੍ਰੀਮਤੀ ਸਵੱਪਨਮਾਲਾ ਅਤੇ ਸ. ਜਸਮੇਰ ਸਿੰਘ ਕਾਕਨੂਸ ਦੇ ਘਰ ਵੀ ਹੁੰਦੀਆਂ ਰਹੀਆਂ

੧੯੬੯ ਵਿੱਚ ਸ. ਰਘਬੀਰ ਸਿੰਘ ਦੀ ਪ੍ਰਧਾਨਗੀ ਵਿੱਚ ਹੋਈ ਸਰਬ-ਹਿੰਦ ਪੰਜਾਬੀ ਕਾਨਫ਼ਰੰਸ ਵਿੱਚ ਪੰਜਾਬੀ ਸਾਹਿਤ ਅਤੇ ਫ਼ਿਲਮੀ ਜਗਤ ਦੀਆਂ ਮਹਾਨ ਹਸਤੀਆਂ ਜਿਵੇਂ ਬਲਰਾਜ

ਸਾਹਨੀ, ਗੁਰਬਖਸ਼ ਸਿੰਘ ਪ੍ਰੀਤਲੜੀ, ਗਿ. ਹੀਰਾ ਸਿੰਘ ਦਰਦ, ਤੇਰਾ ਸਿੰਘ ਚੰਨ, ਜਸਵੰਤ ਸਿੰਘ ਕੰਵਲ, ਸਾਧੂ ਸਿੰਘ ਹਮਦਰਦ, ਸ਼ਿਵ ਕੁਮਾਰ ਬਟਾਲਵੀ, ਗੁਰਬਖਸ਼ ਸਿੰਘ, ਗੁਰਦਿਆਲ ਸਿੰਘ ਫੁੱਲ, ਜਗਜੀਤ ਸਿੰਘ ਅਨੰਦ, ਆਦਿ ਨੇ ਹਿੱਸਾ ਲਿਆ ਸੀ। ਇਸ ਕਾਨਫ਼ਰੰਸ ਦਾ ਇਹ ਅਸਰ ਹੋਇਆ ਕਿ ਜੰਮੂ ਦੇ ਪੰਜਾਬੀ ਦੇ ਸਾਹਿਤਕਾਰ ਦੇਸ਼ ਦੀ ਪੰਜਾਬੀ ਸਾਹਿਤ ਦੀ ਮੁੱਖ-ਧਾਰਾ ਨਾਲ ਜੁੜ ਗਏ; ਜੰਮੂ ਯੂਨੀਵ੍ਰਸਟੀ ਵਿੱਚ ਪੰਜਾਬੀ ਵਿਭਾਗ ਖੁੱਲ ਗਿਆ; ਐੱਮ.ਸੀ. ਖ਼ਾਲਸਾ ਹਾਈ ਸਕੂਲ ਦੀ ਮਨੇਜਮੈਂਟ ਦੇ ਮੁਖੀ ਰੂਪ ਸਿੰਘ ਦਾ ਧਿਆਨ ਇਸ ਪਾਸੇ ਖਿੱਚਿਆ ਅਤੇ ਸਕੂਲ ਵਿੱਚ ਸਭਾ ਨੂੰ ਇੱਕ ਕਮਰਾ ਦਫ਼ਤਰ ਬਣਾਉਣ ਲਈ ਦੇ ਦਿੱਤਾ ਗਿਆ; ਅਤੇ ਲੇਖਕਾਂ ਵਿੱਚ ਪੰਜਾਬੀ ਭਵਨ ਦੀ ਲੋੜ ਮਹਿਸੂਸ ਕੀਤੀ ਗਈ। ਯੂਨੀਵਰਸਟੀ ਵਿੱਚ ਪੰਜਾਬੀ ਵਿਭਾਗ ਖੁੱਲਣ ਕਾਰਨ ਬਾਹਰ ਤੋਂ ਵਿਦਵਾਨ ਆਉਣ-ਜਾਣ ਲੱਗ ਪਏ। ਜੋ ਵੀ ਵਿਦਵਾਨ ਯੂਨੀਵਰਸਟੀ ਆਉਂਦਾ, ਉਸਨੂੰ ਪੰਜਾਬੀ ਸਭਾ ਬੁਲਾ ਕੇ ਦੂਜੇ ਪੰਜਾਬੀ ਸਾਹਿਤਕਾਰਾਂ ਨਾਲ ਜਾਣਕਾਰੀ ਕਰਾਈ ਜਾਂਦੀ। ਖ਼ਾਲਸਾ ਸਕੂਲ ਵਿੱਚ ਜਦੋਂ ਬੀ.ਐਡ. ਦੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਤਾਂ ਸਭਾਂ ਦੇ ਦਫ਼ਤਰ ਦੀ ਥਾਂ ਨੂੰ ਵਾਪਸ ਲੈ ਲਿਆ ਗਿਆ।

੧੯੭੯-੮੦ ਵਿੱਚ ਇੱਕ ਸੋਚ ਨੇ ਜ਼ੋਰ ਫੜਿਆ ਕਿ ਲੇਖਕਾਂ ਕੋਲ ਬੈਠਣ ਲਈ ਆਪਣੀ ਥਾਂ ਹੋਣੀ ਚਾਹੀਦੀ ਹੈ। ਰਘਬੀਰ ਸਿੰਘ ਉਨ੍ਹਾਂ ਦਿਨਾਂ ਵਿੱਚ ਸਭਾ ਦੇ ਪ੍ਰਧਾਨ ਬਣਾਏ ਗਏ। ਵਿਸ਼ਵਨਾਗਰਕ ਦੀ ਉਨ੍ਹਾਂ ਦਿਨਾਂ ਵਿੱਚ ਮਹੰਤ ਮਨਜੀਤ ਸਿੰਘ ਨਾਲ ਨੇੜਤਾ ਬਣੀ ਹੋਈ ਸੀ। ਮਹੰਤ ਜੀ ਦੇ ਜੰਮੂ ਵਿੱਚ ਇੱਕ ਮੌਕੇ 'ਤੇ ਵਿਸ਼ਵਨਾਗਰਕ, ਭਗਤ ਸਿੰਘ ਜ਼ੰਦੀਕ ਅਤੇ ਰਘਬੀਰ ਸਿੰਘ ਮੁਕਤ ਉਨ੍ਹਾਂ ਨੂੰ ਮਿਲੇ ਅਤੇ ਸਭਾ ਦੇ ਪਿਛੋਕੜ ਅਤੇ ਆਪਣੀ ਜ਼ਰੂਰਤ ਬਾਰੇ ਜਾਣੂੰ ਕਰਾਇਆ। ਮਹੰਤ ਸਾਹਬ ਨੇ ਇੱਕ ਕਨਾਲ ਜਗ੍ਹਾ ਰਾਣੀ ਤਲਾਬ, ਦਿਗਿਆਣਾ ਵਿਖੇ ਦੇ ਦਿੱਤੀ। ਬਾਅਦ ਵਿੱਚ ਪ੍ਰਿਤਪਾਲ ਸਿੰਘ ਅਤੇ ਖ਼ਾਲਿਦ ਹੁਸੈਨ ਵਰਗੇ ਲੇਖਕ ਦੋਸਤ ਦੀ ਸਹਾਇਤਾ ਨਾਲ ਚਾਰ ਦੀਵਾਰੀ ਵੀ ਕਰ ਲਈ ਗਈ। ਸਭਾ ਦੇ ਨਵੇਂ ਪ੍ਰਧਾਨਾਂ ਦੀਆਂ ਸੇਵਾਵਾਂ ਜੰਮੂ ਤੋਂ ਬਾਹਰ ਹੋਣ ਕਰਕੇ, ਅਤੇ ਐਜ਼ੈਕਟਵਾਂ ਦਾ ਸਹਿਯੋਗ ਨਾ ਮਿਲਣ ਕਰਕੇ, ਸਭਾ ਦਾ ਕੰਮ ਢਿੱਲਾ ਪੈ ਗਿਆ। ਕਸਾਲੀ ਜੀ ਦੀ ਪ੍ਰਧਾਨਗੀ ਪਿੱਛੋਂ ਜਦੋਂ ਸ਼ਮਸ਼ੇਰ ਸਿੰਘ ਚੌਹਾਲਵੀ ਪ੍ਰਧਾਨ ਬਣੇ ਤਾਂ ਸਭਾ ਦੀਆਂ ਪੰਦਰਵਾੜਾ ਸਾਹਿਤੱਕ ਸਭਾਵਾਂ ਨਾ ਬਰਾਬਰ ਹੋ ਗਈਆਂ। ਉਨ੍ਹਾਂ ਦੇ ਪ੍ਰਧਾਨਗੀ ਦੇ ਦੌਰਾਨ ਉਨ੍ਹਾਂ ਨੇ ਇੱਕ ਵਧੀਆਂ ਕੰਮ ਇਹ ਕਰਵਾ ਦਿੱਤਾ ਕਿ ਕੈਬੀਨੈਟ ਮੰਤਰੀ ਸ਼੍ਰੀ ਰਮਨ ਭੱਲਾ ਦੁਆਰਾ ਭਵਨ ਦਾ ਪ੍ਰੋਪੋਜ਼ਲ ਬਣਵਾ ਕੇ ਸਰਕਾਰ ਨੂੰ ਭੇਜਿਆ। ਬਾਅਦ ਵਿੱਚ ਦਾ. ਨਿਰਮਲ ਵਿਨੋਦ ਅਤੇ ਦੇਵਿੰਦਰ ਸਿੰਘ ਵਿਸ਼ਵਨਾਗਰਕ ਵਰਗੇ ਪ੍ਰਧਾਨ ਆਉਣ ਨਾਲ ਸਾਹਿਤਕ ਗਤੀਵਿਧੀਆਂ ਫਿਰ ਪੱਟੜੀ 'ਤੇ ਆਉਣ ਲੱਗੀਆਂ। ਜਨਵਰੀ ੨੦੧੪ ਵਿੱਚ ਸ਼੍ਰੀ ਰਮਨ ਭੱਲਾ ਦੁਆਰਾ ਪੰਜਾਬੀ ਭਵਨ ਦਾ ਨੀਂਹ ਪੱਥਰ ਬੜੇ ਧੂੰਮ-ਧਮਾਕੇ ਨਾਲ ਰੱਖਿਆ ਗਿਆ। ਭਵਨ ਭਾਵੇਂ ਅਜੇ ਵੀ ਅਧੂਰਾ ਹੈ ਪਰ ਸਭਾ ਦਾ ਸੰਘਰਸ਼ ਅਜੇ ਵੀ ਜਾਰੀ ਹੈ।

ਜਿੱਥੇ ਇਹ ਪੁਸਤਕ ਪਾਠਕਾਂ ਨਾਲ ਜੰਮੂ ਦੇ ਪੰਜਾਬੀ ਲੇਖਕਾਂ ਅਤੇ ਪੰਜਾਬੀ ਲੇਖਕ ਸਭਾ ਬਾਰੇ ਜਾਣਕਾਰੀ ਵਿੱਚ ਸਾਂਝ ਪਾਏਗੀ ਉੱਥੇ ਹੀ ਖੋਜਾਰਥੀਆਂ ਅਤੇ ਨਵੀਂ ਪੌਂਦ ਦੇ ਲੇਖਕਾਂ ਲਈ ਉਨ੍ਹਾਂ ਦੇ ਕੰਮਕਾਜ ਅਤੇ ਅੱਗੇ ਵਧਣ ਵਿੱਚ ਯੋਗਦਾਨ ਪਾਵੇਗੀ।

# ਪਰਵਾਸ : ਪ੍ਰਵਚਨ ਵਿਸ਼ਲੇਸ਼ਣ

## (ਫ਼ਿਲਮਾਂ : 'ਜੀ ਆਇਆ ਨੂੰ ਅਤੇ ਮਿੱਟੀ 'ਵਾਜ਼ਾ ਮਾਰਦੀ' ਦੇ ਸੰਦਰਭ ਵਿੱਚ)

❑ ਡਾ. ਰਜਿੰਦਰ ਕੌਰ

ਪਰਵਾਸ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਅਤੇ ਸਰੂਪ ਸਾਨੂੰ ਵੱਖ-ਵੱਖ ਵਿਦਵਾਨਾਂ ਦੀਆਂ ਲਿਖਤਾਂ ਵਿਚ ਪੜ੍ਹਨ ਨੂੰ ਮਿਲਦਾ ਹੈ। ਪਰਵਾਸ ਨੂੰ ਹਰ ਇਕ ਲੇਖਕ ਨੇ ਆਪਣੇ ਹੱਢ ਬੀਤੀ ਅਨੁਭਵ ਅਨੁਸਾਰ ਵਿਅਕਤ ਕੀਤਾ ਹੈ। ਪਰ ਇਸ ਲਿਖਤ ਵਿਚ ਅਸੀਂ ਪਰਵਾਸ ਨਹੀਂ ਪ੍ਰਵਚਨ ਵਿਸ਼ਲੇਸ਼ਣ ਉਤੇ ਰੌਸ਼ਨੀ ਪਾਣ ਦਾ ਯਤਨ ਕਰਾਂਗੇ, ਵਰਤਮਾਨ ਸਮੇਂ ਵਿਚ 'ਪ੍ਰਵਚਨ' ਇਕ ਅਨੁਸ਼ਾਸਨ ਜਾਂ ਸਿਧਾਂਤ ਵਜੋਂ ਪੇਸ਼ ਹੋ ਰਿਹਾ ਹੈ ਜੋ ਵਾਕੰਸ਼, ਵਿਸ਼ਲੇਸ਼ਣ, ਕਾਰਕ, ਸੰਬੋਧਕ ਹੀ ਨਹੀਂ ਸਗੋਂ ਵਿਆਕਰਣਿਕ ਇਕਾਈਆਂ ਤੋਂ ਕਿਤੇ ਅਗਾਂਹ ਵਧ ਕੇ ਵਿਗਿਆਨ, ਗਣਿਤ, ਸਮਾਜ-ਸਭਿਆਚਾਰ, ਰਾਜਨੀਤੀ ਧਰਮ, ਆਰਥਿਕ ਤਾਣਾ, ਫੈਸ਼ਨ, ਟੀ.ਵੀ. ਮੈਗਜ਼ੀਨ, ਅਖ਼ਬਾਰਾਂ, ਰਸਾਲੇ ਆਦਿ ਵਿਚ ਵੀ ਮਹੱਤਵਪੂਰਣ ਭੂਮਿਕਾ ਨਿਭਾ ਰਿਹਾ ਹੈ।

ਹੁਣ ਇਥੇ ਵਿਚਾਰਨ ਯੋਗ ਗੱਲ ਇਹ ਹੈ ਕਿ ਪ੍ਰਵਚਨ ਨੂੰ ਅਸੀਂ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਵਿਚ ਪੇਸ਼ ਹੁੰਦਾ ਵੇਖਿਆ ਹੈ ਪਰ ਫ਼ਿਲਮਾਂ ਵਿਚ ਪ੍ਰਵਚਨ ਤਲਾਸ਼ਣ ਦਾ ਯਤਨ ਘੱਟ ਹੀ ਵੇਖਣ ਨੂੰ ਮਿਲਿਆ ਹੈ। ਕਹਿਣ ਤੋਂ ਭਾਵ ਹੈ ਕਿ ਜਦੋਂ ਅਸੀਂ ਫ਼ਿਲਮ ਦੇ ਪ੍ਰਵਚਨ ਵਿਸ਼ਲੇਸ਼ਣ ਕਰਨ ਦਾ ਯਤਨ ਕਰਦੇ ਹਾਂ ਤਾਂ ਫ਼ਿਲਮ ਨੂੰ ਵੀ ਇੱਕ ਪਾਠ ਦੇ ਤੌਰ 'ਤੇ ਲੈ ਕੇ ਉਸ ਵਿਚ ਫੈਲੇ ਪ੍ਰਵਚਨ ਨੂੰ ਤਲਾਸ਼ਣ ਦਾ ਯਤਨ ਕਰਾਂਗੇ ਜਦੋਂ ਨਿਰਦੇਸ਼ਕ ਫ਼ਿਲਮ ਦੀ ਕਹਾਣੀ ਨੂੰ ਪੇਸ਼ ਕਰਦਾ ਹੈ। ਉਸ ਪਿੱਛੇ ਵੀ ਉਹ ਸਾਹਿਤ ਦੇ ਸ਼ਬਦਾਂ ਨੂੰ ਪੜ੍ਹਦਾ ਹੈ ਅਤੇ ਵਿਚਾਰਦਾ ਹੈ ਕਿਉਂਕਿ ਜਦੋਂ ਵੀ ਵਸਤੂ ਕਿਸੇ ਦੂਸਰੀ ਵਿਧਾ ਵਿਚ ਰੂਪਾਂਤਰਿਤ ਹੁੰਦੀ ਹੈ ਅਸਲ ਵਿਚ ਉਸਦਾ ਰੂਪਾਂਤਰਨ ਹੋ ਜਾਂਦਾ ਹੈ।

ਇਸੇ ਤਰ੍ਹਾਂ ਜਦੋਂ ਕੋਈ ਨਿਰਦੇਸ਼ਕ ਸਾਹਿਤ ਨੂੰ ਫ਼ਿਲਮ ਵਿਚ ਢਾਲਣ ਦਾ ਯਤਨ ਕਰਦਾ ਹੈ ਤਾਂ ਉਹ ਅਸਲ ਵਿਚ ਨਿਰਦੇਸ਼ਕ ਦੀ ਆਪਣੀ ਕਲਪਨਾ ਅਤੇ ਵਿਚਾਰ ਸ਼ਕਤੀ ਹੁੰਦੀ ਹੈ। ਜਿਸਨੂੰ ਉਹ ਕੈਮਰੇ ਰਾਹੀਂ ਦਰਸ਼ਕਾਂ ਨੂੰ ਦਿਖਾਣ ਦਾ ਯਤਨ ਕਰਦਾ ਹੈ। ਇੱਥੇ ਨਿਰਦੇਸ਼ਕ ਦਾ ਕੈਮਰਾ ਕਲਮ ਦਾ ਕੰਮ ਕਰਦਾ ਹੈ। ਤਾਂਹੀ ਦਰਸ਼ਕ ਕੇਵਲ ਉਹੀ ਵੇਖਦੇ ਹਨ ਜੋ ਨਿਰਦੇਸ਼ਕ ਉਨ੍ਹਾਂ ਨੂੰ ਦਿਖਾਣਾ ਚਾਹੁੰਦਾ ਹੈ ਅਤੇ ਕਈ ਵਾਰੀ ਦਰਸ਼ਕ ਆਪਣੀ ਵਿਚਾਰ ਸ਼ਕਤੀ ਰਾਹੀਂ ਫ਼ਿਲਮ ਵਿਚ ਇਨ੍ਹਾਂ ਦੇ ਪ੍ਰਵਚਨਾਂ ਰਾਹੀਂ ਉਹ ਵੀ ਦੇਖਣ 'ਚ ਸਮਰੱਥ ਹੁੰਦੇ ਹਨ ਜਿਸਨੂੰ ਨਿਰਦੇਸ਼ਕ ਅਪ੍ਰੋਖ ਰੂਪ ਵਿਚ ਸਿਰਜ ਰਿਹਾ ਹੁੰਦਾ ਹੈ।

ਇਹ ਨਿਰਦੇਸ਼ਕ ਦੀ ਆਪਣੀ ਦ੍ਰਿਸ਼ਟੀ ਹੈ ਕਿ ਉਸਨੇ ਕਿਸ ਚੀਜ਼ ਦੇ ਪ੍ਰਭਾਵ ਸਿਰਜਣੇ ਹਨ ਤਾਂ ਉਹ ਰੌਸ਼ਨੀਆਂ, ਕੈਮਰੇ ਦੀਆਂ ਤਕਨੀਕਾਂ, ਪਿੱਠ ਵਰਤੀ ਸੰਗੀਤਕ ਧੁਨਾਂ, ਅਦਾਕਾਰਾਂ ਦੇ ਹਾਵ-ਭਾਵ ਮੁਦਰਾਵਾਂ ਅਤੇ ਲੈਅਬੱਧਤਾ ਵਰਗੀਆਂ ਵਿਧੀਆਂ ਨਾਲ ਅਜਿਹੇ ਢੰਗ ਨਾਲ ਪੇਸ਼ ਕਰਦਾ ਹੈ ਕਿ ਸਭ ਕੁਝ ਮਸਨੂਈ ਹੁੰਦਾ ਹੋਇਆ ਵੀ ਯਥਾਰਥ ਪ੍ਰਤੀਤ ਹੁੰਦਾ

ਹੈ। ਨਿਰਦੇਸ਼ਕ ਕੈਮਰੇ ਨੂੰ ਜ਼ੂਮ ਇਨ (Zoom in) ਅਤੇ ਜ਼ੂਮ ਆਊਟ (Zoom out) ਕਰਦਾ ਹੈ ਦ੍ਰਿਸ਼ ਨੂੰ ਸਿਰਜਦਾ ਹੈ। ਜਦੋਂ ਉਸਨੂੰ ਸੰਪੂਰਨ ਚੌਗਿਰਦੇ ਨੂੰ ਦਿਖਾਣਾ ਹੈ ਤਾਂ ਉਹ 'Skyshort' ਲੈਂਦਾ ਹੈ।

ਇਸ ਤਰ੍ਹਾਂ ਵੱਖ-ਵੱਖ ਤਰੀਕਿਆਂ ਨਾਲ ਨਿਰਦੇਸ਼ਕ ਫ਼ਿਲਮ ਵਿਚ ਪ੍ਰਵਚਨ ਸਿਰਜਣ ਦਾ ਯਤਨ ਕਰਦਾ ਹੈ।ਪਰਵਾਸੀਆਂ ਦੇ ਜੀਵਨ ਨਾਲ ਸਬੰਧਤ ਪੰਜਾਬੀਆਂ ਦੇ ਜੀਵਨ ਨੂੰ ਆਧਾਰ ਬਣਾ ਕੇ ਇਨ੍ਹਾਂ ਦੋਨਾਂ ਫ਼ਿਲਮਾਂ ਦਾ ਪ੍ਰਵਚਨ ਵਿਸ਼ਲੇਸ਼ਣ ਕਰਨਾ ਹੈ। ਅਸੀਂ ਵੇਖਦੇ ਹਾਂ ਕਿ ਸੰਨ 2000 ਤੋਂ ਬਾਅਦ ਪੰਜਾਬੀ ਸਿਨੇਮਾ ਫਿਰ ਇਕ ਵਾਰੀ ਖੜੋਤ ਦੀ ਸਥਿਤੀ ਵਿਚ ਆ ਗਿਆ ਸੀ ਅਤੇ ਇਸਨੇ ਨਿਰੰਤਰ ਚੁੱਪੀ ਹੀ ਸਾਧ ਲਈ ਸੀ ਪਰੰਤੂ ਕੁਝ ਸਾਲ ਮਗਰੋਂ ਨਿਰਦੇਸ਼ਕ ਮਨਮੋਹਨ ਸਿੰਘ ਦੀ 2002 ਵਿਚ ਪੰਜਾਬੀ ਫ਼ਿਲਮ 'ਜੀ ਆਇਆ ਨੂੰ' ਜਿਸਦਾ ਮੁੱਖ ਅਦਾਕਾਰ ਹਰਿਭਜਨ ਮਾਨ ਨੇ ਇਸਨੂੰ ਮੁੜ ਲੀਹ 'ਤੇ ਲਿਆਉਣ ਵਿਚ ਵੱਡਾ ਯੋਗਦਾਨ ਪਾਇਆ ਹੈ। ਮਨਮੋਹਨ ਸਿੰਘ ਤੇ ਹਰਿਭਜਨ ਮਾਨ ਦੁਆਰਾ ਬਣੀ ਇਸੇ ਫ਼ਿਲਮ ਨੂੰ ਅਸੀਂ ਆਪਣੀ ਚਰਚਾ ਦਾ ਵਿਸ਼ਾ ਬਣਾਇਆ ਹੈ। ਜਿਸਨੂੰ ਅਸੀਂ ਪ੍ਰਵਚਨ ਵਿਸ਼ਲੇਸ਼ਣ ਦੀ ਵਿਧੀ ਰਾਹੀਂ ਵਿਚਾਰਨ ਦਾ ਯਤਨ ਕਰਾਂਗੇ।

**ਫ਼ਿਲਮ 'ਜੀ ਆਇਆ ਨੂੰ'**

ਫ਼ਿਲਮ **'ਜੀ ਆਇਆ ਨੂੰ'** ਸਾਲ 2002 ਵਿਚ ਆਈ ਇੱਕ ਪੰਜਾਬੀ ਫ਼ਿਲਮ ਹੈ ਜੋ 3 ਘੰਟੇ 7 ਮਿੰਟ ਦੀ ਹੈ। ਇਹ ਫ਼ਿਲਮ ਡਰਾਮਾ, ਰੋਮਾਂਸ, ਕਮੇਡੀ ਆਦਿ ਨਾਲ ਭਰਪੂਰ ਫ਼ਿਲਮ ਹੈ। ਇਸ ਵਿਚ ਮੁੱਖ ਅਦਾਕਾਰ ਹਨ -

ਹਰਭਜਨ ਮਾਨ - ਇੰਦਰ ਵੀਰ ਸਿੰਘ
ਪ੍ਰਿਆ ਗਿੱਲ
ਕੀਮੀ ਵਰਮਾ
ਕੰਵਲਜੀਤ ਸਿੰਘ
ਨਵਨੀਤ ਨਿਸ਼ਾਨ

ਫ਼ਿਲਮ **'ਜੀ ਆਇਆ ਨੂੰ'** ਪੇਂਡੂ ਸਭਿਆਚਾਰ ਤੇ ਪੱਛਮੀ ਸਭਿਆਚਾਰ ਦੇ ਇਰਦ-ਗਿਰਦ ਘੁੰਮਦੀ ਇਕ ਪਰਿਵਾਰਕ ਡਰਾਮੇ ਨਾਲ ਓਤ-ਪ੍ਰੋਤ ਫ਼ਿਲਮ ਹੈ ਜਿਸ ਵਿਚ ਇੰਦਰ ਨਾਮਕ ਪਾਤਰ ਆਪਣੀ ਮਾਤ੍ਰਭੂਮੀ ਪੰਜਾਬ ਤੋਂ ਕਿਸੇ ਵੀ ਕੀਮਤ ਵਿਚ ਦੂਰ ਨਹੀਂ ਜਾਣਾ ਚਾਹੁੰਦਾ ਦੂਜੇ ਪਾਸੇ ਫ਼ਿਲਮ ਦੀ ਦੂਸਰੀ ਮੁੱਖ ਪਾਤਰ ਸਿਮਰ ਵੀ ਪੱਛਮੀ ਸਭਿਆਚਾਰ ਵਿਚ ਇਸ ਕਦਰ ਰਚੀ ਪਈ ਹੈ ਕਿ ਉਸਨੂੰ ਪੱਛਮੀ ਸਭਿਆਚਾਰ ਹੀ ਆਪਣਾ ਜਾਪਦਾ ਹੈ ਜਿਸਨੂੰ ਉਹ ਵੀ ਛੱਡਣਾ ਨਹੀਂ ਚਾਹੁੰਦੀ। ਜਿੱਥੇ ਇੰਦਰ ਨੌਜਵਾਨ ਪੀੜ੍ਹੀ ਨੂੰ ਬਾਹਰਲੇ ਮੁਲਕਾਂ ਦੇ ਕੌੜੇ ਸੱਚ ਤੋਂ ਜਾਣੂ ਕਰਾਉਣ ਦਾ ਯਤਨ ਕਰਦਾ ਹੈ ਉਥੇ ਸਿਮਰ ਬਾਹਰਲੇ ਮੁਲਕਾਂ ਦੇ ਨਕਲੀ ਦਿਖਾਵੇ ਦਾ ਬਿੰਬ ਸਿਰਜਦੀ ਨਜ਼ਰੀਂ ਪੈਂਦੀ ਹੈ ਦੋਵਾਂ ਦੀ ਸੋਚ ਅਤੇ ਪਰਦੇਸ ਦਾ ਪ੍ਰਵਚਨ ਸਾਹਮਣੇ ਆਉਂਦਾ ਹੈ। ਵਨਨੀਤ ਡੁਡੇਜਾ ਆਪਣੇ ਆਰਟੀਕਲ Question of Home, Beloning and Return in Punjabi Diaspora, A Critical reading of Jee Aaya Nu and Asaa Nu Maan Watna Da ਵਿੱਚ ਲਿਖਦੀ ਹੈ-

"Jee Aayan Nu is the tale of immigrant trajectory of Professor Grewal to Canada from his home village and settlement in Canada. The

movie highlights on the one side Prof. Grewal's yarning for homeland but on the otherhand his daughter Simar protects a different approach towards the motherland. This leads to the dilemmas and conflict between the first and the second generation of Diaspora."[1]

ਫ਼ਿਲਮ ਦੀ ਸ਼ੁਰੂਆਤ ਪੰਜਾਬੀ ਗੀਤ 'ਤੇਰੀ ਕਿਵੇਂ ਅੱਖ ਲੱਗ ਗਈ' ਗੀਤ ਦੇ ਬੋਲਾਂ ਰਾਹੀਂ ਹੁੰਦੀ ਹੈ। ਇਸ ਗੀਤ ਦੇ ਅਰਥਾਂ ਨੂੰ ਡੂੰਘਾਈ ਨਾਲ ਵਾਚਣ ਤੋਂ ਬਾਅਦ ਪਤਾ ਲਗਦਾ ਹੈ ਕਿ ਫ਼ਿਲਮ ਨਿਰਦੇਸ਼ਕ ਅਸਲ ਵਿਚ ਇਸ ਗੀਤ ਰਾਹੀਂ ਪੰਜਾਬੀਆਂ ਦੀ ਅੱਖ ਲੱਗਣ ਦਾ ਪ੍ਰਵਚਨ ਸਿਰਜਦਾ ਹੈ। ਜਦੋਂ ਅਸੀਂ ਫ਼ਿਲਮ ਨੂੰ ਪ੍ਰਵਚਨ ਵਿਸ਼ਲੇਸ਼ਣ ਦੀ ਦ੍ਰਿਸ਼ਟੀ ਨਾਲ ਵੇਖਦੇ ਹਾਂ ਤਾਂ ਸਾਨੂੰ ਕਈ ਥਾਵਾਂ 'ਤੇ ਅਜਿਹੇ ਪ੍ਰਤੀਕ ਅਤੇ ਬਿੰਬ ਨਜ਼ਰੀਂ ਪੈਂਦੇ ਹਨ ਜਿਸ ਨਾਲ ਫਿਲਮ ਪਰਵਾਸ ਅਤੇ ਪਰਵਾਸੀ ਦੇ ਪ੍ਰਵਚਨ ਨੂੰ ਸਹਿਜੇ ਹੀ ਪੇਸ਼ ਕਰ ਜਾਂਦੀ ਹੈ। ਫ਼ਿਲਮ ਵਿਚ ਕਈ ਥਾਵਾਂ 'ਤੇ ਵਾਸ (ਦੇਸ਼) ਤੇ ਪਰਵਾਸ ਵਿਚ ਇੱਕ ਟਕਰਾਵ ਵੇਖਣ ਨੂੰ ਮਿਲਦਾ ਹੈ। ਫ਼ਿਲਮ ਦੇ ਅਖ਼ੀਰ ਵਿਚ ਨਿਰਦੇਸ਼ਕ ਫ਼ਿਲਮ ਨੂੰ ਅਵਾਸਤਵਿਕ ਮੋੜ ਦਿੰਦਾ ਹੋਇਆ ਫ਼ਿਲਮ ਦੀ ਨਾਇਕਾ ਨੂੰ ਪੂੰਜੀਵਾਦੀ ਸਭਿਆਚਾਰ ਨੂੰ ਛੱਡ ਕੇ ਆਪਣੇ ਅਨਮੋਲ ਵਿਰਸੇ ਵੱਲ ਮੁੜਦੀ ਦਿਖਾਉਂਦਾ ਹੈ ਫ਼ਿਲਮ ਨੂੰ ਇਹ ਮੋੜ ਦੇਣਾ ਨਿਰਦੇਸ਼ਕ ਦੀ ਮਜ਼ਬੂਰੀ ਜਾਪਦੀ ਹੈ ਕਿਉਂਕਿ ਫ਼ਿਲਮ ਦੇ ਨਾਇਕ ਨਾਇਕਾ ਨੂੰ ਸ਼ਿਖਰ 'ਤੇ ਵਿਛੜਦਿਆਂ ਦਿਖਾਉਣ ਨਾਲ ਫ਼ਿਲਮ ਦਾ ਅੰਤ ਟਰੈਜਿਕ ਹੋਣਾ ਸੀ।

### ਫ਼ਿਲਮ 'ਮਿੱਟੀ ਵਾਜਾਂ ਮਾਰਦੀ'

ਅਜੋਕੇ ਵਿਸ਼ਵੀਕਰਣ ਦੇ ਦੌਰ ਵਿਚ ਅਸੀਂ ਵੇਖਦੇ ਹਾਂ ਕਿ 'ਸਭਿਆਚਾਰ ਪਹਿਚਾਣ' ਦੀ ਧਾਰਨਾ ਕਿਸੇ ਵੀ ਹੋਂਦ ਮੂਲਕ ਸਭਿਆਚਾਰ ਲਈ ਸਾਰਥਕ ਹੈ। ਆਪਣੇ ਵਜੂਦ ਨੂੰ ਕਾਇਮ ਰੱਖਣ ਲਈ ਨਵੀਨ ਸਭਿਆਚਾਰਕ ਢਾਂਚੇ ਵਿਚ ਵਿਚਰਦੇ ਹੋਏ ਮੇਜ਼ਬਾਨ ਸਮਾਜ ਸਭਿਆਚਾਰ ਨਾਲ ਸੰਬੰਧ ਸਥਾਪਤ ਕਰਨਾ ਅਤੇ ਅੰਤਰ ਸੰਵਾਦ ਰਚਾਉਣਾ ਹਰ ਹੋਂਦ ਮੂਲਕ ਸਭਿਆਚਾਰ ਦਾ ਜ਼ਰੂਰੀ ਅੰਗ ਬਣ ਚੁੱਕਾ ਹੈ ਜੋਕਿ ਵਰਤਮਾਨ ਢਾਂਚੇ ਵਿਚ ਬਦਲਾਵ ਦੇ ਨਾਲ-ਨਾਲ ਪਰਵਾਸੀ ਮਨੁੱਖ ਦੀਆਂ ਮੁਸੀਬਤਾਂ ਆਰਥਿਕ ਲੋੜਾਂ, ਨਵੇਂ ਅਨੁਭਵ ਸਭਿਆਚਾਰਕ ਅੰਤਰ-ਦਵੰਦ ਆਦਿ ਨੂੰ ਪੇਸ਼ ਕਰਦਾ ਹੈ।

ਜਦੋਂ ਅਸੀਂ ਫ਼ਿਲਮ ਨੂੰ ਧਿਆਨ ਨਾਲ ਵੇਖਦੇ ਹਾਂ ਤਾਂ ਸਾਨੂੰ ਇਹ ਫ਼ਿਲਮ ਤਿੰਨ ਭਾਗਾਂ ਵਿਚ ਵੰਡੀ ਹੋਈ ਨਜ਼ਰ ਆਉਂਦੀ ਹੈ। ਪਹਿਲਾ ਭਾਗ ਵਰਿਆਮ ਅਤੇ ਉਸਦੇ ਪਿਤਾ ਨਾਲ ਸੰਬੰਧਿਤ ਭਾਗ ਹੈ। ਦੂਜੇ ਭਾਗ ਵਿਚ ਵਰਿਆਮ ਪੜ੍ਹ-ਲਿਖ ਕੇ ਆਪਣੇ ਪਿਤਾ ਦੀ ਸੱਚਾਈ ਨੂੰ ਆਪਣੀ ਮਾਂ ਅਤੇ ਭੈਣ ਤੱਕ ਪਹੁੰਚਾਣ ਦਾ ਯਤਨ ਕਰਦਾ ਹੈ। ਤੀਜੇ ਭਾਗ ਵਿਚ ਇਹ ਦਿਖਾਇਆ ਗਿਆ ਹੈ ਕਿ ਜਦੋਂ ਕੋਈ ਪੰਜਾਬੀ ਬੰਦਾ ਆਪਣਾ ਘਰ ਬਾਰ ਛੱਡ ਕੇ ਪਰਦੇਸ ਚਲਾ ਜਾਂਦਾ ਹੈ ਤਾਂ ਉਸਦੇ ਪਿੱਛੇ ਉਸਦੀ ਜ਼ਮੀਨ ਜਾਇਦਾਦ 'ਤੇ ਆਪਣੇ ਹੀ ਰਿਸ਼ਤੇਦਾਰ ਕਿਵੇਂ ਜਮਾ ਕੇ ਕਬਜ਼ਾ ਕਰ ਲੈਂਦੇ ਹਨ ਅਤੇ ਜ਼ਮੀਨ ਨੂੰ ਪ੍ਰਾਪਤ ਕਰਨ ਲਈ ਉਹ ਆਪਣੇ ਜ਼ਮੀਰ ਤੋਂ ਕਿੰਨਾ ਹੇਠਾਂ ਗਿਰ ਜਾਂਦੇ ਹਨ। ਇਸ ਲਾਲਚ ਵਿਚ ਖ਼ੂਨੀ ਰਿਸ਼ਤਿਆਂ ਦਾ ਘਾਣ ਕਰਨ ਵਿਚ ਵੀ ਪਿੱਛੇ ਨਹੀਂ ਹੱਟਦੇ।

ਫ਼ਿਲਮ **'ਮਿੱਟੀ 'ਵਾਜ਼ਾਂ ਮਾਰਦੀ'** ਵਿਚ ਸ਼ੁਰੂਆਤ ਵਿਚ ਇਕ ਗੀਤ ਪੇਸ਼ ਹੋਇਆ ਹੈ ਜਿਸਦੇ ਬੋਲ ਇਸ ਪ੍ਰਕਾਰ ਹਨ।

ਜੁਗਨੀ ਵਾਹ ਦੁਨੀਆਂ ਦੇ ਸਿਰਜਨਹਾਰਾਂ
ਤੂੰ ਕੈਸੀ ਖੇਡ ਬਣਾਈ
ਕਿੱਥੇ ਜੰਮੇ ਜਾਏ, ਖੇਡੇ ਆਹ ਕਿੱਥੇ ਇਹ ਚੌਰਜ ਲਾਈ
ਜੁਗਨੀ ਧੁਰੋ ਲਿਖਾ ਕੇ ਲਿਆਈ
ਆਪਣੇ ਲੇਖ ਦਾ ਲਿਖਿਆ ਖਾਂਦੀ
ਜਿੱਥੇ ਲਿਖਿਆ ਉਥੇ ਜਾਂਦੀ।[2]

ਫ਼ਿਲਮ ਦੇ ਇਸ ਗੀਤ ਵਿਚ ਜੁਗਨੀ ਰਾਹੀਂ ਪੰਜਾਬੀ ਬੰਦੇ ਦਾ ਪ੍ਰਵਚਨ ਸਿਰਜਿਆ ਗਿਆ ਹੈ। ਗੀਤਕਾਰ ਕਹਿੰਦਾ ਹੈ ਕਿ ਜੁਗਨੀ ਧੁਰੋਂ ਇਹ ਲੇਖ ਲਿਖਾ ਕੇ ਲਿਆਈ ਹੈ ਇਸਨੂੰ ਬਦਲਿਆ ਨਹੀਂ ਜਾ ਸਕਦਾ। ਫ਼ਿਲਮ ਵਿਚ ਪੰਜਾਬੀ ਜਵਾਨ ਬੰਦੇ ਦੀ ਡਾਇਸਪੋਰਕ ਹਾਲਤ ਨੂੰ ਗੀਤ ਦੇ ਮਾਧਿਅਮ ਰਾਹੀਂ ਪੇਸ਼ ਕਰਦੇ ਹੋਏ ਹੀਰ ਰਾਂਝੇ ਦੇ ਰੂਪਕਾਂ ਦੁਆਰਾ ਪੰਜਾਬੀ ਪਰਵਾਸੀ ਬੰਦੇ ਦੀ ਮਨੋਸਥਿਤੀ ਨੂੰ ਦਰਸਾਇਆ ਗਿਆ ਹੈ।

ਹੁਣ ਜੁਗਨੀ ਨੇ ਇਸ ਧਰਤੀ ਦੇ ਮੁਲਖ ਵੇਖ ਲਏ ਸਾਰੇ।
ਝੰਗ ਸਿਆਲ ਕਰਨ ਮਜ਼ੂਰੀ ਛੱਡ ਕੇ ਤਖ਼ਤ ਹਜ਼ਾਰੇ।
ਦੂਰ ਵਸਦਿਆਂ ਰਾਂਝਿਆਂ ਨੂੰ ਕੋਈ ਮਿੱਟੀ ਵਾਜਾਂ ਮਾਰੇ।[3]

ਜਦੋਂ ਅਸੀਂ ਇਨ੍ਹਾਂ ਸਤਰਾਂ ਨੂੰ ਪ੍ਰਵਚਨ ਵਿਸ਼ਲੇਸ਼ਣ ਦੀ ਦ੍ਰਿਸ਼ਟੀ ਰਾਹੀਂ ਵੇਖਦੇ ਹਾਂ ਤਾਂ ਸਾਨੂੰ ਇਸ ਵਿਚ ਰਾਂਝਾ ਪਰਵਸੀ ਪੰਜਾਬੀ ਬੰਦਾ ਜਾਪਦਾ ਹੈ ਜਿਹੜਾ ਕਿ ਆਪਣੇ ਮੂਲਵਾਸ ਅਤੇ ਪਰਵਾਸ ਦੇ ਘੁੰਮਣ ਘੇਰ ਵਿਚ ਸਾਰੀ ਜ਼ਿੰਦਗੀ ਫਸਿਆ ਰਹਿੰਦਾ ਹੈ। **'ਮਿੱਟੀ 'ਵਾਜ਼ਾ ਮਾਰਦੀ'** ਡਾਇਸਪੋਰਕ ਜੀਵਨ ਦੇ ਦ੍ਰਿਸ਼ ਕਰਦੀ ਹੈ। ਪਰਵਾਸੀ ਮਨੁੱਖ ਦੀ ਇਸ ਸਥਿਤੀ ਨੂੰ ਇਨ੍ਹਾਂ ਸਤਰਾਂ ਰਾਹੀਂ ਸਮਝਾਇਆ ਜਾ ਸਕਦਾ ਹੈ। ਦੀਪਕ ਸ਼ਰਮਾ ਦੇ ਸ਼ਬਦਾਂ ਵਿੱਚ–

The nation of 'Home' is complex and extends to individual and collective experience of 'belonging' and 'longing' 'Home' is not easy to define as it is rooted in physicality the homeland is subject to the imaginary boundaries of nation states. These imagined boundaries, however, encase the home-land. Therefore becomes imagined befound its material parts.[4]

ਅਸੀਂ ਵੇਖਦੇ ਹਾਂ ਕਿ ਭੂ-ਹੇਰਵਾ ਸਹਿਜ ਖੁੱਸ ਚੁੱਕੇ ਭਾਵਾਂ ਦੀਆਂ ਤਕਲੀਫ਼ਾਂ, ਦੇਹ ਯਾਦਾਂ, ਆਸਾਂ ਤੱਕ ਸੀਮਤ ਨਹੀਂ ਹੁੰਦਾ ਸਗੋਂ ਉਨ੍ਹਾਂ ਹਾਲਾਤਾਂ ਵਿਚ ਪਰਵਾਸੀ ਪੰਜਾਬੀ ਬੰਦਾ ਗ਼ੁਲਾਮੀ ਭਰਿਆ ਜੀਵਨ ਵੀ ਬਤੀਤ ਕਰਦਾ ਹੈ। ਪਰਵਾਸੀ ਪੰਜਾਬੀ ਬੰਦੇ ਦੀ ਇਹ ਮਾਨਸਿਕਤਾ ਵਰਤਮਾਨ ਤੋਂ ਅਤੀਤ ਨੂੰ ਜਾਂਦੇ ਰਾਹਾਂ ਉਤੇ ਉਸਰੀ ਹੋਈ ਹੋਣ ਕਾਰਨ, ਸਭਿਆਚਾਰਕ ਤਣਾਓ ਦੀ ਜਕੜ ਹੋਰ ਮਜ਼ਬੂਤ ਹੁੰਦੀ ਜਾਪਦੀ ਹੈ। ਜਿੱਥੇ ਦੁਨੀਆਂ ਦਾ ਹਰ ਸੁੱਖ ਤਾਂ ਉਪਲੱਬਧ ਹੈ ਪਰ ਸਕੂਨ ਨਹੀਂ। ਇਹੋ ਜਿਹੀ ਸਥਿਤੀ ਪਰਵਾਸੀ ਕਵੀ ਲੱਖਾ ਸਿੰਘ ਜੌਹਰ ਦੀ ਕਵਿਤਾ ਵਿਚ ਵੀ ਉਘੜਦੀ ਹੈ–

ਪਰਵਾਸੀ ਪੂਰਬ ਦੇ ਲੋਕੋ
ਧਿਆਨ ਪਿੱਛੇ ਵੀ ਧਰੀਏ
ਕੀ ਗਵਾਇਆ ਤੇ ਕੀ ਖੱਟਿਆ

ਮੁੱਢੋਂ ਲੇਖਾ ਕਰੀਏ
ਕਰਮ-ਧਰਮ ਤੇ ਸ਼ਰਮ ਹਿਸਾਬੋਂ
ਅਸੀਂ ਕੰਗਾਲ ਹੋ ਚੱਲੇ
ਜੋ ਕੁਝ ਬਚਦਾ ਬਾਕੀ ਇਹਨੂੰ
ਸਾਂਭੋ ਬੰਦੇ ਪੱਲੇ।[5]

ਫ਼ਿਲਮ ਵਿਚ ਇਕ ਗੀਤ ਹੈ ਇਸ ਵਿਚ ਪੰਜਾਬ ਨੂੰ ਇਕ ਕੰਟਰੀ ਵਜੋਂ ਪੇਸ਼ ਕੀਤਾ ਗਿਆ ਹੈ, ਪਰਵਾਸੀ ਪੰਜਾਬੀਆਂ ਨੇ ਪੰਜਾਬ ਨੂੰ ਕੰਟਰੀ ਦੇ ਪ੍ਰਵਚਨ ਹੇਠਾਂ ਰੱਖ ਕੇ ਆਪਣੇ ਦੁੱਖ ਸਾਂਝੇ ਕੀਤੇ ਹਨ ਅਤੇ ਆਪਣੇ ਆਪ ਨੂੰ ਬਹੁਤ ਖ਼ੁਸ਼ਨਸੀਬ ਸਮਝਿਆ ਹੈ ਕਿ ਉਹ ਪੰਜਾਬ ਜਿਹੀ ਕੰਟਰੀ ਨਾਲ ਸੰਬੰਧ ਰੱਖਦੇ ਹਨ।

ਹੇਠ ਲਿਖੇ ਬੋਲ ਇਸਦੀ ਮਿਸਾਲ ਹੈ।

'ਯਾਰੋ ਧਰਤੀ 'ਤੇ ਇਕੋ ਲਾਜਵਾਬ ਕੰਟਰੀ,
ਸਾਰੀ ਦੁਨੀਆਂ 'ਤੇ ਫੈਲਿਆ ਪੰਜਾਬ ਕੰਟਰੀ'[6]

**'ਮਿੱਟੀ 'ਵਾਜ਼ਾਂ ਮਾਰਦੀ'** ਫ਼ਿਲਮ ਦੇ ਇਹ ਬੋਲ ਪੰਜਾਬ ਨੂੰ ਇਕ ਕੰਟਰੀ ਦੇ ਰੂਪ ਵਿਚ ਪੇਸ਼ ਕਰਦੇ ਹਨ। ਆਮ ਤੌਰ 'ਤੇ ਵੀ ਦੇਖਿਆ ਜਾਂਦਾ ਹੈ ਕਿ ਪੰਜਾਬੀ ਫ਼ਿਲਮਾਂ ਅਤੇ ਪੰਜਾਬੀ ਸਾਹਿਤ ਵਿਚ ਜ਼ਿਆਦਾਤਰ ਪਰਵਾਸੀ ਬੰਦੇ ਵੱਲੋਂ ਆਪਣਾ ਦੇਸ਼ ਜਾਂ ਵਤਨ ਪੰਜਾਬ ਨੂੰ ਹੀ ਕਿਹਾ ਜਾਂਦਾ ਹੈ। ਵਾਸ ਅਤੇ ਪਰਵਾਸ ਦਾ ਦਵੰਦ ਵੀ ਪਰਵਾਸੀ ਬੰਦੇ ਦੇ ਜੀਵਨ ਵਿਚ ਵੱਡੀ ਭੂਮਿਕਾ ਅਦਾ ਕਰਦਾ ਹੈ। ਪਰਵਾਸੀ ਬੰਦੇ ਨੂੰ ਆਪਣੀ ਸੋਚ ਪਰਵਾਸੀ ਸਭਿਆਚਾਰ ਵਿਚ ਦਵੰਦ ਨਜ਼ਰ ਆਉਂਦੀ ਹੈ। ਇਸੇ ਦਵੰਦ ਨੂੰ ਹੰਢਾਂਦਾ ਹੋਇਆ ਮਨੁੱਖ ਪਰੰਪਰਾਗਤ ਸਮੱਸਿਆਵਾਂ ਦਾ ਸਮਾਪਨ ਕਰਨ ਵਿਚ ਅਸਮਰੱਥ ਹੁੰਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਮਨਜੀਤ ਇੰਦਰ ਸਿੰਘ, ਤਜਿੰਦਰ ਕੌਰ (ਸੰਪਾ.) Indian Punjabi Diasporic Cinema, ਪੰਨਾ-307
2. ਫ਼ਿਲਮ 'ਮਿੱਟੀ ਵਾਜਾਂ ਮਾਰਦੀ'
3. ਉਹੀ
4. ਮਨਜੀਤ ਇੰਦਰ ਸਿੰਘ, ਤਜਿੰਦਰ ਕੌਰ (ਸੰਪਾ.) Indian Punjabi Diasporic Cinema ਪੰਨਾ-320
5. ਹਰਭਜਨ ਸਿੰਘ ਦਿਉਲ, ਪਰਵਾਸੀ ਸੰਤਾਪ ਤੇ ਸਭਿਆਚਾਰਕ ਨਿਰਾਸ਼ਾ ਦਾ ਪ੍ਰਤੀਕ : ਨਸਲਵਾਲ ਬਰਤਾਨਵੀ ਪਰਿਪੇਖ, ਪੰਨਾ 20
6. ਫ਼ਿਲਮ 'ਮਿੱਟੀ ਵਾਜਾਂ ਮਾਰਦੀ'



**ਟੀ.ਜੀ.ਟੀ. ਪੰਜਾਬੀ**
**ਗੌਰਮਿੰਟ ਕੋ-ਐਡ ਐਸ.ਐਸ.ਐਸ. ਸ਼ਿਵਪੁਰੀ ਸਕੂਲ, ਦਿੱਲੀ-51**
**kaur07rajinder@gmail.com**

# 'ਅੱਜ ਦੀ ਸਾਹਿਬਾਂ' ਨਾਟਕ ਦਾ ਲਿੰਗਕ-ਸਮਾਨਤਾ ਦੀ ਦ੍ਰਿਸ਼ਟੀ ਤੋਂ ਅਧਿਐਨ ਅਤੇ ਵਿਸ਼ਲੇਸ਼ਣ

❑ ਡਾ. ਗੁਰਜੀਤ ਕੌਰ

ਨਾਰੀ ਦੀ ਸਮਾਜਕ ਦਸ਼ਾ ਨੂੰ ਵੇਖਣ, ਸਮਝਣ ਅਤੇ ਪਰਖਣ ਲਈ ਪੱਛਮ ਨੇ ਬਹੁਤ ਸਾਰੀਆਂ ਚਿੰਤਨ ਦ੍ਰਿਸ਼ਟੀਆਂ ਪ੍ਰਦਾਨ ਕੀਤੀਆਂ ਹਨ, ਨਾਲ ਹੀ ਇਸਨੂੰ ਨਾਰੀਵਾਦ ਦੇ ਰੂਪ ਵਿਚ ਇਕ ਅੰਦੋਲਨ ਵਜੋਂ ਵੀ ਚਲਾਇਆ ਗਿਆ ਹੈ। ਭਾਰਤੀ ਪਰਿਪੇਖ ਵਿਚ ਇਨ੍ਹਾਂ ਜਤਨਾਂ ਦੀ ਘੋਖ ਕਰਦਿਆਂ ਪਤਾ ਲਗਦਾ ਹੈ ਕਿ ਇਨ੍ਹਾਂ ਅੰਦੋਲਨਕਾਰੀ ਚਿੰਤਨ ਵਿਧੀਆਂ ਨੇ ਕੋਈ ਬਹੁਤੀ ਵੱਡੀ ਸਫ਼ਲਤਾ ਹਾਸਲ ਨਹੀਂ ਕੀਤੀ। ਭਾਵੇਂ ਕਿ ਇਨ੍ਹਾਂ ਦੇ ਨਾਲ ਨਾਰੀ ਮਸਲਿਆਂ ਨੂੰ ਗੰਭੀਰਤਾ ਨਾਲ ਸਮਝਣ ਦੀ ਜਾਚ ਤਾਂ ਆਈ ਅਤੇ ਨਾਲ ਹੀ ਇਸ ਪ੍ਰਤੀ ਸਮਾਜ ਵਿਚ ਇਕ ਬਦਲਾਵ ਦੀ ਲੋੜ ਵੀ ਮਹਿਸੂਸ ਕੀਤੀ ਗਈ ਪਰ ਪੱਛਮੀ ਵਾਤਾਵਰਣ ਅਤੇ ਉਥੋਂ ਦੀਆਂ ਪ੍ਰਸਥਿਤੀਆਂ ਦਾ ਮੁਕਾਬਲਾ ਕਰਨ ਦੇ ਉਦੇਸ਼ ਨਾਲ ਉਭਰੀਆਂ ਇਹ ਅੰਦੋਲਨਕਾਰੀ ਚਿੰਤਨ ਵਿਧੀਆਂ ਭਾਰਤੀ ਪਰਿਪੇਖ ਵਿਚ ਉਸ ਤਰ੍ਹਾਂ ਸਫ਼ਲ ਨਹੀਂ ਹੋ ਸਕੀਆਂ ਕਿਉਂਕਿ ਇਥੋਂ ਦਾ ਵਾਤਾਵਰਣ ਅਤੇ ਪ੍ਰਸਥਿਤੀਆਂ ਪੱਛਮੀ ਮੁਲਕਾਂ ਨਾਲੋਂ ਕਈ ਪੱਖਾਂ ਤੋਂ ਵੱਖਰੀਆਂ ਸਨ। ਪੱਛਮ ਦਾ ਸਮਾਜ ਮਸ਼ੀਨੀਕਰਣ ਦੇ ਇਕ ਅਜਿਹੇ ਆਧੁਨਿਕ ਯੁੱਗ ਵਿਚੋਂ ਲੰਘ ਰਿਹਾ ਸੀ ਜਿਥੇ ਨਾਰੀ ਦੀ ਵਿਅਕਤੀਗਤ ਅਤੇ ਸਮਾਜਕ ਅਧਿਕਾਰਾਂ ਪ੍ਰਤੀ ਚੇਤਨਾ ਪੈਦਾ ਹੋ ਚੁੱਕੀ ਸੀ। ਪਰ ਉਸ ਤਰ੍ਹਾਂ ਦਾ ਮਾਹੌਲ ਭਾਰਤ ਵਿਚ ਹਾਲੇ ਨਹੀਂ ਆਇਆ ਸੀ ਅਤੇ ਇਥੇ ਨਾਰੀ ਨਾਲ ਸੰਬੰਧਤ ਜੋ ਮਸਲੇ ਅਤੇ ਕੁਰੀਤੀਆਂ ਮੌਜੂਦ ਸਨ ਉਨ੍ਹਾਂ ਦੀਆਂ ਜੜ੍ਹਾਂ ਮੱਧਕਾਲ ਵਿਚ ਪਈਆਂ ਸਨ ਅਤੇ ਜਿਸਨੂੰ ਉਸ ਦੌਰ ਦਾ ਇਕ ਕ੍ਰਾਂਤੀਕਾਰੀ ਭਗਤੀ ਅੰਦੋਲਨ ਵੀ ਨਜਿੱਠ ਰਿਹਾ ਸੀ। ਇਹ ਅੰਦੋਲਨ ਇਥੋਂ ਦੀਆਂ ਹੋਰ ਕਈ ਧਾਰਮਿਕ ਕੁਰੀਤੀਆਂ ਦੇ ਵਿਰੋਧ ਵਿਚ ਖੜ੍ਹਾ ਹੋਇਆ ਸੀ ਅਤੇ ਨਾਲ ਹੀ ਜਾਤੀ ਅਤੇ ਨਾਰੀ ਪ੍ਰਤੀ ਭੇਦਭਾਵ ਵਾਲੇ ਸਮਾਜਕ ਵਤੀਰੇ ਨੂੰ ਵੀ ਠੀਕ ਕਰਨ ਦਾ ਜਤਨ ਕਰ ਰਿਹਾ ਸੀ। ਇਸ ਅੰਦੋਲਨ ਨੇ ਕਾਫ਼ੀ ਪ੍ਰਭਾਵ ਵੀ ਵਿਖਾਇਆ ਸੀ। ਇਸ ਸੰਦਰਭ ਵਿਚ ਜਦੋਂ ਪੱਛਮੀ ਨਾਰੀ ਚਿੰਤਨ ਦੀਆਂ ਨਵੀਆਂ ਦ੍ਰਿਸ਼ਟੀਆਂ ਸਾਹਮਣੇ ਆਈਆਂ ਤਾਂ ਉਸਦਾ ਪ੍ਰਭਾਵ ਵੀ ਇਥੋਂ ਦੇ ਸਮਾਜ ਉੱਪਰ ਪਿਆ। ਇਸ ਅੰਦੋਲਨ ਦੀ ਇਕ ਸਮੱਸਿਆ ਇਹ ਜ਼ਰੂਰ ਸੀ ਕਿ ਇਸ ਦਾ ਫੋਕਸ ਸਿਰਫ਼ ਨਾਰੀ ਨੂੰ ਮਰਦ ਵਾਂਗ ਬਣਾਉਣ ਦਾ ਸੀ, ਜਿਸ ਵਿਚ ਨਾਰੀ ਨੇ ਆਪਣੇ ਕੋਮਲ ਕਹਿ ਜਾਣ ਵਾਲੇ ਸਭਿਅਕ ਗੁਣਾਂ ਨੂੰ ਮਰਦਾਂ ਦੇ ਹਿੰਸਕ ਅਤੇ ਕਰੂਰ ਗੁਣਾਂ ਸਾਹਮਣੇ ਕਮਜ਼ੋਰੀ ਦਾ ਕਾਰਨ ਸਮਝਿਆ ਸੀ। ਇਸ ਨਾਲ ਸਮਾਜ ਵਿਚ ਨਾ-ਬਰਾਬਰੀ ਕਈ ਥਾਵਾਂ ਉੱਤੇ ਤਿੱਖੀ ਵੀ ਹੋ ਗਈ। ਇਸਦਾ ਨੁਕਸਾਨ ਇਹ ਹੋਇਆ ਕਿ ਨਾਰੀ ਨੇ ਮਰਦ ਵਾਂਗ ਇਕ ਨਾਪੱਖੀ ਮਾਡਲ ਨੂੰ ਹਾਸਲ ਕਰਨ ਦੀ ਜੱਦੋ-ਜਹਿਦ ਵਿਚ ਆਪਣੀ ਪਛਾਣ ਗੁਆਉਣ ਦਾ ਜੋਖਮ ਪੈਦਾ ਕਰ ਲਿਆ। ਹੁਣ ਮਸਲਾ ਲਿੰਗਕ ਸਮਾਨਤਾ ਦਾ ਪੈਦਾ ਹੋਇਆ ਜਿਥੇ ਕਿਸੇ ਇਕ ਧਿਰ ਨੂੰ ਦੂਜੇ ਵਾਂਗ ਬਣਨ ਦੀ ਲੋੜ ਨਾ ਹੋਵੇ ਸਗੋਂ ਦੋਹਾਂ ਨੂੰ ਇਕ ਸਮਾਨ ਮਾਨਵੀ ਅਧਿਕਾਰ ਹਾਸਲ ਹੋਣ ਅਤੇ ਉਨ੍ਹਾਂ ਨੂੰ ਮਾਨਣ ਦੀ ਖੁਲ੍ਹ ਵੀ ਹੋਵੇ। ਇਸਦਾ ਪ੍ਰਭਾਵ ਨਾਰੀਵਾਦੀ ਅੰਦੋਲਨ ਨਾਲੋਂ ਬੇਹਤਰ ਪਿਆ ਕਿਉਂਕਿ ਇਸ ਦੌਰ ਵਿਚ ਸਿਰਫ਼ ਨਾਰੀ ਨੂੰ ਹੀ ਨਹੀਂ ਸਗੋਂ ਮਰਦ ਨੂੰ ਵੀ ਇਕ ਸਮਾਨ ਪਲੇਟਫਾਰਮ ਉਤੇ ਲਿਆਉਣ ਦਾ ਉਪਰਾਲਾ ਕੀਤਾ ਗਿਆ। ਸਿਰਫ਼ ਨਾਰੀ ਨੂੰ ਕੋਈ ਸਮੱਸਿਆ ਮੰਨਕੇ ਨਹੀਂ ਸਗੋਂ ਮਰਦ ਨੂੰ ਵੀ ਇਸ ਲਈ ਜ਼ਿੰਮੇਵਾਰ ਮੰਨਕੇ ਆਪਣੇ ਆਪ ਨੂੰ ਬਦਲਣ ਦੀ ਚੇਤਨਾ ਦਾ ਪਸਾਰ ਕੀਤਾ ਗਿਆ।

ਵਰਤਮਾਨ ਸਮੇਂ ਵਿਚ ਭਾਵੇਂ ਨਾਰੀ ਦੀ ਦਸ਼ਾ/ਸਥਿਤੀ ਪਹਿਲਾਂ ਨਾਲੋਂ ਬੇਹਤਰ ਹੋ ਗਈ ਹੈ ਪਰ ਪੁਰਾਣੇ ਸਮਿਆਂ ਵਿਚ ਉਨ੍ਹਾਂ ਨੂੰ ਕੇਵਲ ਚੁਲ੍ਹੇ-ਚੌਂਕੇ ਤੇ ਘਰੇਲੂ ਕੰਮ-ਕਾਜਾਂ ਤੱਕ ਹੀ ਸੀਮਿਤ ਕਰਕੇ ਵੇਖਿਆ ਜਾਂਦਾ ਸੀ ਤੇ ਉਸ ਵਿਚੋਂ ਦਇਆ, ਪਰਉਪਕਾਰ, ਉਦਾਰਤਾ, ਮਮਤਾ ਆਦਿ ਗੁਣਾਂ ਦੀ ਹੀ ਉਮੀਦ ਕੀਤੀ ਜਾਂਦੀ ਸੀ। ਕੁਦਰਤ ਨੇ ਭਾਵੇਂ ਸਰੀਰਕ ਰੂਪ ਵਿਚ ਇਸਤਰੀ ਤੇ ਪੁਰਖ ਨੂੰ ਸਮਾਨ ਨਹੀਂ ਬਣਾਇਆ, ਪਰ ਫਿਰ ਵੀ ਉਹ ਇਕ-ਦੂਜੇ ਦੇ ਪੂਰਕ ਤੇ ਸਮਾਨ ਹਨ। ਭਾਰਤੀ ਸਭਿਅਤਾ ਦੇ ਆਰੰਭ ਦੌਰ ਵਿਚ ਬਹੁਤ ਸਾਰੇ ਉਦਾਹਰਣ ਮਿਲਦੇ ਹਨ ਜਿਸ ਵਿਚੋਂ ਇਹ ਪ੍ਰਮਾਣਿਤ ਹੁੰਦਾ ਹੈ ਕਿ ਉਹ ਵੇਲਾ ਬਹੁਤ ਹੱਦ ਤਕ ਨਾਰੀ ਪ੍ਰਤੀ ਪੱਖ-ਪਾਤ ਦਾ ਨਹੀਂ ਸੀ, ਕੁਝ ਕੁ ਖੇਤਰ ਜ਼ਰੂਰ ਅਜਿਹੇ ਸਾਹਮਣੇ ਆਉਂਦੇ ਹਨ ਜਿਸ ਵਿਚ ਨਾਰੀ ਦੀ ਹਿੱਸੇਦਾਰੀ ਨੂੰ ਉਸਦੇ ਸਰੀਰਕ ਪੱਖੋਂ ਘੱਟ ਕਰਕੇ ਜਾਂ ਵੱਖਰੀ ਤਰ੍ਹਾਂ ਨਿਰਧਾਰਤ ਕੀਤਾ ਗਿਆ ਸੀ। ਇਨ੍ਹਾਂ ਕਾਰਜਾਂ ਵਿਚ ਸ਼ਿਕਾਰ, ਯੁੱਧ ਜਾਂ ਨਵੀਆਂ ਥਾਵਾਂ ਦੀ ਤਲਾਸ਼ ਆਦਿ ਵਰਗੇ ਜੋਖਮ ਭਰੇ ਕਾਰਜ ਸ਼ਾਮਲ ਸਨ, ਇਉਂਕਿ ਨਾਰੀ ਦੇ ਮਾਂ ਬਣਨ ਦੇ ਗੁਣ ਕਾਰਨ ਉਸ ਲਈ ਇਕ ਥਾਂ ਟਿਕ ਕੇ ਜੀਵਨ ਬਿਤਾਉਣ ਦੀ ਜ਼ਰੂਰਤ ਵਧੇਰੇ ਲੋੜੀਂਦੀ ਸੀ। ਇਸਨੂੰ ਵੀ ਧਿਆਨ ਵਿਚ ਰੱਖਦਿਆਂ ਉਸਦੀ ਸਮਾਜਕ ਗਤੀਵਿਧੀਆਂ ਵਿਚ ਸ਼ਮੂਲੀਅਤ ਸੀਮਤ ਹੁੰਦੀ ਗਈ। ਮਰਦ 'ਧਿਰ' ਨੇ ਨਾਰੀ ਦੀ ਰੱਖਿਆ ਦੇ ਰੂਪ ਵਿਚ ਸ਼ੁਰੂ ਹੋਏ ਇਸ ਅਮਲ ਨੂੰ ਉਸ ਉੱਪਰ ਪੂਰਨ ਅਧਿਕਾਰ ਸਥਾਪਿਤ ਕਰਨ ਤੱਕ ਪੁਚਾ ਦਿੱਤਾ। ਨਾਰੀ ਨੂੰ ਦੇਵੀ ਅਤੇ ਮਾਂ ਦਾ ਦਰਜਾ ਜ਼ਰੂਰ ਦਿੱਤਾ ਗਿਆ ਸੀ ਪਰ ਸਮਾਜਕ ਤੌਰ 'ਤੇ ਉਸ ਉੱਪਰ ਨੈਤਿਕਤਾ ਦੇ ਪ੍ਰਤੀਬੰਧ ਲਗਾਏ ਜਾਣ ਲੱਗ ਪਏ। ਇਹ ਸਮਾਜਕ ਵਿਵਹਾਰ ਹੌਲੀ-ਹੌਲੀ ਕੁਰੀਤੀਆਂ ਦੀ ਸ਼ਕਲ ਧਾਰਣ ਕਰ ਗਿਆ। ਨਾਰੀ ਨੂੰ ਕਮਜ਼ੋਰ ਅਤੇ ਰੱਖਿਆ ਦੀ ਮੁਹਤਾਜ ਸ਼ੈਅ ਕਰਾਰ ਦੇ ਕੇ ਉਸਦੇ ਬਹੁਤ ਸਾਰੇ ਮਾਨਵੀ ਅਧਿਕਾਰ ਵੀ ਖੋਹ ਲਏ ਗਏ। ਉਸ ਦੀ ਦੇਹਿ ਨੂੰ ਇਕ ਸੰਪਤੀ ਵਾਂਗ ਤਸੱਵਰ ਕਰਕੇ ਉਸ ਦੇ ਫੈਸਲੇ ਆਪਣੇ ਹੱਥ ਵਿਚ ਲੈ ਲਏ ਅਤੇ ਉਸ ਦੀ ਮਰਜ਼ੀ ਨੂੰ ਖੋਹ ਲਿਆ ਗਿਆ। ਪਰ ਇਹ ਸਾਰਾ ਕੁਝ ਪੂਰੇ ਨਾਰੀ ਸਮਾਜ ਉੱਪਰ ਲਾਗੂ ਨਹੀਂ ਸੀ, ਬਹੁਤ ਸਾਰੇ ਵਰਗ ਇਸ ਤੋਂ ਵੱਖਰੇ ਵੀ ਸਨ। ਪਰ ਸਭਿਆਚਾਰਕ ਤੌਰ 'ਤੇ ਇਹ ਵਰਤਾਰਾ ਪੱਕਾ ਹੁੰਦਾ ਗਿਆ। ਇਸ ਕੁਰੀਤੀ ਨੂੰ ਦੂਰ ਕਰਨ ਲਈ ਸਮੇਂ-ਸਮੇਂ ਜਤਨ ਵੀ ਹੁੰਦੇ ਰਹੇ ਹਨ। ਮਧਕਾਲ ਦੇ ਸਮੇਂ ਵਿਚ ਮੌਜੂਦ ਇਹੋ ਜਿਹੀਆਂ ਕੁਰੀਤਿਆਂ ਨੂੰ ਦੂਰ ਕਰਨ ਵਿਚ ਕਬੀਰ, ਮੀਰਾ, ਗੁਰੂ ਨਾਨਕ ਦੇਵ ਜੀ ਆਦਿ ਭਗਤਾਂ ਅਤੇ ਸਮਾਜ ਸੁਧਾਰਕਾਂ ਦਾ ਬਹੁਤ ਵੱਡਾ ਰੋਲ ਰਿਹਾ ਹੈ। ਸੰਵਿਧਾਨ ਦੇ ਮੁਤਾਬਿਕ 'ਅੰਤਰਗਤ' ਭਾਵੇਂ ਸਾਰੇ ਹੀ ਸਮਾਨ ਹਨ, ਇਥੇ ਜਾਤੀ, ਧਰਮ ਜਾਂ ਲਿੰਗ ਦੇ ਆਧਾਰ 'ਤੇ ਭਾਵੇਂ ਭੇਦ-ਭਾਵ ਨਹੀਂ, ਪਰ ਧਰਾਤਲ ਦੀ ਸੱਚਾਈ ਕੁਝ ਹੋਰ ਹੀ ਹੈ। ਕਿਸੇ ਨਾ ਕਿਸੇ ਰੂਪ ਵਿਚ ਨਾਰੀ ਦਾ ਸ਼ੋਸ਼ਣ ਅੱਜ ਤੱਕ ਵੀ ਹੁੰਦਾ ਰਿਹਾ ਹੈ। ਇਸ ਪ੍ਰਤੀ ਨਾਰੀ ਨੂੰ ਆਪ ਹੀ ਆਪਣੇ ਲਈ ਬੋਲਣਾ ਪਵੇਗਾ ਅਤੇ ਸਾਨੂੰ ਵੀ ਨਾਰੀਵਾਦ ਨੂੰ ਇਕ ਵਿਚਾਰਧਾਰਾ ਦੀ ਤਰ੍ਹਾਂ ਸਮਝਣਾ ਪਵੇਗਾ। ਇਸ ਸੰਦਰਭ ਵਿਚ ਨਾਰੀ ਦੀ ਵਰਤਮਾਨ ਸਥਿਤੀ ਨੂੰ ਪੇਸ਼ ਕਰਦਾ Tawhida Akhter ਦਾ ਨਿਮਨ-ਅੰਕਿਤ ਵਿਚਾਰ ਬਹੁਤ ਢੁੱਕਵਾਂ ਜਾਪਦਾ ਹੈ—

Most of the societies are male-dominated where a woman is only supposed to be a mother, an ideal wife and a home-maker with multifarious roles attributed to her in the family. As a wife and mother, her service of sacrifice, tolerance and submissiveness are her required attributes. Furthermore, her admired qualities of adjustments make her life faithful and obedient. But this individual self of a woman has very little recognition in the patriarchal society and it leads to her self-effacement. Women form an inseparable part of human race which not only acts in the vital process of nurturing the future generations of humanity but also play very important roles in every walk of life. In spite of playing very

significant roles within as well as outside their homes, they are always regarded as "the weaker sex "who is inferior to their male counterparts. In every part of the world, women at times face a common problem that is of gender discrimination. No matter what their culture or background will be, they all are commonly referred to as" weak "and secondary to their male counterparts. In numerous cases, a woman, no matter of what race, religion or region she is, but she has to suffer the same pain of being discriminated.[i]

ਨਾਰੀ ਪ੍ਰਤੀ ਅਸਮਾਨਤਾ ਦਾ ਵਿਵਹਾਰ ਸਮਾਜਕ ਤੌਰ 'ਤੇ ਬਹੁਤ ਲੰਮੇ ਸਮੇਂ ਤੋਂ ਵੇਖਣ ਵਿਚ ਆ ਰਿਹਾ ਹੈ। ਇਸਨੂੰ ਦੂਰ ਕਰਨ ਲਈ ਨਾਰੀਵਾਦ ਦੇ ਨਾਂ ਹੇਠ ਬਹੁਤ ਸਾਰੇ ਅੰਦੋਲਨ ਵੀ ਚਲਦੇ ਰਹੇ ਹਨ। ਪਰ ਇਨ੍ਹਾਂ ਦਾ ਪ੍ਰਭਾਵ ਸਮਾਜ ਵਿਚ ਮਹਿਸੂਸ ਕਰਨ ਲਈ ਸਾਹਿਤ ਇਕ ਮਾਧਿਅਮ ਬਣਦਾ ਹੈ। ਇਸੇ ਮਾਧਿਅਮ ਨਾਲ ਨਾਰੀ ਜਾਂ ਲਿੰਗਕ ਸਮਾਨਤਾ ਦੇ ਮਸਲੇ ਵਿਚ ਹੋਈ ਪ੍ਰਗਤੀ ਦਾ ਜਾਇਜ਼ਾ ਵੀ ਲਿਆ ਜਾ ਸਕਦਾ ਹੈ। ਸਾਹਿਤ ਵਿਚ ਨਾਰੀ ਮਸਲਿਆਂ ਦੀ ਪੇਸ਼ਕਾਰੀ ਬਾਰੇ ਪੰਜਾਬੀ ਦੀ ਪ੍ਰਮੁੱਖ ਸਾਹਿਤ-ਚਿੰਤਕ ਡਾ. ਧਨਵੰਤ ਕੌਰ ਦਾ ਵਿਚਾਰ ਹੈ-

ਪੰਜਾਬ ਵਿਚ ਨਾਰੀਵਾਦੀ ਚਿੰਤਨ ਦੇ ਕੋਈ ਪ੍ਰਤੱਖ ਪਰਾਪੇਗੰਡੇ ਦੀ ਅਣਹੋਂਦ ਦੇ ਬਾਵਜੂਦ ਅਚੇਤ ਹੀ ਇਕ ਅਜਿਹੀ ਰਚਨਾਤਮਕ ਲਹਿਰ ਕਾਰਜਸ਼ੀਲ ਰਹੀ ਜਿਸਨੇ ਅਜਿਹੀਆਂ ਸਥਿਤੀਆਂ ਨੂੰ ਤਲਾਸ਼ਿਆ ਤੇ ਬਿਰਤਾਂਤਿਆ ਜਿਹੜੀਆਂ ਮਰਦ ਪ੍ਰਧਾਨ ਮਨੌਤਾਂ ਦੁਆਰਾ ਘੜੀਆਂ ਸਮਾਜਕ ਤੇ ਮਾਨਸਿਕ ਬੇਤਰਤੀਬੀਆਂ ਵਿਚ ਪਿਸ ਰਹੀ ਔਰਤ ਦੀ ਕੰਨਸੋ ਦੇ ਰਹੀਆਂ ਸਨ। ਇਨ੍ਹਾਂ ਪੇਸ਼ਕਾਰੀਆਂ ਵਿਚੋਂ ਨਾਰੀ ਦਾ ਜਿਹੜਾ ਬਿੰਬ ਉਜਾਗਰ ਹੋਇਆ ਉਹ ਇਹ ਭਲੀਭਾਂਤ ਦਰਸਾ ਰਿਹਾ ਸੀ ਕਿ ਨਾਰੀ ਇਕ ਅਜਿਹਾ ਜੀਵ ਹੈ ਜਿਹੜਾ ਅਹਿਸਾਸਾਂ, ਭਾਵਾਂ, ਜਜ਼ਬਾਤਾਂ ਤੋਂ ਸੱਖਣਾ ਸਿਰਫ਼ ਮਰਦ ਦੇ ਹਵਾਲੇ ਨਾਲ ਜਾਣਿਆ-ਪਛਾਣਿਆ ਜਾਂਦਾ ਹੈ ਅਤੇ ਮਰਦਾਵੇਂ ਸਮਾਜ ਦੀ ਹਰ ਵਧੀਕੀ ਤੇ ਸੰਤਾਪ ਨੂੰ ਜਰਨਾ ਜਿਸਦਾ ਨਸੀਬ ਤੇ ਹੋਣੀ ਹੈ। ਅੰਤਰਰਾਸ਼ਟਰੀ ਪਰਿਪੇਖ ਵਿਚ ਜਦੋਂ ਸੀਮੋਨ, ਬੈਟੀ ਫਰੀਡਨ, ਕੇਟ ਮਿਲੇਟ, ਸੁਆਮਿਥ ਫਾਇਰਸਟੋਨ, ਈਵਾ ਫਿਗਰ ਵਰਗੀਆਂ ਚਿੰਤਕਾਵਾਂ ਨਾਰੀ ਸਿਧਾਂਤਾਂ ਨੂੰ ਪਰਿਭਾਸ਼ਿਤ ਕਰ ਰਹੀਆਂ ਸਨ ਉਸੇ ਸਮੇਂ ਖ਼ਾਮੋਸ਼ੀ ਅਤੇ ਅਕਰਮਕਤਾ ਦੇ ਸੰਸਕਾਰਾਂ ਨਾਲ ਅਨੁਕੂਲਿਤ ਹੋਈ ਪੰਜਾਬੀ ਨਾਰੀ ਦੇ ਮਨ ਤੇ ਦੇਹੀ ਦੋਹਾਂ ਦੀ ਬੇਹੁਰਮਤੀ ਤੇ ਬੇਕਦਰੀ ਦੇ ਅਥਾਹ ਬਿਓਰੇ ਪੰਜਾਬੀ ਕਹਾਣੀ ਦੀ ਵਥ ਬਣ ਰਹੇ ਸਨ। (ਧਨਵੰਤ ਕੌਰ) (8, ii)

ਇਸੇ ਤਰ੍ਹਾਂ ਦੀ ਸੋਚ ਨੂੰ ਇਹ ਨਾਟਕ ਵੀ ਆਪਣੀ ਸਿਰਜਣਾ ਵਿਸ਼ਾ ਬਣਾਉਂਦਾ ਹੈ। ਨਾਟਕ 'ਅੱਜ ਦੀ ਸਾਹਿਬਾਂ 'ਵਰਿਆਮ ਮਸਤ ਦਾ ਲਿਖਿਆ ਹੋਇਆ ਹੈ। ਵਰਿਆਮ ਮਸਤ ਪੰਜਾਬੀ ਨਾਟਕ ਦੀ ਚੌਥੀ ਪੀੜ੍ਹੀ ਦਾ ਨਾਟਕਕਾਰ ਹੈ। ਉਸਦਾ ਇਹ ਨਾਟਕ 'ਅੱਜ ਦੀ ਸਾਹਿਬਾਂ 'ਮਿਰਜ਼ਾ-ਸਾਹਿਬਾਂ ਦੇ ਪ੍ਰਚੱਲਤ ਕਿੱਸੇ ਉੱਪਰ ਆਧਾਰਿਤ ਹੈ। 'ਅੱਜ ਦੀ ਸਾਹਿਬਾਂ' ਨਾਟਕ ਵਿਚ ਉਸ ਨੇ ਪੁਰਾਣੀ ਅਤੇ ਆਧੁਨਿਕ ਪੀੜ੍ਹੀ ਦੇ ਮਾਨਸਿਕ ਸੰਘਰਸ਼ ਨੂੰ ਉਭਾਰਿਆ ਹੈ। ਇਸ ਵਿਚ ਪੁਰਾਣੀ ਪੀੜ੍ਹੀ ਦੀ ਪਰੰਪਰਾਗਤ ਸੋਚ ਉੱਪਰ ਚੋਟ ਵੀ ਮਾਰੀ ਗਈ ਹੈ ਅਤੇ ਸਮਾਜ ਦੀ ਇਕ-ਪੱਖੀ ਸੋਚ ਉੱਪਰ ਵੀ ਵਾਰ ਕੀਤਾ ਗਿਆ ਹੈ। ਇਸ ਨਾਟਕ ਬਾਰੇ ਉਹ ਆਪ ਲਿਖਦਾ ਹੈ-

"ਮੈਂ ਆਪਣੇ ਇਸ ਨਾਟਕ ਵਿਚ ਆਪਣੇ ਆਪ ਨੂੰ ਕਈ ਸਾਲ ਪਹਿਲਾਂ ਬੀਤ ਚੁੱਕੀ ਇਸ ਪ੍ਰੀਤ ਕਹਾਣੀ ਦੇ ਮੌਡਰਨ ਅਤੇ ਅੱਜ ਦੀ ਪੀੜ੍ਹੀ ਦੇ ਵਿਚਾਰਾਂ ਨੂੰ ਆਹਮੋ-ਸਾਹਮਣੇ ਰੱਖਕੇ ਵੇਖਣ ਦੀ ਕੋਸ਼ਿਸ਼ ਕੀਤੀ ਹੈ। ਮੇਰੀ ਇਹ ਸੋਚ ਤਿੰਨ ਪੜਾਵਾਂ 'ਤੇ ਖੜੀ ਹੈ, ਬੀਤ ਚੁੱਕੀ ਸਾਮਰਾਜੀ ਸੋਚ, ਮੱਧ ਵਰਗੀ ਸੋਚ ਅਤੇ

ਆਉਣ ਵਾਲੀ ਪੀੜ੍ਹੀ ਅਤੇ ਅਜੋਕੀ ਪੀੜ੍ਹੀ ਦੀ ਮਾਡਰਨ ਸੋਚ। ਇਹ ਸੋਚ ਹੀ ਤਿੰਨ ਪੀੜ੍ਹੀਆਂ ਵਿਚ ਸਦੀਆਂ ਤੋਂ ਟਕਰਾਅ ਵਿਚ ਰਹੀ ਹੈ। ਮੈਨੂੰ ਲੱਗਦਾ ਹੈ ਇਸ ਲੜਾਈ ਵਿਚ ਕਿਸੇ ਧਿਰ ਦੀ ਜਿੱਤ ਨਹੀਂ ਹੁੰਦੀ ਸਿਰਫ਼ ਹਾਰ ਹੀ ਹਰ ਹੁੰਦੀ ਹੈ।" (ਵਰਿਆਮ ਮਸਤ) (20)

'ਅੱਜ ਦੀ ਸਾਹਿਬਾਂ' ਨਾਟਕ ਵਿਚ ਇਹ ਟਕਰਾਅ ਮਾਂ-ਬਾਪ ਦੁਆਰਾ ਨਿਰਧਾਰਿਤ ਵਿਆਹ ਸਿਸਟਮ ਅਤੇ ਮੁੰਡੇ-ਕੁੜੀ ਦੇ ਆਪਸੀ ਪਿਆਰ ਦੁਆਲੇ ਘੁੰਮਦੀ ਹੈ। ਮਿਰਜ਼ਾ-ਸਾਹਿਬਾਂ ਦਾ ਕਿੱਸਾ ਬਹੁਤ ਸਾਰੇ ਲੇਖਕਾਂ ਨੇ ਲਿਖਿਆ ਹੈ। ਮਿਰਜ਼ੇ ਦਾ ਜਨਮ ਦਾਨਾਬਾਦ ਦੇ ਖਰਲ ਰਾਜਪੂਤ ਵੰਝਲ ਦੇ ਘਰ ਹੋਇਆ ਅਤੇ ਉਹ ਪੜ੍ਹਨ ਲਈ ਸਿਆਲਾਂ ਦੇ ਪਿੰਡ ਖੀਵੇ ਆਪਣੀ ਮਾਸੀ ਬੀਬੋ ,ਦੇ ਘਰ ਰਹਿੰਦਾ ਸੀ। ਮਿਰਜ਼ਾ ਅਤੇ ਸਾਹਿਬਾਂ ਦੋਵੇਂ ਮਸੀਤ ਵਿਚ ਇਕੱਠੇ ਕਾਜ਼ੀ ਕੋਲੋਂ ਪੜ੍ਹਦੇ ਸਨ,ਜਿੱਥੇ ਦੋਹਾਂ ਨੂੰ ਇਸ਼ਕ ਹੋ ਜਾਂਦਾ ਹੈ ਤੇ ਸਾਰੇ ਪਿੰਡ ਵਿਚ ਇਸਦੀ ਚਰਚਾ ਹੁੰਦੀ ਹੈ ਤੇ ਨਾਲ ਬਦਨਾਮੀ ਵੀ। ਸਾਹਿਬਾਂ ਦਾ ਪਿਉ ਖੀਵਾ ਖਾਨ ਇਸ ਨਮੋਸ਼ੀ ਤੋਂ ਬਚਣ ਲਈ ਸਾਹਿਬਾਂ ਦਾ ਰਿਸ਼ਤਾ ਦੂਜੇ ਮੁੰਡੇ ਨਾਲ ਕਰ ਦਿੰਦਾ ਹੈ ਤੇ ਵਿਆਹ ਦੀ ਤਾਰੀਖ਼ ਵੀ ਨਿਸਚਿਤ ਹੋ ਜਾਂਦੀ ਹੈ। ਸਾਹਿਬਾਂ ਜੋਕਿ ਇਸ ਰਿਸ਼ਤੇ ਤੋਂ ਖ਼ੁਸ਼ ਨਹੀਂ ਹੈ ਅਤੇ ਉਸਦਾ ਪਿਆਰ ਤਾਂ ਮਿਰਜ਼ਾ ਹੈ ਤੇ ਮਿਰਜ਼ੇ ਤੱਕ ਇਹ ਸੰਦੇਸ਼ ਵੀ ਪਹੁੰਚਾਉਣਾ ਚਾਹੁੰਦੀ ਹੈ। ਜਿਸ ਦਿਨ ਸਾਹਿਬਾਂ ਨੂੰ ਵਿਆਹੁਣ ਉਸਦੀ ਬਰਾਤ ਆ ਜਾਂਦੀ ਹੈ ਤਾਂ ਉਹ ਦੋਵੇਂ ਘਰੋਂ ਭੱਜ ਜਾਂਦੇ ਹਨ। ਸਾਹਿਬਾਂ ਦੇ ਘਰ ਵਾਲਿਆਂ ਨੂੰ ਜਦੋਂ ਇਸ ਉਧਾਲੇ ਦੀ ਖ਼ਬਰ ਦਾ ਪਤਾ ਚਲਦਾ ਹੈ ਤਾਂ ਸਾਹਿਬਾਂ ਦੇ ਭਰਾ ਆਪਣੇ ਸਾਥੀਆਂ ਤੇ ਤਾਹਿਰ ਖ਼ਾਨ ਸਮੇਤ, ਜੋਕਿ ਸਾਹਿਬਾਂ ਦਾ ਮੰਗੇਤਰ ਹੈ, ਮਿਰਜ਼ੇ ਤੇ ਸਾਹਿਬਾਂ ਦਾ ਪਿੱਛਾ ਕਰਦੇ ਉਥੇ ਅਪੜ ਜਾਂਦੇ ਹਨ। ਮਿਰਜ਼ਾ ਦਾਨਾਬਾਦ ਦੇ ਰਾਹ ਵਿਚ ਹੀ ਜੰਡ ਹੇਠ ਆਰਾਮ ਕਰਦਾ ਹੋਇਆ ਸੌਂ ਜਾਂਦਾ ਹੈ ਤੇ ਸਾਹਿਬਾਂ ਉਸਨੂੰ ਅਜਿਹਾ ਕਰਨ ਤੋਂ ਰੋਕਦੀ ਹੈ ਪਰ ਮਿਰਜ਼ੇ ਨੂੰ ਆਪਣੀ ਤੀਰ-ਅੰਦਾਜ਼ੀ ਅਤੇ ਬੱਕੀ ਉਪਰ ਪੂਰਾ ਭਰੋਸਾ ਸੀ। ਸਾਹਿਬਾਂ ਤੀਰਾਂ ਨੂੰ ਜੰਡ' ਤੇ ਟੰਗ ਦਿੰਦੀ ਹੈ ਤੇ ਅੰਤ ਉਹੀ ਹੁੰਦਾ ਹੈ ਕਿ ਦੋਵਾਂ ਨੂੰ ਮਾਰ ਦਿੱਤਾ ਜਾਂਦਾ ਹੈ, ਤੇ ਦੁੱਖਦ ਅੰਤ ਹੁੰਦਾ ਹੈ।

ਵਰਿਆਮ ਮਸਤ ਨੇ ਇਸ ਕਿੱਸੇ ਨੂੰ ਹੀ ਆਧਾਰ ਬਣਾ ਕੇ 'ਅੱਜ ਦੀ ਸਾਹਿਬਾਂ' ਨਾਟਕ ਨੂੰ ਲਿਖਿਆ ਹੈ ਜਿਸ ਵਿਚ ਸਭਿਆਚਾਰਕ ਰੰਗਤ ਵੀ ਵੇਖਣ ਨੂੰ ਮਿਲਦੀ ਹੈ। ਨਾਟਕ ਦੇ ਅੰਤ ਵਿਚ ਇਕ ਪ੍ਰੋਫ਼ੈਸਰ ਆਪਣੇ 'ਜੋਤੀ ਤੇ ਸੂਰਜ' ਕੁੜੀ ਤੇ ਮੁੰਡੇ ਨੂੰ ਮਿਰਜ਼ਾ-ਸਾਹਿਬਾਂ ਕਹਾਣੀ ਸੁਣਾ ਰਿਹਾ ਹੈ ਤੇ ਕਹਾਣੀ ਕਦੇ ਫਲੈਸ਼ ਬੈਕ ਵਿਚ ਚਲੀ ਜਾਂਦੀ ਹੈ ਤੇ ਕਦੇ ਵਰਤਮਾਨ ਵਿਚ ਆ ਜਾਂਦੀ ਹੈ। ਜੋਤੀ ਤੇ ਸੂਰਜ ਜੋਕਿ ਅੱਜ ਦੇ ਯੁੱਗ ਦੀ ਨਵੀਂ ਪੀੜ੍ਹੀ ਨਾਲ ਸੰਬੰਧ ਰੱਖਦੇ ਹਨ। ਇਸ ਕਹਾਣੀ ਨੂੰ ਸੁਣਦਿਆਂ ਆਪਣੇ ਆਪ ਨੂੰ ਇਸ ਨਾਲ ਜੋੜਦੇ ਵੀ ਹਨ ਤੇ ਵੱਖਰਤਾ ਰੱਖਦਿਆਂ ਹੋਏ ਸਵਾਲ ਜਵਾਬ ਵੀ ਕਰਦੇ ਹਨ। ਉਨ੍ਹਾਂ ਦੇ ਪੁੱਛਣ ਤੇ ਪ੍ਰੋਫ਼ੈਸਰ ਜਵਾਬ ਦਿੰਦਾ ਹੈ,

ਪ੍ਰੋਫ਼ਸਰ: ਪੁੱਤਰ ਅਜੇ ਤਾਂ ਸ਼ੁਰੂਆਤ ਏ। ਕਾਜ਼ੀ ਨੂੰ ਮਿਰਜ਼ਾ ਤੇ ਸਾਹਿਬਾਂ ਦਾ ਮੇਲ ਜੋਲ ਪਸੰਦ ਨਹੀਂ। ਉਹ ਮਿਰਜ਼ੇ ਦੀ ਇਸ ਹਰਕਤ ਦੀ ਖੀਵੇ ਖ਼ਾਨ ਕੋਲ ਸ਼ਿਕਾਇਤ ਕਰਦਾ ਹੈ।

ਜੋਤੀ: ਆਪਣੇ ਆਪ ਨੂੰ "ਪਤਾ ਨਹੀਂ ਮੇਰੇ ਨਾਲ ਕੀ ਹੋਵੇਗਾ? ਕੀ ਮੇਰਾ ਫਾਦਰ ਇਨ ਲਾਅ? (ਆਪਣੇ ਆਪ ਨਾਲ)" (ਅੱਜ ਦੀ ਸਾਹਿਬਾਂ) (38)

ਅੱਜ ਦੀ ਸਾਹਿਬਾਂ ਦਾ ਟਕਰਾਅ ਤੇ ਸੰਘਰਸ਼ ਵੱਖਰੀ ਤਰ੍ਹਾਂ ਦਾ ਹੈ ਜਿਸ ਵਿਚ ਸਮਾਜਕ ਤੇ ਸਾਂਸਕ੍ਰਿਤਕ ਪ੍ਰਸਥਿਤੀਆਂ ਦਾ ਵੀ ਬਹੁਤ ਵੱਡਾ ਰੋਲ ਹੈ। ਨਾਟਕ ਵਿਚ ਇਕ ਥਾਂ ਨਵਕਿਰਨ ਆਖਦੀ ਹੈ:

"ਮੈਂ ਉਹੀ ਕਰਾਂਗੀ ਜੋ ਮੈਂ ਚਾਹੁੰਦੀ ਹਾਂ ਮੈਂ ਆਪਣੇ ਲਹੂ ਵਿਚ ਇਕ ਨਵੀਂ ਉਮੀਦ ਦਾ ਸੂਹਾ ਬੂਟਾ ਬਣ ਕੇ ਫੈਲਾਂਗੀ। ਇਸਦੀਆਂ ਜੜਾਂ ਪੁਰਾਣੀ ਜ਼ਮੀਨ ਵਿਚ ਨਹੀਂ ਮੇਰੀ ਆਪਣੀ ਸੋਚ ਦੀ ਜ਼ਮੀਨ ਵਿਚ ਹੋਣਗੀਆਂ। 'ਅੱਜ ਦੀ ਸਾਹਿਬਾਂ' (40)

ਨਾਟਕ ਨਵੀਂ ਅਤੇ ਪੁਰਾਣੀ ਪੀੜ੍ਹੀ ਦੀ ਇਕ ਪਰੰਪਰਾਗਤ ਤੇ ਆਧੁਨਿਕ ਸੋਚ ਵਿਚਕਾਰ ਦੀ ਸਥਿਤੀ ਨੂੰ ਪੇਸ਼ ਕਰਦਾ ਹੈ। ਜਦੋਂ ਖੀਵਾ ਖ਼ਾਨ ਸਾਹਿਬਾਂ ਦਾ ਸਾਕ ਪੱਕਾ ਕਰਨ ਦੀ ਗੱਲ, ਉਸਦੀ ਅੰਮੀ ਨੂੰ ਦੱਸਦਾ ਹੈ ਤਾਂ ਉਹ ਆਖਦੀ ਹੈ ਕਿ ਇਹ ਗੱਲ ਮੈਂ ਸਾਹਿਬਾਂ ਨੂੰ ਵੀ ਦੱਸ ਦਿੰਦੀ ਹਾਂ ਤੇ ਉਹ ਕਹਿੰਦਾ ਹੈ:

ਖੀਵਾ ਖ਼ਾਨ: ਜ਼ੁਬਾਨ ਸੰਭਾਲ ਕੇ ਗੱਲ ਕਰ। ਔਰਤਾਂ, ਖੁਰਲੀਆਂ ’ਤੇ ਬੱਝੀਆਂ ਮੱਝੀਆਂ ਤੇ ਗਾਵਾਂ ਨੇ। ਜਿਸ ਹੱਥ ਸੰਗਲ ਫੜਾ ਦਿਓ, ਉਸੇ ਖੁਰਲੀ ’ਤੇ ਜਾ ਖਲੋਂਦੀਆਂ ਨੇ। ਕਦੇ ਨਹੀਂ ਬੋਲਦੀਆਂ। ਉਨ੍ਹਾਂ ਦੇ ਫੈਸਲੇ ਇਨ੍ਹਾਂ ਦੇ ਸੁਝਾਅ ਨਾਲ ਨਹੀਂ ਹੁੰਦੇ।

ਅੰਮੀ: ਮਰਦ ਹਮੇਸ਼ਾ ਮਰਦਾਨਗੀ ’ਤੇ ਅਭਿਮਾਨ ਕਰਦਾ ਹੈ। ਔਰਤ, ਮਰਦ ਦੀ ਹਾਂ ਵਿਚ ਹਾਂ ਮਿਲਾਏ ਇਹੀ ਉਸਦਾ ਕਿਰਦਾਰ ਰਿਹਾ। ਉਸਦੀ ਆਪਣੀ ਸੋਚ’ ਤੇ ਕੋਈ ਮਰਜ਼ੀ ਨਹੀ।

ਖੀਵਾ ਖ਼ਾਨ: ਮਰਦ-ਮਰਦ ਹੋਵੇ। ਮਰਦਾਂ ਦੀ ਦੁਨੀਆਂ ਵਿਚ ਮਰਦਾਂ ਦਾ ਹੀ ਜ਼ਿਕਰ ਹੁੰਦਾ ਹੈ। ਉਹ ਭਾਵੇਂ ਚੂਚਕ ਹੋਵੇ ਤੇ ਭਾਵੇਂ ਖੀਵਾ ਖ਼ਾਨ। ਸਾਰੀ ਬਰਾਦਰੀ ਮਰਦ ਦੀ ਮਰਦਾਨਗੀ’ ਤੇ ਹਸ਼ਰ ਕਰਦੀ ਏ। ‘ਅੱਜ ਦੀ ਸਾਹਿਬਾਂ’ (63)

ਸਮਾਜ ਵਿਚ ਜੋ ਤਬਦੀਲੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ ਨਾਟਕਕਾਰ ਵੀ ਉਸਦਾ ਇਕ ਹਿੱਸਾ ਹੈ ਭਾਵੇਂ ਐਨਾਂ ਸਮਾਂ ਬੀਤਣ ਦੇ ਬਾਵਜੂਦ ਵੀ ਸਾਡੇ ਸਮਾਜ ਵਿਚ ਜ਼ਿਆਦਾ ਤਬਦੀਲੀ ਨਹੀਂ ਆਈ। ਖ਼ੂਨ ਦੇ ਰਿਸ਼ਤਿਆਂ ਵਿਚੋਂ ਹੀ ਆਪਸੀ ਪਿਆਰ ਤੇ ਮੁਹੱਬਤ ਦੇ ਕਿੱਸੇ ਵੀ ਲੱਭੇ ਜਾ ਰਹੇ ਹਨ। ਨਾਟਕਕਾਰ ਦਾ ਵਿਚਾਰ ਹੈ ਕਿ ਬਦਲਾਵ ਉਦੋਂ ਤੱਕ ਮਹਿਸੂਸ ਨਹੀਂ ਕੀਤਾ ਜਾ ਸਕਦਾ ਜਦ ਤੱਕ ਕਿ ਅਜਿਹੀਆਂ ਘਟਨਾਵਾਂ ਨੂੰ ਸਮਾਜ ਸਾਹਮਣੇ ਲਿਆਂਦਾ ਨਾ ਜਾਏ, ਵਿਸ਼ੇਸ਼ ਕਰਕੇ ਸਾਹਿਤ ਦੇ ਰਾਹੀਂ ਲਿਆਂਦਾ ਜਾਏ। ਇਸੇ ਲਈ ਨਾਟਕਕਾਰ ਨੇ ਸਾਹਿਬਾਂ ਦੇ ਮਨੋਭਾਵਾਂ ਰਾਹੀਂ ਉਸਦੀ ਮਰਜ਼ੀ ਨੂੰ ਉਭਾਰਨ ਦਾ ਜਤਨ ਕੀਤਾ ਹੈ। ਉਸਦਾ ਮੰਨਣਾ ਹੈ ਕਿ ਅੱਜ ਦੀ ਸਾਹਿਬਾਂ ਆਪਣੇ ਵੱਖਰੇ ਰਾਹ ਅਤੇ ਆਪਣੀ ਜ਼ਿੰਦਗੀ ਨੂੰ ਆਪਣੇ ਹੀ ਤਰੀਕੇ ਨਾਲ ਜਿਊਣ ਅਤੇ ਨਜਿੱਠਣ ਦੀ ਰਾਹ ’ਤੇ ਹੈ। ਜਿਵੇਂ ਕਿ ਇਕ ਥਾਂ ਸਾਹਿਬਾਂ ਦੀ ਸਹੇਲੀ ਉਸਨੂੰ ਕਹਿੰਦੀ ਹੈ—

“ਮਾਂ-ਬਾਪ ਭੈਣ-ਭਰਾ, ਚਾਚੇ-ਤਾਏ ਆਪਣੀ ਹਉਮੈ, ਅਣਖ ਤੇ ਅਹੰਮ ਲਈ ਬਾਲਾਂ ਦੇ ਨਿੱਕੇ-ਨਿੱਕੇ ਸੁਪਨਿਆਂ ਨੂੰ ਸੂਲੀ ’ਤੇ ਟੰਗ ਦਿੰਦੇ ਨੇ। ਅੱਗ ਵਿਚ ਬਾਲ ਦਿੰਦੇ ਨੇ। ਉਨ੍ਹਾਂ ਦੀਆਂ ਇੱਛਾਵਾਂ ਦੀ ਆਵਾਜ਼ ਕਿਸੇ ਦੇ ਕੰਨ ਨਹੀਂ ਪੈਂਦੀ।” ‘ਅੱਜ ਦੀ ਸਾਹਿਬਾਂ’ (64)

ਪਰ ਬਦਲਾਵ ਹੀ ਨਵੀਂ ਸੋਚ ਦਾ ਪ੍ਰਤੀਕ ਹੈ, ਜਦੋਂ ਪ੍ਰੋਫ਼ੈਸਰ ਜੋਤੀ ਨੂੰ ਆਖਦਾ ਹੈ-

ਪ੍ਰੋਫ਼ੈਸਰ: ਸਾਹਿਬਾਂ ਦਾ ਮਰਦਾਂ ਦੀ ਜੰਗ ਵਿਚ ਪਿੱਸਣਾ ਹੀ ਉਸਨੂੰ ਬਹਾਦਰ ਤੇ ਦਲੇਰ ਕਿਰਦਾਰ ਬਣਾਉਂਦਾ ਹੈ। ਸਾਨੂੰ ਸਾਹਿਬਾਂ ਨੂੰ ਅੱਜ ਦੇ ਨਜ਼ਰੀਏ ਤੋਂ ਸੋਚਣਾ ਪਵੇਗਾ।

ਜੋਤੀ: ਕਿਹੜਾ ਨਜ਼ਰੀਆ? ਮਰਦ ਜਾਂ ਔਰਤ ਦਾ। ‘ਅੱਜ ਦੀ ਸਾਹਿਬਾਂ’ (90)

ਅੱਜ ਦੀ ਮੋਡਰਨ ਸਾਹਿਬਾਂ ਇਸੇ ਮਾਹੌਲ ਵਿਚ ਉਸਰ ਰਹੀ ਹੈ ਅਤੇ ਇਸੇ ਮਰਦ ਪ੍ਰਧਾਨ ਸਮਾਜ ਵਿਚੋਂ ਆਪਣੀਆਂ ਜੜ੍ਹਾਂ ਦੀ ਤਲਾਸ਼ ਕਰ ਰਹੀ ਹੈ। ਉਹ ਆਪਣੀ ਨਵੀਂ ਸੋਚ ਪ੍ਰਤੀ ਚੇਤੰਨ ਹੈ ਅਤੇ ਆਪਣੀ ਜ਼ਿੰਦਗੀ ਦੇ ਕੈਨਵਸ ਵਿਚ ਨਵੇਂ ਤਰੀਕੇ ਨਾਲ ਰੰਗ ਭਰਨਾ ਚਾਹੁੰਦੀ ਹੈ। ਇਕ ਪਰੰਪਰਾਗਤ ਅਤੇ ਸੰਕੁਚਿਤ ਸੋਚ ਦੇ ਦਾਇਰੇ ਤੋਂ ਬਾਹਰ ਆਉਣਾ ਲੋਚਦੀ ਹੈ। ਇਹ ਕਹਾਣੀ ਤਾਂ ਸਦੀਆਂ ਪੁਰਾਣੀ ਕਹਾਣੀ ਹੈ ਜੋਕਿ ਹਰ ਯੁੱਗ ਵਿਚ ਸੁਣਾਈ ਜਾਂਦੀ ਰਹੇਗੀ। ਗੱਲ ਤੇ ਸੰਬੰਧਾਂ ਦੀ ਹੈ

ਅਤੇ ਸੰਬੰਧ ਜਲਦੀ-ਜਲਦੀ ਖ਼ਤਮ ਨਹੀਂ ਹੁੰਦੇ। ਕਹਾਣੀ ਵਿਚਲਾ ਦਰਦ ਅਜੇ ਤੱਕ ਖ਼ਤਮ ਨਹੀਂ ਹੋਇਆ।

ਸੱਚ ਹਮੇਸ਼ਾ ਸੱਚ ਰਹਿੰਦਾ ਹੈ। ਸੱਚੀ ਮੁਹੱਬਤ ਦਰਿਆਵਾਂ ਦੇ ਪਾਣੀਆਂ ਵਾਂਗ ਠਾਠਾਂ ਮਾਰਦੀ ਰਹਿੰਦੀ ਏ। ਨਵੀਂ ਜਵਾਨੀ ਨਵਾਂ ਜੋਸ਼ ਇਸ 'ਤੇ ਤਾਰੀਆਂ ਮਾਰਦੇ ਨੇ। ਕੁੱਝ ਝਨਾਅ ਪਾਰ ਕਰ ਜਾਂਦੇ ਨੇ, ਕੁੱਝ ਮੱਝਧਾਰ ਵਿਚ ਗੋਤਾ ਖਾ ਜਾਂਦੇ ਨੇ। ਜ਼ਿੰਦਗੀ ਦੀ ਬੇੜੀ ਦਰਿਆਵਾਂ 'ਤੇ, ਪੱਤਣਾਂ 'ਤੇ ਟੁਰਦੀ ਰਹਿੰਦੀ ਹੈ। ਮੁਹੱਬਤਾਂ ਦੇ ਦਰਿਆ ਵਗਦੇ ਨੇ ਵਗਦੇ ਰਹਿਣਗੇ, ਸਾਂਝੀ ਮੁਹੱਬਤ ਦੇ ਗੀਤ ਗਾਉਂਦੇ ਆਏ ਨੇ, ਗਾਉਂਦੇ ਰਹਿਣਗੇ। ਮਿਰਜ਼ਾ-ਸਾਹਿਬਾਂ ਦੀ ਮੁਹੱਬਤ ਦੀ ਕਹਾਣੀ ਆਉਂਦੀਆਂ ਪੀੜ੍ਹੀਆਂ ਦੇ ਮੱਥੇ ਵਿਚ ਦੀਵੇ ਵਾਂਗ ਜੱਗਦੀ ਰਹੇਗੀ। ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਇਹ ਨਾਟਕ ਸਮਾਜ ਦੀ ਉਸ ਪਰੰਪਰਾਗਤ ਸੋਚ ਨੂੰ ਬਦਲਣ ਵਿਚ ਯੋਗਦਾਨ ਪਾਏਗਾ ਅਤੇ ਨਵੀਂ ਸੋਚ ਤੇ ਨਵੇਂ ਵਿਚਾਰਾਂ ਦਾ ਮੁਲਾਂਕਣ ਕਰੇਗਾ ਤੇ ਇਨ੍ਹਾਂ ਪ੍ਰੀਤ ਕਹਾਣੀਆਂ ਦੇ ਪ੍ਰਤੀ ਨੌਜਵਾਨ ਪੀੜ੍ਹੀ ਦਾ ਨਜ਼ਰੀਆ ਵੀ ਬਦਲ ਰਿਹਾ ਹੈ। ਅੱਜ ਨਵੀਂ ਜੈਨਰੇਸ਼ਨ ਵਿਚ ਮਿਰਜ਼ਾ-ਸਾਹਿਬਾਂ ਵੱਸਦੇ ਹਨ। ਅੱਜ ਵੀ ਚਾਹਤ ਤੇ ਮੁਹੱਬਤ ਲਈ ਲੋਕ ਸੰਘਰਸ਼ ਕਰ ਰਹੇ ਨੇ। ਰੋਜ਼ ਅਣਖ ਲਈ ਕਤਲ ਹੋ ਰਹੇ ਹਨ। ਲਹੂ-ਲਹੂ ਨੂੰ ਗੱਲ ਲਾਉਣਾ ਚਾਹੁੰਦਾ ਹੈ। ਮਾਂ-ਪਿਉ ਇਸਦਾ ਵਿਰੋਧ ਕਰਦੇ ਨੇ। ਉਨ੍ਹਾਂ ਨੂੰ ਔਲਾਦ ਨਹੀਂ ਆਪਣੀਆਂ ਪਰੰਪਰਾਵਾਂ ਅਤੇ ਇਨ੍ਹਾਂ ਰਿਸ਼ਤਿਆਂ ਵਿਚ ਪਈਆਂ ਲਕੀਰਾਂ ਸਵੀਕਾਰ ਨੇ। ਉਹ ਇਨ੍ਹਾਂ ਪਰੰਪਰਾਵਾਂ ਤੋਂ ਬਗਾਵਤ ਨਹੀਂ ਕਰ ਸਕਦੇ।

ਇਹ ਸਭ ਪਿਤਾ-ਪੁਰਖਿਆਂ ਦੀ ਦੇਣ ਹੈ। ਬਜ਼ੁਰਗਾਂ ਦਾ ਲਹੂ ਖੋਲ ਉਠਦਾ ਹੈ। ਮੈਂ ਕਦੇ ਵੀ ਰਿਸ਼ਤਿਆਂ ਵਿਚ ਕੰਧ ਦੀ ਤਰ੍ਹਾਂ ਨਹੀਂ ਖਲੋਵਾਂਗਾ। ਹਾਣ ਨੂੰ ਹਾਣ ਮਿਲੇ, ਪਿਆਰ ਨੂੰ ਪਿਆਰ, ਬਣਕੇ ਜਿਊਣਾ ਚਾਹੁੰਦੀ ਹੈ। ਉਸਦੀ ਇਕ ਮੂਲ ਭਾਵਨਾ ਇਹ ਹੈ ਕਿ ਉਹ ਕੇਵਲ ਇਕ ਵਸਤੂ ਮਾਤਰ ਬਣ ਕੇ ਨਾ ਰਹਿ ਜਾਵੇ ਸਗੋਂ ਉਸਦੀ ਆਪਣੀ ਥਾਂ ਬਣਾਉਣਾ ਚਾਹੁੰਦੀ ਹੈ ਤਾਂ ਜੋ ਇਸ ਉਨੰਤ ਅਤੇ ਪ੍ਰਗਤੀਸ਼ੀਲ ਸਮਾਜ ਦਾ ਹਿੱਸਾ ਬਣ ਸਕੇ। ਉਸਦਾ ਆਤਮ ਵਿਸ਼ਵਾਸ ਵੀ ਵਧੇ ਤਾਂ ਜੋ ਉਹ ਵੀ ਉਸਾਰੂ ਕੰਮ ਕਰ ਸਕੇ। ਅੱਜ ਸਮਾਜ ਪਦਾਰਥਵਾਦੀ ਸਮੇਂ ਵਿਚ ਜੀਅ ਰਿਹਾ ਹੈ ਤੇ ਇਹ ਸੋਚ ਇਸਤਰੀ ਪੁਰਖ ਦੋਹਾਂ ਨੂੰ ਗ਼ੁਲਾਮ ਬਣਾ ਰਹੀ ਹੈ। ਅੱਜ ਇਸਤਰੀ ਆਪਣੇ ਅੰਦਰਲੀ ਇਸਤਰੀ ਦੀ ਖੋਜ ਕਰ ਚੁੱਕੀ ਹੈ ਉਸੇ ਨਜ਼ਰ ਨਾਲ ਜ਼ਿੰਦਗੀ ਨਾਲ ਸੰਵਾਦ ਰਚਾ ਰਹੀ ਹੈ। 'ਅੱਜ ਦੀ ਸਾਹਿਬਾਂ'(98)

1. ਵਰਿਆਮ ਮਸਤ, ਅੱਜ ਦੀ ਸਾਹਿਬਾਂ, ਸ਼ਿਲਾਲੇਖ ਪਬਲਿਸ਼ਰਜ਼, ਦਿੱਲੀ 2021

---

[i] https://www.researchgate.net/publication (348164185) Gender Inequality and Literature A Contemporary Issue [accessed May 18 2022]
[ii] ਡਾ. ਧਨਵੰਤ ਕੌਰ 'ਅਜੋਕਾ ਪੰਜਾਬੀ ਸਾਹਿਤ', ਸੰ: ਡਾ. ਰਵਿੰਦਰ ਸਿੰਘ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ

**ਐਸੋਸੀਏਟ ਪ੍ਰੋਫ਼ੈਸਰ,**

**ਮਾਤਾ ਸੁੰਦਰੀ ਕਾਲਜ, ਦਿੱਲੀ**

# ਔਰਤ ਤੇ ਮਨੋਸੰਤਾਪ : 'ਨਿਉਂ ਜੜ੍ਹ' ਦੇ ਸੰਦਰਭ ਵਿਚ

❑ ਨਵਰੂਪ ਕੌਰ

ਅਜਮੇਰ ਸਿੰਘ ਔਲਖ ਮਾਲਵੇ ਦੀ ਛੋਟੀ ਕਿਰਸਾਨੀ ਦੇ ਜੀਵਨ ਦੀਆਂ ਤ੍ਰਾਸਦਿਕ ਮਨੋ-ਗੁੰਝਲਾਂ ਨੂੰ ਚਿਤਰਨ ਵਾਲਾ ਪ੍ਰਮੁੱਖ ਨਾਟਕਕਾਰ ਹੈ। ਉਹ ਵਿਚਾਰਧਾਰਿਕ ਪੱਖੋਂ ਅਗਾਂਹਵਧੂ ਤੇ ਪਾਤਰ ਉਸਾਰੀ ਵਿਚ ਨਿਪੁੰਨ ਨਾਟਕਕਾਰ ਹੈ। ਉਸਨੇ ਸਮਾਜਕ ਮਨੋ-ਯਥਾਰਥ ਨੂੰ ਵਿਸ਼ੇਸ਼ ਤੌਰ ਤੇ ਆਪਣੀ ਨਾਟ ਰਚਨਾ ਦਾ ਆਧਾਰ ਬਣਾਇਆ ਹੈ। ਸਮਾਜਕ ਵਰਤਾਰਿਆਂ ਵਿਚ ਵਿਆਪਤ ਵਿਸੰਗਤੀਆਂ ਨੂੰ ਉਹ ਆਪਣੇ ਨਾਟਕਾਂ ਵਿਚ ਉਭਰਵੇਂ ਪਰ ਲੋਕ-ਸੁਰ ਦੇ ਸਮਰੂਪ ਰੱਖ ਕੇ ਪੇਸ਼ ਕਰਦਾ ਰਿਹਾ ਹੈ। ਪੰਜਾਬ ਦੀ ਨਿਮਨ ਕ੍ਰਿਸਾਨੀ, ਪੇਂਡੂ ਰਹਿਤਲ ਤੇ ਇਸ ਨਾਲ ਜੁੜੇ ਸਰੋਕਾਰ ਉਸ ਦੀਆਂ ਲਿਖਤਾਂ ਦਾ ਆਧਾਰ ਬਣਦੇ ਹਨ। ਔਲਖ ਦੇ ਬਹੁਤੇ ਨਾਟਕ ਜ਼ਮੀਨ ਅਤੇ ਪੈਦਾਵਾਰੀ ਸਾਧਨਾਂ ਦੀ ਥੁੜ੍ਹ ਕਾਰਨ ਅੰਧਕਾਰ ਦਾ ਜੀਵਨ ਜਿਉਂ ਰਹੀ ਨਿਮਨ ਕ੍ਰਿਸਾਣੀ ਦੀ ਮਾਨਸਿਕਤਾ ਨੂੰ ਪੇਸ਼ ਕਰਦੇ ਹਨ। ਉਸਦੇ ਨਾਟਕਾਂ ਵਿਚ ਸਮਾਜਕ ਤ੍ਰਾਸਦੀਆਂ ਰੂਪਮਾਨ ਹੁੰਦੀਆਂ ਹਨ।

ਅਜਮੇਰ ਔਲਖ ਦਾ ਨਾਟਕ 'ਨਿਉਂ ਜੜ੍ਹ' ਉਸਦੇ ਬਾਕੀ ਨਾਟਕਾਂ ਨਾਲੋਂ ਵੱਖਰਾ ਵਿਸ਼ਾ ਲੈ ਕੇ ਸਮਾਜ ਵਿਚ ਔਰਤ ਦੀ ਸਥਿਤੀ ਨੂੰ ਪੇਸ਼ ਕਰਦਾ ਹੈ। ਇਸ ਵਿਚ ਉਸਨੇ ਔਰਤ ਦੀ ਅੰਤਰੀਵ ਪੀੜਾ ਅਤੇ ਸਹਿਣਸ਼ੀਲਤਾ ਦੇ ਨਾਲ-ਨਾਲ ਉਸਦੀ ਸ਼ਕਤੀ ਨੂੰ ਸਹਿਜੇ ਹੀ ਉਸਾਰਿਆ ਹੈ। ਥੀਏਟਰ ਦੇ ਸਿਖਿਆਰਥੀਆਂ ਨਾਲ ਲਾਈ ਵਰਕਸ਼ਾਪ ਇਸਦੀ ਆਧਾਰ ਭੂਮੀ ਬਣੀ। 'ਨਿਉਂ ਜੜ੍ਹ' ਨਾਟਕ 94 ਵਾਰੀ ਮੰਚ 'ਤੇ ਪੇਸ਼ ਕੀਤਾ ਗਿਆ ਤੇ ਇਸਦੇ ਵਿਸ਼ੇ ਦਾ ਮਹੱਤਵ ਹੁਣ ਤੱਕ ਬਣਿਆ ਰਹਿਣਾ ਇਸਦੇ ਸਾਹਿਤਕ ਤਰਕ ਵਿਚਲੀ ਸ਼ਕਤੀ ਹੈ। 'ਨਿਉਂ ਜੜ੍ਹ' ਦੀ ਸਿਰਜਣਾ ਸਮੇਂ ਔਲਖ ਨੇ ਆਪ ਵੀ ਇਕ ਨਵਾਂ ਤਜਰਬਾ ਕੀਤਾ। ਕੰਨਿਆ ਭਰੂਣ ਹੱਤਿਆ ਇਕ ਮਾਨਸਿਕ ਵਿਕਾਰ ਹੈ। ਇਸਦਾ ਸਫ਼ਲ ਇਲਾਜ ਸਾਹਿਤ ਤੇ ਕਲਾ ਪਾਸ ਹੈ। ਇਸਨੂੰ ਨਿਉਂ ਜੜ੍ਹ ਨਾਟਕ ਸਿੱਧ ਕਰਦਾ ਹੈ।

"ਅਜਮੇਰ ਸਿੰਘ ਔਲਖ ਨੇ ਨਾਟਕ 'ਨਿਉਂ ਜੜ੍ਹ' ਰਾਹੀਂ ਔਰਤ ਦੇ ਗੌਰਵ ਨੂੰ ਉਜਾਗਰ ਕੀਤਾ ਹੈ। ਉਸਨੇ ਲਿੰਗ ਭੇਦੀ ਮਾਨਸਿਕਤਾ ਪ੍ਰਤੀ ਨਫ਼ਰਤ ਦੇ ਭਾਵ ਉਤਪੰਨ ਕਰਦਿਆਂ ਇਸਨੂੰ ਨਸ਼ਟ ਕਰਨ ਵਾਸਤੇ ਆਪਣੀ ਕਲਾਤਮਕਤਾ ਰਾਹੀਂ ਯੋਗਦਾਨ ਪਾਇਆ ਹੈ। ਇਸ ਨਾਟਕ ਦੇ ਮੰਚਨ ਨੇ ਪੰਜਾਬ ਅੰਦਰ ਕੰਨਿਆ ਭਰੂਣ ਹੱਤਿਆ ਦੇ ਖ਼ਿਲਾਫ਼ ਲੋਕ-ਜਾਗ੍ਰਿਤੀ ਲਹਿਰ ਪੈਦਾ ਕਰਨ ਵਿਚ ਭਰਪੂਰ ਭੂਮਿਕਾ ਨਿਭਾਈ ਹੈ।"[1]

ਮਨੁੱਖੀ ਮਨ ਦਾ ਵਿਸ਼ਲੇਸ਼ਣ ਕਰਨ ਤੋਂ ਪਹਿਲਾ ਮਨੋਵਿਸ਼ਲੇਸ਼ਣ ਬਾਰੇ ਜਾਨਣਾ ਲਾਜ਼ਮੀ ਹੈ। ਮਨੋਵਿਸ਼ਲੇਸ਼ਣ ਦੀ ਸਥਾਪਨਾ ਵਿਆਨਾ ਦੇ ਪ੍ਰਸਿੱਧ ਮਨੋਵਿਗਿਆਨੀ ਡਾ. ਸਿਗਮੰਡ ਫਰਾਇਡ ਨੇ ਕੀਤੀ! "ਫਰਾਇਡ ਨੇ ਆਪਣੀਆਂ ਸਮੁੱਚੀਆਂ ਵਿਧੀਆਂ ਨੂੰ ਇਕ ਸਿਸਟਮ ਵਿੱਚ ਬੰਨ੍ਹ ਕੇ 1876 ਵਿਚ ਮਨੋਵਿਸ਼ਲੇਸ਼ਣ ਦਾ ਨਾਮ ਦਿੱਤਾ।"[2]

ਇਸਨੂੰ ਚਿੰਤਕਾਂ ਨੇ ਇਸ ਤਰ੍ਹਾਂ ਪਰਿਭਾਸ਼ਤ ਕਰਦਿਆਂ ਲਿਖਿਆ ਹੈ ਕਿ "ਮਨੋਵਿਸ਼ਲੇਸ਼ਣ ਨੂੰ ਮਨੁੱਖੀ ਵਿਵਹਾਰ ਦੀ ਵਿਧੀ, 'ਮਨੋਵਿਕਾਰਾਂ ਦੇ ਇਲਾਜ ਦੀ ਵਿਧੀ ਜਾਂ ਮਨੋਵਿਸ਼ਲੇਸ਼ਣੀ ਵਿਧੀ ਰਾਹੀਂ ਮਨੁੱਖੀ ਵਿਹਾਰ ਦੀ ਖੋਜ ਕਿਹਾ ਜਾਂਦਾ ਹੈ।"[3]

"ਮਨੋਵਿਗਿਆਨ ਦੀ ਖੋਜ ਅਸਲ ਵਿਚ ਵਿਅਕਤਿਤਵ ਦੀ ਖੋਜ ਹੈ। ਮਨੋਵਿਗਿਆਨ ਦਾ ਵਿਸ਼ੇ ਖੇਤਰ ਜਿੱਥੇ ਸਾਧਾਰਨ ਵਿਅਕਤਿਤਵ ਦੀ ਖੋਜ ਹੈ ਉੱਥੇ ਮਨੋਵਿਸ਼ਲੇਸ਼ਣ ਦਾ ਅਧਿਐਨ-ਖੇਤਰ ਅਸਾਧਾਰਨ ਵਿਅਕਤਿਤਵ ਦੀ ਖੋਜ ਹੈ ਜਾਂ ਵਿਅਕਤਿਤਵ ਦੇ ਅਸਾਧਾਰਨ ਵਿਵਹਾਰ ਦੇ ਹਾਲਾਤ ਦਾ ਨਿਰੀਖਣ ਕਰਨਾ ਹੈ।"[4]

ਫਰਾਇਡ ਦਾ ਵਿਚਾਰ ਸੀ ਕਿ, "ਵਿਅਕਤਿਤਵ ਦਾ ਮਨੋਸੰਤਾਪੀ ਹੋਣਾ ਸਾਂਸਕ੍ਰਿਤਕ-ਦਮਨ ਨਾਲ ਜੁੜਿਆ ਹੋਇਆ ਹੈ। ਜਿੰਨਾ ਕਿਸੇ ਸਮਾਜ ਵਿਚ ਸਾਂਸਕ੍ਰਿਤਕ-ਦਮਨ ਘੱਟ ਹੋਵੇਗਾ, ਮਨੋਸੰਤਾਪੀ ਘੱਟ ਉਪਜਣਗੇ ਅਤੇ ਜਿੰਨਾ ਸਾਂਸਕ੍ਰਿਤਕ-ਦਮਨ ਵਧੇਰੇ ਹੋਵੇਗਾ ਉਨੇ ਹੀ ਵਧੇਰੇ ਮਨੋਤਾਪੀ ਪੈਦਾ ਹੋਣਗੇ। ਇਹ ਦਮਨ ਵਧਣ ਨਾਲ ਉਸ ਸਮਾਜ ਦੇ ਵਿਅਕਤੀ ਦੀ ਨਿਰਾਸ਼ਤਾ ਵਧੇਗੀ ਅਤੇ ਇਸ ਤੋਂ ਛੁਟਕਾਰਾ ਪਾਉਣ ਲਈ ਉਹ ਸਿਗਰਟ, ਸ਼ਰਾਬ ਅਤੇ ਡਰੱਗ ਲੈਣ ਅਤੇ ਧਰਮ ਅਤੇ ਪਿਆਰ ਦੇ ਉਦਾਰੀਕਰਨ ਵਰਗੇ ਬਦਲਵੇਂ ਖ਼ੁਸ਼ੀ ਦੇ ਸਾਧਨਾਂ ਦੀ ਤਲਾਸ਼ ਕਰਦਾ ਹੈ।"[5]

ਅਚੇਤਨ ਦੀ ਖੋਜ ਵਿਧੀ ਹੀ ਫਰਾਇਡ ਦੇ 'ਮਨੋਵਿਸ਼ਲੇਸ਼ਣ' ਦਾ ਮੂਲ ਆਧਾਰ ਹੈ। ਚੇਤਨ ਮਨ ਦਾ ਉਹ ਭਾਗ ਹੈ ਜੋ ਵਰਤਮਾਨ ਸਮੇਂ ਵਿਚ ਸਾਨੂੰ ਪਤਾ ਹੈ, ਪੂਰਵ ਚੇਤਨ ਮਨ ਦਾ ਉਹ ਭਾਗ ਹੈ ਜਿਸਨੂੰ ਸਾਡੀ ਸਿਮਰਤੀ ਵਿਚ ਆਪਣੀ ਯਾਦ ਸ਼ਕਤੀ ਨਾਲ ਜਲਦੀ ਵਰਤਮਾਨ ਕਾਰਜ ਦਾ ਭਾਗ ਬਣਾਇਆ ਜਾ ਸਕਦਾ ਹੈ। 'ਅਚੇਤਨ' ਉਹ ਹੈ ਜੋ ਸਾਨੂੰ ਸਿੱਧੇ ਤੌਰ 'ਤੇ ਯਾਦ ਨਹੀਂ ਹੁੰਦਾ।

ਮਨੁੱਖੀ ਮਨ ਦੀ ਸੰਰਚਨਾ ਬੜੀ ਹੀ ਅਜੀਬ ਅਤੇ ਗੁੰਝਲਦਾਰ ਹੈ। ਖ਼ਾਸ ਤੌਰ 'ਤੇ ਅਚੇਤਨ ਮਨੋ ਪ੍ਰਕਿਰਿਆਵਾਂ ਦੇ ਪ੍ਰਭਾਵ ਅਧੀਨ ਮਨੁੱਖ ਕਿਸ ਵੇਲੇ ਕੀ ਕਰਦਾ ਹੈ? ਆਉਣ ਜਾਂ ਵਾਪਰਨ ਵਾਲੇ ਪਲ ਦਾ ਉਸਨੂੰ ਖ਼ੁਦ ਵੀ ਇਲਮ ਨਹੀਂ ਹੁੰਦਾ। ਬਿਨਾਂ ਸ਼ੱਕ ਮਨੁੱਖ ਦਾ ਵਿਵਹਾਰ ਉਸਦੇ ਸਮਾਜਕ ਸਭਿਆਚਾਰ ਦੇ ਪ੍ਰਤੀਕਰਮ ਵਿਚੋਂ ਪੈਦਾ ਹੁੰਦਾ ਹੈ ਜਿੰਨੇ ਕਿਸੇ ਸਮਾਜ ਵਿਚ ਬੰਧਨ (taboo) ਵਧੇਰੇ ਸਖ਼ਤ ਹੋਣਗੇ, ਓਨੀਆਂ ਹੀ ਉਸ ਸਮਾਜ ਵਿਚ ਰਹਿਣ ਵਾਲਿਆਂ ਦੀਆਂ ਮਨੋ-ਗੁੰਝਲਾਂ ਵੀ ਵਧੇਰੇ ਪੀਡੀਆਂ ਹੋਣਗੀਆਂ, ਸਿੱਟੇ ਵਜੋਂ ਉਸ ਸਮਾਜ ਦੀ ਸਾਵੀ-ਪੱਧਰੀ ਸਥਿਤੀ ਵਿਚ ਪਰਾਹਨ (deviation) ਦੀਆਂ ਪ੍ਰਕਿਰਿਆਵਾਂ ਵਧੇਰੇ ਮਾਤਰਾ ਵਿਚ ਅਤੇ ਉਤੇਜਿਤ ਢੰਗ ਨਾਲ ਵਾਪਰਨਗੀਆਂ, ਵਿਅਕਤਿਤਵ ਦਾ ਬਿੰਬ ਵਧੇਰੇ ਅਸਾਧਾਰਨ ਹੋਵੇਗਾ। ਨਰਮ ਕਦਰਾਂ ਕੀਮਤਾ ਵਾਲੇ ਸਮਾਜ ਵਿਚ ਮਨੋ-ਗੁੰਝਲਾਂ ਤੁਲਨਾਤਮਕ ਘੱਟ ਹੋਣਗੀਆਂ, ਵਿਅਕਤਿਤਵ ਸਾਧਾਰਨ (normal) ਵਿਵਹਾਰ ਦੇ ਵਧੇਰੇ ਧਾਰਨੀ ਹੋਣਗੇ।

ਇਸਤਰੀ ਦੇ ਮਨ ਨੂੰ ਸਮਝਣਾ ਹੋਰ ਵੀ ਵਧੇਰੇ ਕਠਿਨ ਕਾਰਜ ਹੈ। ਇਸਤਰੀ ਦੀਆਂ ਮਨੋ-ਗੁੰਝਲਾਂ ਵਧੇਰੇ ਗੁੰਝਲਦਾਰ ਹੋਣ ਦਾ ਕਾਰਨ ਇਹ ਹੈ ਕਿ ਉਹ ਸਾਡੇ ਸਮਾਜ ਵਿਚ ਦੂਹਰਾ ਦਮਨ ਭੋਗਦੀ ਹੈ, ਦੂਸਰਾ ਉਸ ਦੀਆਂ ਪ੍ਰਾਕ੍ਰਿਤਕ ਕਾਮ-ਅਕਾਂਖਿਆਵਾਂ ਦੀ ਪੂਰਤੀ ਉੱਤੇ ਮਰਦ ਦੇ ਮੁਕਾਬਲੇ ਸਮਾਜਕ ਜਾਬਤਾ ਵਧੇਰੇ ਸਖ਼ਤੀ ਨਾਲ ਲਾਗੂ ਹੁੰਦਾ ਹੈ। ਉਸਦੀ ਇੱਜ਼ਤ ਸਮਾਜਿਕ ਕਾਰਜਾਂ ਵਿਚ ਵਧੇਰੇ ਖਲਲ ਪੈਦਾ ਕਰਦੀ ਹੈ ਕਿਉਂਕਿ ਸਾਡੇ ਸਮਾਜ ਵਿਚ ਉਹ ਨੱਕ ਨਮੂਜ ਦੀ ਰਖਵਾਲੀ ਅਤੇ ਪਰਿਵਾਰ ਦੀ ਇੱਜ਼ਤ ਦਾ ਧੁਰਾ ਬਣ ਕੇ ਵਿਚਰਦੀ ਹੈ। ਇਸ ਕਾਰਨ ਵਧੇਰੇ ਮਨੋਗੁੰਝਲਾਂ ਦੀ ਸ਼ਿਕਾਰ ਹੁੰਦੀ ਹੈ। ਇਸ ਨਾਟਕ ਵਿਚ ਨਵੂ ਦੀ ਮਾਂ ਸੁਖਵੰਤ ਤੇ

ਅਦਿਖ ਬਾਲੜੀ ਔਰਤ ਦੀਆਂ ਮਨੋਗੁੰਝਲਾਂ ਦਾ ਪ੍ਰਤੀਕਾਤਮਕ ਤੇ ਵਿਅੰਗਮਈ ਪ੍ਰਗਟਾਵਾ ਕਰਦੀਆਂ ਹਨ। ਅਦਿੱਖ ਬਾਲੜੀ ਦੇ ਨਿਮਨ ਲਿਖਤ ਬੋਲ ਉਸਦੀਆਂ ਮਨੋਸਥਿਤੀ ਨੂੰ ਹੀ ਨਹੀਂ ਬਲਕਿ ਪੂਰੀ ਔਰਤ ਜਾਤ ਦੀ ਤ੍ਰਾਸਦਿਕ ਸਥਿਤੀ ਨੂੰ ਪੇਸ਼ ਕਰਦੇ ਹਨ:

**ਅਦਿੱਖ ਬਾਲੜੀ**: ਚੰਗਾ ਦੱਸਦੀ ਐਂ! ਮੇਰੀ ਵੱਡੀ ਭੈਣ ਦਾ ਨਾਂ ਐਂ ਨਵਜੋਤ! ਮੇਰੀ ਦੂਜੀ ਭੈਣ ਦਾ ਨਾ ਐਂ ਕੁਲਜੋਤ! ਤੇ ਮੇਰਾ ਨਾ?... **ਮੇਰਾ ਨਾਂ–'ਮਰਜੋਤ'**[7]

ਸੁੱਖੀ: (ਗੁੱਸੇ ਵਿੱਚ) ਅਜੇ ਵਿਗਾੜੇਂਗੀ ਈ ਨੀ? ਤੂੰ ਖ਼ਾਨਦਾਨਾਂ ਦੇ ਵਾਰਿਸ ਆਉਣ ਦੇ ਰਾਹਾਂ ਦਾ ਰੋੜਾ ਬਣੇਗੀ! ਤੂੰ ਦਾਜ ਦੀ ਸਮੱਸਿਆ ਬਣ ਕੇ ਮਾਪਿਆਂ ਦੇ ਸਿਰਾਂ ਦਾ ਬੋਝ ਬਣੇਂਗੀ!! ਵਿਆਹੇ ਜਾਣ ਦੀਆਂ ਸਿਰਦਰਦੀਆਂ ਪੈਦਾ ਕਰੇਂਗੀ ਤੂੰ!!! ਇੱਜ਼ਤਾਂ ਨਾ ਇੱਜ਼ਤਾਂ ਦੇ ਮਸਲੇ ਖੜ੍ਹੇ ਕਰਕੇ ਉਨ੍ਹਾਂ ਦੀਆਂ ਨੀਂਦਾਂ ਵਿਚ ਖਲਬਲੀਆਂ ਮਚਾਏਂਗੀ ਤੂੰ!!!... ਕੀ ਨੀ ਵਿਗਾੜੇਂਗੀ ਤੂੰ ਉਨ੍ਹਾਂ ਦਾ ?!... ਪੱਥਰ ਐਂ ਤੂੰ, ਪੱਥਰ? ਪਹਾੜ ਜਿੱਡਾ ਬੋਝ ਉਨ੍ਹਾਂ ਦੇ ਸਿਰ 'ਤੇ!!!... ਮਰਜਾ ਤੂੰ ਮੇਰੇ ਢਿੱਡ ਵਿਚ ਹੀ!! ਨਹੀਂ ਤਾਂ ਡਾਕਟਰ ਤੋਂ ਕਤਲ ਕਰਵਾ ਦਿਆਂਗੀ ਤੈਨੂੰ!!! (ਅਵਦੇ ਜਣੇ ਉਸਨੂੰ ਮਾਰਦੀ ) ਕਤਲ ਕਰਵਾ ਦਿਆਂਗੀ!!! ਕਤਲ ਕਰਵਾ ਦਿਆਂਗੀ!!!"[8]

ਉਪਰੋਕਤ ਵਾਰਤਾਲਾਪ ਵਿਅੰਗਮਈ ਲਹਿਜੇ ਵਿਚ ਔਰਤ ਅੰਦਰ ਛੁਪੀ ਵੇਦਨਾ ਨੂੰ ਜਾਹਰ ਕਰਦੇ ਹਨ। ਔਲਖ ਨੂੰ ਇਨ੍ਹਾਂ, ਮਾਨਸਿਕ ਪ੍ਰਤੀਕਿਰਿਆਵਾਂ ਦਾ ਸਮਾਜ ਦੇ ਸਨਮੁੱਖ ਮਹੱਤਵ ਦਾ ਗੂੜ੍ਹਾ ਅਨੁਭਵ ਹੈ। ਇਸ ਗੱਲ ਦੀ ਪੁਸ਼ਟੀ ਉਸਦੇ ਨਾਟਕ ਦੇ ਵਿਸ਼ਿਆਂ ਅਤੇ ਸੰਰਚਨਾ ਤੋਂ ਹੋ ਜਾਂਦੀ ਹੈ। ਉਹ ਇਹ ਵੀ ਅਨੁਭਵ ਰੱਖਦਾ ਹੈ ਕਿ ਵਿਅਕਤਿਤਵ ਦੇ ਨਿਰਧਾਰਣ ਵਿਚ ਭਾਵੇ ਸਮਾਜਿਕ ਆਰਥਿਕ ਪ੍ਰਸਥਿਤੀਆਂ ਕਾਰਜ਼ਸ਼ੀਲ ਹੁੰਦੀਆਂ ਹਨ ਪਰ ਵਿਅਕਤਿਤਵ ਸੰਰਚਨਾ ਵਿਚ ਮੁੱਖ ਰੋਲ ਮਨੁੱਖ ਦੀਆਂ ਪ੍ਰਕਿਰਤਕ ਅਕਾਂਖਿਆਵਾਂ (Id Desires) ਦਾ ਸਮਾਜਿਕ ਮੁੱਲਾਂ ਨਾਲ ਟਕਰਾਉਣ ਵਿਚੋਂ ਪੈਦਾ ਹੁੰਦੇ ਕਾਰਜ ਕਾਰਨ ਹੁੰਦਾ ਹੈ।

ਫਰਾਇਡ ਦਾ ਕਹਿਣਾ ਹੈ ਕਿ ਦਮਿਤ ਭਾਵ ਬਾਹਰ ਨਿਕਲਣ ਲਈ ਰਸਤਾ ਲੱਭਦੇ ਹਨ ਤੇ ਫਰਾਇਡ ਦੇ ਨਾਲ ਹੀ ਦੂਜੇ ਮਨੋਵਿਗਿਆਨੀਆਂ ਐਡਲਰ ਨੇ ਵੀ ਇਸ ਗੱਲ ਦੀ ਹਾਮੀ ਭਰੀ ਹੈ। ਜਦੋਂ ਐਡਲਰ ਦਮਿਤ ਭਾਵਨਾਵਾਂ ਦੀ ਗੱਲ ਕਰਦਾ ਹੈ ਤਾਂ ਦੱਸਦਾ ਹੈ ਕਿ ਜੇ ਦਮਿਤ ਭਾਵ ਬਾਹਰ ਨਾ ਨਿਕਲ ਸਕਣ ਤਾਂ ਮਨੋਸੰਤਾਪ ਪੈਦਾ ਹੁੰਦਾ ਹੈ। ਸਭ ਤੋਂ ਪਹਿਲਾਂ ਤਾਂ ਇਸ ਨਾਟਕ ਵਿਚ ਲੇਖਕ ਹੀ ਆਪਣੇ ਮਨ ਦੇ ਭਾਵਾਂ ਨੂੰ ਬਾਹਰ ਕੱਢਣ ਲਈ ਯਤਨਸ਼ੀਲ ਹੈ, ਇਸੇ ਲਈ ਜਦੋਂ ਉਸਨੇ ਆਪ ਹੀ ਆਪਣਾ ਇਹ ਨਾਟਕ ਵੇਖਿਆ ਤਾਂ ਉਸਦੀਆਂ ਅੱਖਾਂ ਵਿਚ ਹੰਝੂ ਸਨ।

'ਨਿਉਂ ਜੜ੍ਹ' ਦੇ ਆਰੰਭ ਵਿਚ ਡਾ. ਗੁਰਚਰਨ ਸਿੰਘ ਲਿਖਦੇ ਹਨ:-

"ਦਰਸ਼ਕਾਂ ਵਿਚ ਬੈਠ ਕੇ ਨਿਉਂ ਜੜ੍ਹ ਦੀ ਪਹਿਲੀ ਪੇਸ਼ਕਾਰੀ ਨੂੰ ਵੇਖ ਕੇ ਸ਼੍ਰੀਮਤੀ ਔਲਖ ਤੇ ਖ਼ੁਦ ਔਲਖ ਸਾਹਿਬ ਰੋ ਰਹੇ ਸਨ।"[9]

ਪੰਜਾਬੀ ਸਮਾਜ ਮਰਦ ਪ੍ਰਧਾਨ ਸਮਾਜ ਹੈ ਜਿਸ ਵਿਚ ਔਰਤ ਦੀ ਸਥਿਤੀ ਤਰਸਯੋਗ ਤੇ ਹੀਣੀ ਹੈ। ਔਲਖ ਕਿਉਂਕਿ ਮਾਲਵੇ ਦਾ ਜੰਮਪਲ ਸੀ ਇਸ ਲਈ ਉੱਥੋਂ ਦੇ ਇਲਾਕੇ ਵਿਚ ਖ਼ਾਸ ਤੌਰ 'ਤੇ ਇਸ ਸਮੱਸਿਆ ਨੂੰ ਉਸਨੇ ਆਪ ਮਹਿਸੂਸ ਕੀਤਾ ਹੈ ਤਾਂ ਹੀ ਸ਼ਾਇਦ ਉਸਦੇ ਅਚੇਤਨ ਚ ਇਸ ਨਾਟਕ ਦਾ ਵਿਸ਼ਾ '**ਨਿਉਂ ਜੜ੍ਹ**' ਚਿਰ ਤੋਂ ਉਸਦੀ ਦਮਿਤ ਭਾਵਨਾ ਦੇ ਪ੍ਰਗਟਾਵੇ ਲਈ ਕੋਈ ਰਾਹ ਲੱਭਦਾ ਸੀ। ਇਸ ਦਮਿਤ ਭਾਵਨਾ ਨੂੰ ਉਦੋਂ ਰਾਹ ਮਿਲ ਗਿਆ

ਜਦੋਂ ਉਸਨੂੰ ਰੈਸਪੀਰੇਟਰੀ ਵਰਕਸ਼ਾਪ ਲਾਉਣ ਵੇਲੇ ਭਰੂਣ ਹੱਤਿਆ ਉੱਪਰ ਲਿਖਣ ਲਈ ਮੌਕਾ ਮਿਲਿਆ।

ਸਮਾਜਿਕ ਮੁੱਲਾਂ ਦੇ ਅਨੁਕੂਲ ਸਮਾਯੋਜਿਤ ਵਿਅਕਤਿਤਵ ਨੂੰ ਅਸੀਂ ਸਾਧਾਰਨ ਨਿਰਧਾਰਤ ਕਰਦੇ ਹਾਂ ਪਰ ਜਦੋਂ ਕੋਈ ਵਿਅਕਤੀ ਇਨ੍ਹਾਂ ਦੀ ਉਲੰਘਣਾ ਕਰਦਾ ਹੈ ਤਾਂ ਸਮਾਜ ਵਿਚ ਪ੍ਰਤਿਰੋਧ ਦੀ ਭਾਵਨਾ ਪੈਦਾ ਹੁੰਦੀ ਹੈ। ਭਾਵੇਂ ਅਜਿਹੇ ਵਿਅਕਤੀ ਕਿਸੇ ਸਮਾਜ ਵਿਚ ਵਿਰਲੇ ਹੁੰਦੇ ਹਨ ਪਰ ਹੁੰਦੇ ਜ਼ਰੂਰ ਹਨ, ਇਨ੍ਹਾਂ ਦੀ ਅਣਹੋਂਦ ਨਹੀਂ ਹੁੰਦੀ। ਜੇਕਰ ਅਸੀਂ ਗਹੁ ਨਾਲ ਦੇਖੀਏ ਤਾਂ ਇਹੋ ਪ੍ਰਤੀਕਰਮ ਕਈ ਵਾਰੀ ਸਮਾਜਿਕ ਵਿਕਾਸ ਦਾ ਆਧਾਰ ਵੀ ਬਣਦੇ ਪ੍ਰਤੀਤ ਹੁੰਦੇ ਹਨ ਜਾਂ ਫਿਰ ਸਾਨੂੰ ਆਪਣੇ ਮੁੱਲਾਂ ਦੀ ਰਾਖੀ ਕਰਨ ਲਈ ਸੁਚੇਤ ਕਰਦੇ ਹਨ। ਇਸ ਤਰ੍ਹਾਂ ਕਾਰਜ ਕ੍ਰਮ-ਪ੍ਰਤੀਕਰਮ ਦੀ ਲੜੀ ਵਿਚ ਚਲਦਿਆਂ ਵਾਦ-ਵਿਵਾਦ-ਸੰਵਾਦ ਦੀ ਸਿਰਜਣਾ ਕਰਦਾ ਰਹਿੰਦਾ ਹੈ। ਇਸ ਲਈ ਜਦੋਂ ਕੋਈ ਰਚਨਾਕਾਰ ਆਪਣੀ ਰਚਨਾ ਵਿਚ ਪਾਤਰਾਂ ਦੇ ਬਾਹਰੀ ਪੱਖ ਨਾਲੋਂ ਅੰਦਰੂਨੀ ਵਿਅਕਤਿਤਵ ਨੂੰ ਚਿਤਰਨ ਲੱਗਦਾ ਹੈ ਤਾਂ ਉਹ ਸਾਧਾਰਨ ਪਾਤਰਾਂ ਨੂੰ ਆਪਣੀ ਰਚਨਾ ਦਾ ਵਿਸ਼ਾ ਨਹੀਂ ਬਣਾਉਦਾ ਸਗੋਂ ਅਸਾਧਾਰਨ ਪਾਤਰਾਂ ਨੂੰ ਚੁਣਦਾ ਹੈ। ਇਹ ਪਾਤਰ ਸਥਾਪਤ ਲੀਹਾਂ ਨੂੰ ਉਲੰਘ ਕੇ ਨਵੇਂ ਰਸਤੇ ਤਲਾਸ਼ਦੇ ਦਿਖਾਈ ਦਿੰਦੇ ਹਨ ਜਿਸ ਨਾਲ ਉਨ੍ਹਾਂ ਦੀਆਂ ਪ੍ਰਕ੍ਰਿਤਕ ਅਕਾਂਖਿਆਵਾਂ (Id desires) ਦੀ ਹਾਣ-ਪੂਰਤੀ ਹੋ ਸਕੇ। ਇਹੋ ਹੀ ਰਚਨਾਕਾਰ ਦਾ ਪ੍ਰਯੋਜਨ ਹੁੰਦਾ ਹੈ ਕਿ ਉਹ ਕਿਸ ਤਰ੍ਹਾਂ ਵਿਅਕਤਿਤਵ ਵਿਵਹਾਰ ਨੂੰ ਸਮਾਜਿਕ-ਵਿਵਹਾਰ ਦੇ ਸਨਮੁੱਖ ਅਭਿਵਿਅਕਤ ਕਰਦਾ ਹੈ। ਇਸ ਪ੍ਰਤੀਕਰਮ ਵਿਚ ਪਾਤਰਾਂ ਦੀਆਂ ਪੈਦਾ ਹੁੰਦੀਆਂ ਮਨੋ-ਗੁੰਝਲਾਂ ਲਈ ਕਈ ਵਾਰ ਪ੍ਰਗਟ ਰੂਪ ਵਿਚ ਅਤੇ ਕਈ ਵਾਰ ਪ੍ਰਤੀਕਾਤਮਕ (ਲੁਪਤ) ਰੂਪ ਵਿਚ ਸਾਡੇ ਦ੍ਰਿਸ਼ਟੀਪਾਤ ਹੁੰਦੀਆਂ ਹਨ। ਫ਼ਰਾਇਡ ਅਨੁਸਾਰ:-

"ਕਾਮ ਸ਼ਕਤੀ ਜ਼ਿੰਦਗੀ ਦੀ ਅਜਿਹੀ ਮਹੱਤਵਪੂਰਨ ਸ਼ਕਤੀ ਹੈ ਜੋ ਵਿਅਕਤਿਤਵ ਸੰਰਚਨਾ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਔਰਤਾਂ ਦੇ ਜੀਵਨ ਵਿਚ ਕਾਮ ਸ਼ਕਤੀ ਦੇ ਮਹੱਤਵ ਦੀਆਂ ਤਿੰਨ ਅਵਸਥਾਵਾਂ ਮੰਨੀਆਂ ਹਨ। ਪਹਿਲੀ ਅਨੁਸਾਰ ਹੀਣ ਭਾਵਨਾ ਦੀ ਸ਼ਿਕਾਰ ਹੋ ਕੇ ਔਰਤ ਮਨੋਤਾਪੀ ਹੋ ਸਕਦੀ ਹੈ, ਦੂਜੀ ਅਨੁਸਾਰ ਉਸ ਵਿਚ ਪੁਰਸ਼ਤਵ ਗ੍ਰੰਥੀ ਪੈਦਾ ਹੋ ਸਕਦੀ ਹੈ, ਤੇ ਤੀਜੀ ਅਨੁਸਾਰ ਉਹ ਹੀਣ ਗ੍ਰੰਥੀ ਉੱਤੇ ਕਾਬੂ ਪਾ ਕੇ ਨਾਰੀਤਵ ਦੇ ਪੂਰਣ ਗੁਣ, ਗ੍ਰਹਿਣ ਕਰ ਸਕਦੀ ਹੈ। ਇਸ ਤਰ੍ਹਾਂ ਔਰਤ ਦੇ ਸੁਭਾਅ ਦੀਆਂ ਨਿਰਧਾਰਕ ਉਸ ਦੀਆਂ ਕਾਮ ਪ੍ਰਵਿਰਤੀਆਂ ਹੁੰਦੀਆਂ ਹਨ।"[10]

ਇਹ ਤਿੰਨੇ ਹੀ ਪ੍ਰਸਥਿਤੀਆਂ ਔਲਖ ਦੇ ਨਾਟਕ ਦੇ ਇਸਤਰੀ ਪਾਤਰਾਂ ਦੀਆਂ ਬਣਦੀਆਂ ਵੇਖੀਆਂ ਜਾ ਸਕਦੀਆਂ ਹਨ। ਇਸ ਨਾਟਕ ਦਾ ਵਿਸ਼ਾ ਪੰਜਾਬੀ ਸਭਿਆਚਾਰ ਦੇ ਮਨੋਵਿਗਿਆਨ ਨਾਲ ਮੇਲ ਕੇ ਉਸਾਰਿਆ ਗਿਆ ਹੈ। ਪੰਜਾਬੀ ਸਮਾਜ ਔਰਤ ਨੂੰ ਹਮੇਸ਼ਾ ਹੀ ਨੀਵਾਂ ਦਰਜਾ ਤੇ ਮਰਦ ਨੂੰ ਉੱਚਾ ਦਰਜ਼ ਦਿੰਦਾਂ ਰਿਹਾ ਹੈ। ਪੁੱਤਾਂ ਦਾ ਮਹੱਤਵ, 'ਪੁੱਤੀਂ ਗੰਢ ਪਵੇ ਸੰਸਾਰ' ਰਾਹੀਂ ਕੁਲ ਦਾ ਵਧਣਾ ਪੰਜਾਬੀ ਸਮਾਜ ਦੀ ਮਾਨਸਿਕਤਾ 'ਚ ਡੂੰਘਾ ਵਸਿਆ ਹੋਇਆ ਹੈ। ਇਸੇ ਮਾਨਸਿਕ ਹੀਣਤਾ ਦੇ ਚਲਦਿਆਂ ਕੁਲਬੀਰ ਦੀ ਮਾਂ ਤੇ ਸੁਖਵੰਤ ਦੀ ਸੱਸ ਉਸ ਤੋਂ ਇਕ ਪੋਤਾ ਚਾਹੁੰਦੀ ਸੀ। ਸਿਰਫ਼ ਉਹੀ ਨਹੀਂ ਸੁਖਵੰਤ ਦੀ ਮਾਂ ਵੀ ਉਸਨੂੰ ਇਹੀ ਸਮਝਾਉਦੀ ਹੈ ਕਿ ਉਹ ਆਪਣੀ ਸੱਸ ਦੇ ਕਹੇ 'ਤੇ ਚਲੇ। ਮਾਨਸਿਕ ਬਗਾਵਤ ਦੀ ਚਿਣਗ ਤਾਂ ਸੁਖਵੰਤ ਦੇ ਅੰਦਰ ਵੀ ਹੈ ਪਰ ਉਸਦੀ ਇਹ ਬਗਾਵਤ ਦੱਬੀ ਜਾਂਦੀ ਹੈ ਤੇ ਸਮਾਜ ਭਾਰੂ ਹੋ ਜਾਂਦਾ ਹੈ ਅਤੇ ਉਹ ਮਨੋਤਾਪੀ ਬਣ ਜਾਂਦੀ ਹੈ। ਇਥੇ ਨਾਟਕਕਾਰ ਨੇ ਇਸ ਨਾਟਕ ਵਿਚ ਤਿੰਨ ਪੀੜ੍ਹੀਆਂ ਦੀਆਂ ਔਰਤਾਂ ਦੀਆਂ ਮਾਨਸਿਕ ਪ੍ਰਸਥਿਤੀਆਂ ਦੇ ਫ਼ਲਸਰੂਪ ਪੈਦਾ ਹੁੰਦੀਆਂ

ਮਨੋਗੁੰਝਲਾਂ ਨੂੰ ਬਾਖ਼ੂਬੀ ਚਿਤਰਿਆ ਗਿਆ ਹੈ। ਪਹਿਲੀ ਪੀੜ੍ਹੀ ਜਿਸਦੀ ਗੱਲ ਦਾਦੀ ਰਾਹੀਂ ਤੇ ਨਾਨੀ ਰਾਹੀਂ ਕੀਤੀ ਗਈ ਹੈ, ਦੂਜੀ ਪੀੜ੍ਹੀ ਵਿਚ ਸੁਖਵੰਤ, ਭਾਗਭਰੀ ਰਾਹੀਂ ਔਰਤਾਂ ਦੀਆਂ ਮਨੋਤਾਪੀ ਸਥਿਤੀਆਂ ਦੇ ਕਾਰਨ ਫੜਨ ਦੀ ਕੋਸ਼ਿਸ਼ ਕੀਤੀ ਗਈ ਹੈ। ਤੀਜੀ ਪੀੜ੍ਹੀ ਨਵੂ ਤੇ ਅਦਿੱਖ ਬਾਲੜੀ ਦੀ ਹੈ ਜਿਸ ਵਿਚ ਸੁਖਾਂਤਕ ਤੇ ਦੁਖਾਂਤਕ ਮਨੋਭਾਵਾਂ ਦੀ ਸਥਿਤੀ ਬਣਦੀ ਨਜ਼ਰ ਆਉਂਦੀ ਹੈ। ਇਨ੍ਹਾਂ ਤਿੰਨਾਂ ਪੀੜ੍ਹੀਆਂ ਦੀਆਂ ਔਰਤਾਂ ਦਾ ਮਨੋਵਿਸ਼ਸ਼ਲੇਸ਼ਣ ਉਨ੍ਹਾਂ ਦੇ ਅਚੇਤ ਮਨ ਦੀਆ ਗੁੰਝਲਾਂ ਸਾਡੇ ਸਨਮੁੱਖ  ਕਰਦਾ ਹੈ ।

ਵਿਅਕਤੀ ਦੇ ਜੀਵਨ ਵਿਚ ਹੀਣਤਾ-ਗ੍ਰੰਥੀ ਦਾ ਬਹੁਤ ਮਹੱਤਵਪੂਰਨ ਰੋਲ ਹੈ। ਔਰਤਾਂ ਦੀ ਮਾਨਸਿਕਤਾ ਮਰਦ ਪ੍ਰਧਾਨ ਸਮਾਜ ਵਿਚ ਇਸ ਕਦਰ ਹੀਣਤਾ ਦੀ ਸ਼ਿਕਾਰ ਹੈ ਕਿ ਉਨ੍ਹਾਂ ਨੂੰ ਇਹ ਲੱਗਦਾ ਹੈ ਕਿ ਘਰ ਵਿਚ ਮੁੰਡਾ ਜਾਂ ਪੁੱਤ ਜ਼ਰੂਰ ਹੋਣਾ ਚਾਹੀਦਾ ਹੈ। ਨਵੂ ਦੀ ਦਾਦੀ ਪੁਰਾਣੇ ਖਿਆਲਾਂ, ਵਿਸ਼ਵਾਸ਼ਾਂ ਦੀਆਂ ਮਾਨਸਿਕ ਬੰਦਿਸ਼ਾ ’ਚੋਂ ਆਪਣੇ ਆਪ ਨੂੰ ਬਾਹਰ ਨਹੀਂ ਕੱਢ ਸਕਦੀ। ਇਹ ਉਸਦੇ ਵਿਅਕਤਿਤਵ ਵਿਚ ਅਜਿਹੇ ਧੱਸ ਚੁੱਕੇ ਹਨ ਕਿ ਉਸਨੂੰ ਇਨ੍ਹਾਂ ਦੀ ਪੈਰਵੀ ਕਰਨੀ  ਲਾਜ਼ਮੀ ਲੱਗਦਾ ਹੈ।

ਸੱਸ..... ਪੁੱਤਾਂ ਬਿਨਾਂ ਖ਼ਾਨਦਾਨ ਨੀ ਅਗਾਂਹ ਤੁਰਦੇ ਹੁੰਦੇ।

ਨਿਉਂ ਜੜ੍ਹ ਟਿਕਦੀ ਐ ਇਨ੍ਹਾਂ ਨਾਲ ਪਰਿਵਾਰਾਂ ਦੀ![11]

ਜੇ ਘਰ ਵਿਚ ਪੁੱਤ ਨਹੀਂ ਤਾਂ ਔਰਤ ਦੀ ਕੋਈ ਜੂਨ ਨਹੀਂ, ਇਸੇ ਹੀਣ-ਭਾਵਨਾ ਵੱਸ ਸੁੱਖੀ ਦੀ ਮਾਂ ਤੇ ਸੁੱਖੀ ਦੀ ਸੱਸ ਮਰਦ ਜਾਤ ਨੂੰ ਔਰਤ ਜਾਤ ਤੋਂ ਉੱਪਰ ਸਮਝਦੀਆਂ ਹਨ ਤੇ ਉਨ੍ਹਾਂ ਵੱਲੋਂ ਰੱਬ ਕੋਲੋਂ ਪੁੱਤ ਮੰਗਿਆ ਜਾਂਦਾ ਹੈ ਜਦੋਂ ਇਹ ਆਖਿਆ ਜਾਂਦਾ ਹੈ ਕਿ ...

ਸੁੱਖੀ ਦੀ ਮਾਂ --ਸੱਚੇ ਪਾਤਸ਼ਾਂ! ਐਤਕੀ ਜ਼ਰੂਰ ਮਿਹਰ ਕਰੀਂ! ਪੁੱਤ ਦੀ ਦਾਤ ਬਖ਼ਸੀ ਮੇਰੀ ਧੀ ਨੂੰ।[12]

ਸੁੱਖੀ ਦੀ ਮਾਂ: ......... ਇਹ ਮਰਦ ਜਾਤ ਐ ਧੀਏ![13]

ਸੱਸ: ......... ਧੀਆਂ ਧਿਆਣੀਆਂ ਐਇੰ ਚਵੜ ਚਵੜ ਕਰਦੀਆਂ ਚੰਗੀਆਂ ਨੀ ਲਗਦੀਆਂ![14]

ਇਸ ਪ੍ਰਕਾਰ ਦੂਜੀ ਪੀੜ੍ਹੀ (ਸੁਖਵੰਤ ਤੇ ਭਾਗਭਰੀ) ਰਾਹੀਂ ਮਨੁੱਖੀ ਸ਼ਖ਼ਸੀਅਤ ਦੀਆਂ ਦੋ ਪਰਤਾਂ ਸਾਹਮਣੇ ਆਉਂਦੀਆਂ ਹਨ  ਜਿੱਥੇ ਸੁਖਵੰਤ ਪੁੱਤ ਨਾ ਹੋਣ ਕਰਕੇ ਹੀਣ-ਗ੍ਰੰਥੀ ਦਾ ਸ਼ਿਕਾਰ ਹੈ ਉਥੇ ਭਾਗਭਰੀ ਇਸਦੇ ਵਿਪਰੀਤ ਪੁੱਤ ਹੋਣ ਕਰਕੇ ਸ਼੍ਰੇਸ਼ਟਤਾ-ਗ੍ਰੰਥੀ (Superiority Complex) ਦੀ ਸ਼ਿਕਾਰ ਹੈ। ਇਹ ਸ਼੍ਰੇਸ਼ਟਤਾ-ਗ੍ਰੰਥੀ ਉਸਦੇ ਪਤੀ ਤੇ ਪੁੱਤ ਵਿਚ ਵੀ ਵੇਖਣ ਨੂੰ ਮਿਲਦੀ ਹੈ। ਸੁਖਵੰਤ ਆਪ ਭਾਵੇਂ ਪਹਿਲੀ ਪੀੜ੍ਹੀ ਨਾਲੋਂ ਕੁਝ ਕਦਮ ਅੱਗੇ ਹੈ ਪਰ ਉਸਦੇ ਅਚੇਤਨ ਵਿਚ ਪਈ ਇਹ ਭਾਵਨਾ ਕਿ ਪੁੱਤਾਂ ਜਿੰਨਾ ਹੀ ਧੀਆਂ ਦਾ ਸਥਾਨ ਹੋਣਾ ਚਾਹੀਦਾ ਹੈ ਉਸ ਲਈ ਮਨੋਗੰਢ ਬਣ ਜਾਂਦੀ ਹੈ। ਇਸੇ ਲਈ ਜਦੋਂ ਉਸਨੂੰ ਆਪਣੀ ਕੁੱਖ ਵਿਚਲੀ ਧੀ ਦਾ ਕਤਲ ਕਰਨ ਲਈ ਕਿਹਾ ਜਾਂਦਾ ਹੈ ਤਾਂ ਉਸਦੀ ਜ਼ਮੀਰ ਉਸਨੂੰ ਇਹ ਸਭ ਕਰਨ ’ਤੇ ਫਿਟਕਾਰਦੀ ਹੈ ਪਰ ਸਮਾਜ ਪ੍ਰਥਾ ਉਸਨੂੰ ਇਹ ਸਭ ਕਰਨ ’ਤੇ ਮਜ਼ਬੂਰ ਕਰ ਦਿੰਦੀ ਹੈ। ਮਰਦ ਪ੍ਰਧਾਨ ਸਮਾਜ ਹੋਣ ਕਰਕੇ ਉਹ ਆਪਣੇ ਆਪ ਨੂੰ ਕਮਜ਼ੋਰ ਮਹਿਸੂਸ ਕਰਦੀ ਹੈ। ਮੁੰਡਾ ਨਾ ਹੋਣਾ ਉਸਦੇ ਅੰਦਰਲੇ ਮਨੋਤਾਪ ਦਾ ਕਾਰਨ ਹੈ ਤੇ ਆਖ਼ਿਰ ਉਸਨੂੰ ਆਪਣੀਆਂ ਭਾਵਨਾਵਾਂ ਦਾ ਦਮਨ ਕਰਨਾ ਪੈਂਦਾ ਹੈ ਇਸੇ ਕਮਜ਼ੋਰ ਮਨੋਬਲ ਕਰਕੇ ਉਹ ਡਾਕਟਰ ਦੇ ਟੇਬਲ

'ਤੇ ਦਮ ਤੋੜ ਜਾਂਦੀ ਹੈ। ਨਾਟਕਕਾਰ ਇਸ ਮਾਨਸਿਕ ਦਵੰਦ ਨੂੰ ਉਸਦੇ ਤੇ ਉਸਦੀ ਮਾਂ ਦੇ ਇਨ੍ਹਾਂ ਬੋਲਾਂ ਰਾਹੀਂ ਪੇਸ਼ ਕਰਦਾ ਹੈ:

**ਸੁਖਵੰਤ**:- .........'ਧੀਆਂ ਦਾ ਕਤਲ ਨਿੱਕੀ ਜੀ ਗੱਲ ਲੱਗਦੀ ਐ ਤੈਨੂੰ'?[15]

**ਮਾਂ**:- ............ ਤੂੰ ਉਨ੍ਹਾਂ 'ਨਾਰੀ ਚੇਤਨਾ' ਵਾਲੀਆਂ ਦੀਆਂ ਗੱਲਾਂ 'ਚ ਆ ਕੇ ਕਰਦੀ ਐਂ ਐਸੀਆਂ ਬੇਸਮਝ ਗੱਲਾਂ! ਦੁਨੀਆਂਦਾਰੀ ਹੋਰ ਚੀਜ਼ ਐ! ਜੇ ਉਹ ਤੇਰੀ ਸੌਂਕਣ ਲੈ ਅਇਆ, ਨਰਕਾਂ ਦਾ ਜਿਉਣਾ ਹੋ-ਜੂ ਤੇਰਾ![16]

ਉਪਰੋਕਤ ਸੰਵਾਦ ਤੋਂ ਇਹ ਵੀ ਪਤਾ ਲਗਦਾ ਹੈ ਕਿ ਦੋ ਪੀੜ੍ਹੀਆਂ ਦੀ ਮਾਨਸਿਕਤਾ ਵਿਚਲਾ ਟਕਰਾ ਵੀ ਨਵੀਆਂ ਮਾਨਸਿਕ ਗੁੰਝਲਾਂ ਪੈਦਾ ਕਰ ਰਿਹਾ ਹੈ।

ਤੀਜੀ ਧਿਰ ਨਵੂ ਤੇ ਅਦਿਖ ਬਾਲੜੀ ਦੀ ਹੈ। ਇਹ ਦੋਵੇਂ ਪਾਤਰ ਔਰਤ ਦੀ ਮਾਨਸਿਕਤਾ ਦੀਆਂ ਦੋ ਵਿਰੋਧਆਤਮਕ ਪਰਸਥਿਤੀਆਂ ਦੀ ਪੇਸ਼ਕਾਰੀ ਕਰਦੀਆਂ ਹਨ। ਔਰਤ ਅੰਦਰ ਪੁਰਸ਼-ਵਿਰੋਧੀ ਪ੍ਰਵਿਰਤੀਆਂ ਮੁੱਢ ਤੋਂ ਹੀ ਮੌਜ਼ੂਦ ਹਨ। ਐਡਲਰ ਇਸ ਪੁਰਸ਼ ਵਿਰੋਧੀ ਪਰਵਿਰਤੀ ਦੇ ਸਿਧਾਂਤ ਦੀ ਗੱਲ ਕਰਦਿਆਂ ਇਸਦਾ ਆਧਾਰ ਸਮਾਜ ਨੂੰ ਮੰਨਦਾ ਹੈ। ਉਸ ਅਨੁਸਾਰ ਮਨੁੱਖੀ ਜਾਤੀ ਵਿਚ ਸਭ ਤੋਂ ਸ਼ਕਤੀਸ਼ਾਲੀ ਪੁਰਸ਼ ਹੁੰਦਾ ਹੈ ਔਰਤ ਦੇ ਅਚੇਤ ਮਨ ਵਿਚ ਵੀ ਪੁਰਸ਼ ਬਣਨ ਦੀ ਕਾਮਨਾ ਪਨਪਦੀ ਰਹਿੰਦੀ ਹੈ। ਜਿਸ ਕਰਕੇ ਉਹ ਆਪਣੇ ਔਰਤਪਨ ਨੂੰ ਸਵੀਕਾਰ ਨਾ ਕਰਕੇ ਮੁੰਡਿਆਂ ਵਾਂਗ ਵਿਚਰਨਾ ਆਪਣਾ ਪੂਰਨ ਅਧਿਕਾਰ ਚਾਹੁੰਦੀ ਹੈ, ਜਿਵੇਂ ਕਿ ਇਸ ਨਾਟਕ ਦੀ ਮੁੱਖ ਪਾਤਰ ਨਵੂ ਆਪਣੀ ਮਾਂ ਨੂੰ ਪਿਆਰ ਕਰਦੀ ਹੈ ਤੇ ਦਾਦੀ ਦੇ ਭੈੜੇ ਰਵੱਈਏ ਦਾ ਵਿਰੋਧ ਵੀ ਕਰਦੀ ਹੈ। ਸੋ ਬਚਪਨ 'ਚ ਹੀ ਉਸਦੇ ਮਨ 'ਤੇ ਇਹ ਪ੍ਰਭਾਵ ਗਹਿਰਾ ਪੈ ਜਾਂਦਾ ਹੈ ਤੇ ਉਸ ਅੰਦਰ ਇਸਤਰੀ ਵਿਰੋਧੀ ਲਿੰਗ ਮਰਦ ਪ੍ਰਤੀ ਹਰਖ਼ ਤੇ ਗੁੱਸਾ ਭਰਨਾ ਸ਼ੁਰੂ ਹੋ ਜਾਂਦਾ ਹੈ। ਬਚਪਨ ਤੋਂ ਹੀ ਜਿਸ ਵਾਤਾਵਰਨ ਵਿਚ ਉਹ ਪਲੀ ਹੈ ਉਥੋਂ ਉਸਦੇ ਅਚੇਤਨ ਵਿਚ ਇਹ ਗੱਲ ਬੈਠ ਗਈ ਹੈ ਕਿ ਔਰਤ ਨੂੰ ਮਰਦ ਤੋਂ ਘੱਟ ਕਿਉਂ ਸਮਝਿਆ ਜਾਵੇ? ਇਸੇ ਵਿਚੋਂ ਉਸ ਅੰਦਰ ਪ੍ਰਤੀਰੋਦ ਉਤਪੰਨ ਹੁੰਦਾ ਹੈ ਉਹ ਗੱਲ-ਗੱਲ ਤੇ ਆਪਣੀ ਦਾਦੀ ਨਾਲ ਬਹਿਸਦੀ, ਮੁੰਡਿਆਂ ਦੀਆਂ ਰੀਸਾਂ ਲਾਉਂਦੀ ਹੈ ਉਦਾਹਰਨ ਲਈ ਨਵੂ ਮੁੰਡਿਆਂ ਦੀ ਨਕਲ ਕਰਦੀ ਹੋਈ ਕਹਿੰਦੀ ਹੈ,

**ਨਵੂ:** ਹੋਰ ਫੇਰ ਮੂਹਰੇ-ਬੋਲਦੇ 'ਮੁੰਡੇ' ਚੰਗੇ ਲਗਦੇ ਐ ਦਾਦੀ ਜੀ? ਲਉ ਫਿਰ ਮੈਂ 'ਮੁੰਡਾ' ਬਣ ਕੇ ਮੂਹਰੇ ਬੋਲ ਕੇ ਵਿਖਾ ਦਿੱਨੀ ਐਂ! (ਮੁੰਡਿਆਂ ਦੀ ਨਕਲ ਕਰਦੀ ਰੋਹਬਦਾਰ ਆਵਾਜ਼ ਵਿਚ) ਉਇ ਬੁੜ੍ਹੀਏ! ਤੈਂ ਡੋਡੇ ਲੈਣੇ ਨੇ ਪੁੱਛ ਕੇ? ਤੈਨੂੰ ਕੀ? ਮੈਂ ਜਦੋਂ ਮਰਜ਼ੀ ਜਾਵਾਂ, ਜਦੋਂ ਮਰਜੀ ਆਵਾਂ!?...... [17]

**ਨਵੂ:** (ਅੰਦਰੋਂ ਹੀ ਉਸੇ ਚਉੜ ਵਾਲੇ ਮੂਡ ਵਿਚ) ਮੇਰੀ ਛੋਟੀ ਭੈਣ ਦਾ ਨਾਂ 'ਚਾਮਚਿੜਕ' ਨੀ ਦਾਦੀ ਜੀ! 'ਕੁਲਜੋਤ' ਐ! ਜਿਹਦਾ ਮਤਲਬ ਐ 'ਜ਼ੋਰ ਦਿੰਦੀ' ਕੁਲ ਦੀ....ਜੋਤ! ਜੋਤ ਦਾ ਮਤਲਬ ਐ ਦੀਵਾ![18]

ਅਸਲ ਵਿਚ ਨਵੂ ਬਰਾਬਰਤਾ ਦੀ ਮੁਤਲਾਸੀ ਹੈ ਉਹ ਸਮਾਜ ਵਿਚ ਔਰਤ ਦਾ ਸਥਾਨ ਮਰਦ ਬਰਾਬਰ ਦੇਖਣਾ ਚਾਹੁੰਦੀ ਹੈ ਤੇ ਅਜਿਹਾ ਕਰਕੇ ਨਵੀਂ ਸੋਚ ਦਾ ਸੁਨੇਹਾ ਦੇਣਾ ਚਾਹੁੰਦੀ ਹੈ। "ਫਰਾਇਡ ਨੇ ਅਚੇਤਨ ਦਾ ਆਧਾਰ ਬਾਲ ਕਾਮ-ਸ਼ਕਤੀ (Libido) ਨੂੰ ਮੰਨਿਆ ਹੈ। ਇਹ ਹੀ ਇਸਦੀ ਮੁੱਖ ਸ਼ਕਤੀ ਹੁੰਦੀ ਹੈ। ਕਾਮ ਪ੍ਰਵਿਰਤੀਆਂ ਨੂੰ ਸਮਾਜਿਕ ਤੌਰ ਤੇ ਸਵੀਕ੍ਰਿਤੀ ਨਾ ਮਿਲਣ ਕਰਕੇ 'ਈਗੋ' ਦਮਿਤ ਕਰ ਦਿੰਦੀ ਹੈ। ਇਹ ਦਮਿਤ ਭਾਵ ਈਰਖਾ ਗ੍ਰੰਥੀ, ਕ੍ਰੋਧ, ਦਵੈਸ਼, ਕਰੁਣਾ, ਨਿਰਾਸ਼ਾ ਆਦਿ ਅਨੇਕਾਂ ਵਿਕਾਰ ਪੈਦਾ ਕਰਦੇ ਹਨ। ਸਭਿਆ

ਸਮਾਜ ਨੈਤਿਕ ਬੰਧਨ ਆਦਿ ਵਿਚ ਬੰਨਿਆ ਹੋਣ ਕਾਰਨ ਉਸ ਅੰਦਰ ਕਾਮ ਸ਼ਕਤੀ ਦਾ ਸਭ ਤੋਂ ਵਧੇਰੇ ਦਮਨ ਹੁੰਦਾ ਹੈ ਇਹ ਦਮਿਤ ਕਾਮ ਭਾਵਨਾ ਅਚੇਤ ਵਿਚ ਛੁਪ ਜਾਂਦੀ ਹੈ।"[19]

ਲਿਬੀਡੋ ਆਸਧਾਰਨ ਵਿਅਕਤਿਤਵ ਦਾ ਕਾਰਨ ਬਣਦੀ ਹੈ, ਪਰ ਇਹੀ ਲਿਬੀਡੋ ਤੋਂ ਉਤਪੰਨ ਹੋਣ ਵਾਲੀਆਂ ਕਾਮ ਪ੍ਰਵਿਰਤੀਆਂ ਕਈ ਵਾਰੀ ਸਭਿਅਕ ਬੁਲੰਦੀਆਂ ਅਖ਼ਤਿਆਰ ਕਰਕੇ ਉਦਾਰੀਕਰਨ ਦੀ ਅਵਸਥਾ ਵਿਚ ਪਹੁੰਚ ਕੇ ਦਮਿਤ ਭਾਵਾਂ ਦਾ ਸੁਖਦਾਈ ਹੱਲ ਲੱਭ ਲੈਂਦੀਆਂ ਹਨ ਜੋ ਵਿਅਕਤੀ ਨੂੰ ਸਮਾਜ ਲਈ ਪ੍ਰੇਰਦਾ ਹੈ। ਨਵੂ ਆਪਣੀਆਂ ਦਮਿਤ ਭਾਵਨਾਵਾਂ ਨੂੰ ਅਚੇਤ ਵਿਚੋਂ ਕੱਢ ਕੇ ਚੰਗੇ ਅਹੁਦੇ 'ਤੇ ਪਹੁੰਚ ਆਪਣੀ ਸ਼ਖ਼ਸੀਅਤ ਦੀ ਉਸਾਰੀ ਕਰਕੇ ਉਦਾਰੀਕਰਨ ਦੀ ਵਿਧੀ ਅਪਣਾਉਦੀ ਹੈ। "ਫਰਾਇਡ ਨੇ ਕਾਮ ਸ਼ਕਤੀ ਨੂੰ ਬੜੇ ਮੋਕਲੇ ਅਰਥਾਂ ਵਿਚ ਵਰਤਿਆ ਹੈ ਇਨ੍ਹਾਂ ਮੋਕਲੇ ਅਰਥਾਂ ਵਿਚ 'ਕਾਮ' ਕੇਵਲ ਸਾਧਾਰਨ ਮਰਦ-ਤੀਵੀਂ ਵਿਚਲੀ ਕਾਮ ਰੁਚੀ ਨਹੀਂ, ਸਗੋਂ ਇਸ ਵਿਚ ਪਰਿਵਾਰਿਕ ਪ੍ਰੇਮ ਵੀ ਸ਼ਾਮਿਲ ਹੈ, ਮਾਂ ਦੀ ਮਮਤਾ ਵੀ, ਬੱਚੇ ਦਾ ਦੁੱਧ ਚੁੰਘਣਾ ਵੀ ਅਤੇ ਮਲ ਮੂਤਰ ਕਰਨਾਂ ਵੀ, ਪਰਮੇਸ਼ਵਰ ਦੀ ਭਗਤੀ ਵੀ, ਤੇ ਦੇਸ਼ ਭਗਤੀ ਵੀ, ਕਲਾਤਮਕ ਰੁਚੀ ਵੀ ਤੇ ਮਾਨਵੀ ਮਿੱਤਰਤਾ ਵੀ। ਇਨ੍ਹਾਂ ਵਿਸਤ੍ਰਿਤ ਅਰਥਾਂ ਵਿਚ ਫ੍ਰਾਇਡੀ 'ਕਾਮ-ਸ਼ਕਤੀ' ਤੇ ਜੁੰਗ ਦੀ 'ਜੀਵ-ਸ਼ਕਤੀ' ਵਿਚ ਬੜਾ ਥੋੜ੍ਹਾ ਅੰਤਰ ਰਹਿ ਗਿਆ ਜਾਪਦਾ ਹੈ।"[20]

ਜਦੋਂ ਅਸੀਂ ਇਸ ਨਾਟਕ ਦੀ ਪਾਤਰ ਉਸਾਰੀ ਦੀ ਵਿਉਂਤਬੰਦੀ ਉੱਤੇ ਨਜ਼ਰ ਮਾਰਦੇ ਹਾਂ ਤਾਂ ਇਸ ਵਿਚ ਸਾਨੂੰ ਸਭ ਤੋਂ ਵੱਧ ਪ੍ਰਕਿਰਤਕ ਕਾਮ ਰੁਚੀਆਂ ਅਧੀਨ ਵਿਚਰਦੀ ਪਾਤਰ ਨਵੂ ਵਿਖਾਈ ਦਿੰਦੀ ਹੈ। ਉਸਦੇ ਭਾਵਾਂ ਦੇ ਵੇਗ ਅਮੋੜ ਹਨ। ਜਿਸ ਕਰਕੇ ਉਸਦਾ ਵਿਅਕਤਿਤਵ ਜ਼ਿੱਦੀ, ਗੁਸੈਲ, ਦ੍ਰਿੜ ਇਰਾਦੇ ਵਾਲਾ ਬਣ ਜਾਂਦਾ ਹੈ।

ਔਲਖ ਦੇ ਨਾਟਕਾਂ ਦੇ ਇਸਤਰੀ ਪਾਤਰਾਂ ਬਾਰੇ ਕਿਹਾ ਜਾ ਸਕਦਾ ਹੈ ਕਿ ਪਿਤਾ-ਪੁਰਖੀ ਸੱਤਾ ਦੁਆਰਾ ਬਣਾਏ ਕਾਨੂੰਨ, ਟੌਟਮ ਅਤੇ ਟੈਬੂ ਦੀ ਸਖ਼ਤੀ ਵਾਲਾ ਮਰਦ ਪ੍ਰਧਾਨ ਢਾਂਚਾ ਵਿਭਿੰਨ ਪੱਧਰਾਂ 'ਤੇ ਇਸਤਰੀ ਦੇ ਦਮਨ ਦਾ ਕਾਰਨ ਬਣਦਾ ਹੈ, ਪ੍ਰੰਤੂ ਜਦੋਂ ਪ੍ਰਕਿਰਤਿਕ ਆਪਾ ਉਨ੍ਹਾਂ ਦੇ ਸੱਭਿਆਚਾਰਕ ਆਪੇ 'ਤੇ ਹਾਵੀ ਹੁੰਦਾ ਹੈ ਤਾਂ ਉਹ ਕੇਵਲ ਆਪਣੇ ਜ਼ਜਬੇ ਦਾ ਸੱਚ ਪੁਗਾਉਦੀਆਂ ਹੋਈਆਂ ਹਰ ਪ੍ਰਕਾਰ ਦੇ ਬੰਧਨਾਂ ਨੂੰ ਬਗਾਵਤੀ ਅੰਦਾਜ਼ ਵਿਚ ਉਲੰਘਣ ਦੀਆਂ ਖੁੱਲਾਂ ਮਾਨਣਾ ਚਾਹੁੰਦੀਆਂ ਹਨ ਕਿਉਂਕਿ ਸੱਭਿਆਚਾਰਕ ਚਿੰਤਨ ਤੇ ਚੇਤਨਾ ਤੋਂ ਪਾਰ ਇਨ੍ਹਾਂ ਪਾਤਰਾਂ ਅੰਦਰ ਜੀਵਨ ਜਿਉਣ ਦੀ ਤੀਬਰ ਲਾਲਸਾ ਹੈ ਜੋ ਉਨ੍ਹਾਂ ਨੂੰ ਜਜ਼ਬੇ ਦਾ ਵਾਰ-ਵਾਰ ਦਮਨ ਕਰਨ ਤੋਂ ਵਰਜਦੀ ਹੈ।

**ਸੁੱਖੀ:** (ਜਾਣ -ਬੁਝ ਕੇ 'ਕਰਨ ਆਈ ਗੱਲ' ਨਾਲ ਸੁਫ਼ਨਾ ਜੋੜਦੀ) ਜਾਨੀਂ-ਦੀ ਮੇਰੇ ਮਗਰ ਦੋ ਰਾਕਸ਼ ਪੈ-ਗੇ! ਮੈਂ ਭੱਜ ਕੇ ਬਥੇਰੀ ਜਾਨ ਬਚਾਉਂਨੀ ਐਂ ਪਰ ਅਖ਼ੀਰ ਉਹ ਮੈਨੂੰ ਭੱਜੀਂ ਨੂੰ ਘੇਰ ਕੇ ਦਬੋਚ ਈ ਲੈਂਦੇ ਨੇ!

**ਮਾਂ:** ਬਸ! ਤੈਨੂੰ ਇਹੋ ਜੇ-ਸੁਫ਼ਨੇ ਹੀ ਆਉਂਦੇ ਐਂ ਹਮੇਸ਼ਾਂ! ਜਦੋਂ ਤੂੰ ਕੁਆਰੀ ਹੁੰਦੀ ਸੀ ਜਿਸ ਦਿਨ ਤੇਰੇ ਸਰ੍ਹਾਣੇ ਪਾਣੀ ਰੱਖਣਾ ਭੁੱਲ ਜਾਂਦੀ ਸੀ ਮੈਂ, ਤਾਂ ਸੁਫ਼ਨੇ ਵਿਚ ਚੀਕ ਮਾਰ ਕੇ ਖੜ੍ਹੀ ਹੋ ਜਾਂਦੀ ਸੀ ਰਾਤ ਨੂੰ! ਪਤਾ ਨੀ ਨਿਪੁੱਤਿਆਂ ਦੇ ਕਿਹੋ-ਜੇ ਰਾਕਸ਼ਾਂ ਦਾ ਡਰ ਬੈਠਿਆ ਹੋਇਆ ਤੇਰੇ ਮਨ ਵਿਚ![21]

ਨਵੂ ਦੀ ਮਰਦ ਜਾਤ ਪ੍ਰਤੀ ਨਫ਼ਰਤ ਵੀ ਇਸੇ ਕਰਕੇ ਹੈ। ਨਵੂ ਬਚਪਨ ਵਿਚ ਹੀਣਤਾ ਮਨੋ-ਗੰਢ ਦੀ ਸ਼ਿਕਾਰ ਹੋ ਕੇ ਵਾਰ-ਵਾਰ ਮੁੰਡਿਆਂ ਵਾਂਗ ਗੱਲਾਂ ਕਰਦੀ ਹੈ। ਅਜਿਹਾ

ਕਰਕੇ ਉਸਦਾ ਆਪਣੀ ਹੀਣ ਭਾਵਨਾ ਤੋਂ ਛੁਟਕਾਰਾ ਪਾ ਕੇ ਸ੍ਰੇਸਟਤਾ ਮਨੋ-ਗੰਢ ਵਿਚ ਤਬਦੀਲ ਹੋਣ ਦਾ ਅਚੇਤ ਯਤਨ ਹੈ।

ਔਲਖ ਮਨੁੱਖੀ ਮਨ ਦੀਆਂ ਲੁਪਤ ਤੇ ਦਮਿਤ ਭਾਵਨਾਵਾਂ ਉਮੰਗਾਂ ਜਜ਼ਬਿਆਂ ਅਤੇ ਲੋੜਾਂ ਦੇ ਯਥਾਰਥ ਨਾਲ ਜੁੜਿਆ ਹੈ। ਜਿਸ ਵਿਚ ਸਾਡੇ ਸਮਾਜ ਦੀ ਸਮਾਜਿਕ ਤੇ ਆਰਥਿਕ ਵਿਵਸਥਾ ਵਿਚ ਸਾਧਾਰਨ ਮਨੁੱਖ ਤਣਾਉ ਦਾ ਭਾਗੀਦਾਰ ਬਣਦਾ ਹੈ ਵਿਸ਼ੇਸ਼ ਰੂਪ ਵਿਚ ਔਰਤ ਅਜਿਹੀਆਂ ਹਾਲਤਾਂ ਵਿਚ ਜਾਂ ਤਾਂ ਮਨੋਰੋਗੀ ਬਣ ਜਾਂਦੀ ਹੈ ਜਾਂ ਫਿਰ ਵਿਰੋਧ ਵਿਚ ਖੜ੍ਹ ਖੁੱਲਾ ਵਿਦਰੋਹ ਸਿਰਜਦੀ ਹੈ।

ਇਹ ਨਾਟਕ ਔਰਤ ਮਰਦ ਦੇ ਸੰਬੰਧਾਂ ਨੂੰ ਪ੍ਰੰਪਰਾਗਤ ਦ੍ਰਿਸਟੀ ਤੋਂ ਵਿਚਾਰਨ ਦੀ ਥਾਂ ਨਵੇਕਲੀ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ ਔਲਖ ਆਪ ਤਿੰਨ ਧੀਆਂ ਦਾ ਪਿਤਾ ਸੀ। ਉਸਦੇ ਅਚੇਤ ਵਿਚ ਕਿਤੇ ਇਹ ਗੱਲ ਪਈ ਸੀ ਕਿ ਯੁੱਗ ਪਲਟਾਵੀਂ ਕ੍ਰਾਂਤੀ ਧੀਆਂ ਵੀ ਲਿਆ ਸਕਦੀਆਂ ਹਨ। ਇਹੀ ਮਾਨਸਿਕਤਾ ਇਸ ਨਾਟਕ ਦਾ ਆਧਾਰ ਬਣਦੀ ਹੈ ।

## ਹਵਾਲੇ ਅਤੇ ਟਿੱਪਣੀਆਂ


1. ਅਜਮੇਰ ਸਿੰਘ ਔਲਖ, ਨਿਉਂ ਜੜ੍ਹ, ਪੰਨਾ-9
2. The Penguin Dictionary of Psychology, page 587
3. The New Encyclopaedia britanica, rd 24, page 157
4. ਡਾ. ਗੁਰਜੰਟ ਸਿੰਘ, ਮਨੋਵਿਸ਼ਲੇਸ਼ਣਾਤਮਕ ਸਾਹਿਤ ਚਿੰਤਨ, ਪੰਨਾ-29
5. J.A.C. Brown, Freud and the Post-Freudian, page-117
6. The new Encyclopaedia Britanica , Vol.12, page-124
7. ਅਜਮੇਰ ਸਿੰਘ ਔਲਖ, ਨਿਉਂ ਜੜ੍ਹ, ਪੰਨਾ-20
8. ਅਜਮੇਰ ਸਿੰਘ ਔਲਖ, ਨਿਉਂ ਜੜ੍ਹ, ਪੰਨਾ-34
9. ਅਜਮੇਰ ਸਿੰਘ ਔਲਖ, ਨਿਉਂ ਜੜ੍ਹ, ਪੰਨਾ-13
10. New Introductory Lecture on Psychoanalysis, Page-160-169
11. ਅਜਮੇਰ ਸਿੰਘ ਔਲਖ, ਨਿਉਂ ਜੜ੍ਹ, ਪੰਨਾ-27
12. ਅਜਮੇਰ ਸਿੰਘ ਔਲਖ, ਨਿਉਂ ਜੜ੍ਹ, ਪੰਨਾ-22
13. ਅਜਮੇਰ ਸਿੰਘ ਔਲਖ, ਨਿਉਂ ਜੜ੍ਹ, ਪੰਨਾ-24
14. ਅਜਮੇਰ ਸਿੰਘ ਔਲਖ, ਨਿਉਂ ਜੜ੍ਹ, ਪੰਨਾ-29
15. ਅਜਮੇਰ ਸਿੰਘ ਔਲਖ, ਨਿਉਂ ਜੜ੍ਹ, ਪੰਨਾ-23
16. ਅਜਮੇਰ ਸਿੰਘ ਔਲਖ, ਨਿਉਂ ਜੜ੍ਹ, ਪੰਨਾ-23
17. ਅਜਮੇਰ ਸਿੰਘ ਔਲਖ, ਨਿਉਂ ਜੜ੍ਹ, ਪੰਨਾ-28
18. ਅਜਮੇਰ ਸਿੰਘ ਔਲਖ, ਨਿਉਂ ਜੜ੍ਹ, ਪੰਨਾ-29
19. ਡਾ. ਵਿਮਲ ਸਹਸ੍ਰਬੁਧੇ, ਹਿੰਦੀ ਉਪਨਿਆਸੋਂ ਮੇਂ ਨਾਰੀ ਕਾ ਮਨੋਵਿਗਿਆਨਕ ਵਿਸ਼ਲੇਸ਼ਣ, ਪੰਨਾ-172
20. ਅਚੇਤਨ ਦੀ ਲੀਲਾ, ਪੰਨਾ-19
21. ਅਜਮੇਰ ਸਿੰਘ ਔਲਖ, ਨਿਉਂ ਜੜ੍ਹ, ਪੰਨਾ-21


**ਐਚ.ਐਮ.ਵੀ. ਜਲੰਧਰ**

# ਲੋਕ ਧਰਮ ਅਤੇ ਲੋਕ ਸ਼ਸਤਰ: ਵਿਭਿੰਨ ਪਰਿਪੇਖ

❑ ਡਾ. ਮਨਦੀਪ ਕੌਰ

ਕਿਸੇ ਵੀ ਕੌਮ ਦਾ ਸਮਾਜ ਸਭਿਆਚਾਰ ਉੱਥੋਂ ਦੀ ਲੋਕਧਾਰਾ ਵਿੱਚੋਂ ਪ੍ਰਤੀਬਿੰਬਤ ਹੁੰਦਾ ਵੇਖਿਆ ਜਾ ਸਕਦਾ ਹੈ। ਲੋਕਧਾਰਾ ਸਿਰਫ਼ ਆਪਣੇ ਸ਼ਾਬਦਿਕ ਅਰਥਾਂ ਤੱਕ ਹੀ ਸੀਮਿਤ ਨਹੀਂ ਬਲਕਿ ਇਹ ਇਕ ਅਜਿਹਾ ਵਰਤਾਰਾ ਹੈ ਜਿਸਦੇ ਅੰਤਰਗਤ ਕਈ ਪੱਖ ਅਤੇ ਸ਼ਾਖ਼ਾਵਾਂ ਵੇਖਣ ਨੂੰ ਮਿਲਦੀਆਂ ਹਨ ਜਿਵੇਂ ਲੋਕ ਸਾਹਿਤ, ਲੋਕ ਧੰਦੇ, ਲੋਕ ਖੇਡਾਂ, ਲੋਕ ਕਾਵਿ, ਲੋਕ ਵਿਸ਼ਵਾਸ, ਅਨੁਸ਼ਠਾਨ ਅਤੇ ਲੋਕ ਧਰਮ ਆਦਿ। ਲੋਕ ਧਰਮ ਲੋਕਧਾਰਾ ਨਾਲ ਜੁੜਿਆ ਅਜਿਹਾ ਸੰਕਲਪ ਹੈ ਜੋ ਲੋਕ ਜਨ-ਜੀਵਨ ਵਿਚ ਖ਼ਾਸ ਮਹੱਤਤਾ ਦਾ ਧਾਰਨੀ ਹੈ। ਜਦੋਂ ਕਿਸੇ ਸ਼ਬਦ ਦੇ ਸ਼ਾਬਦਿਕ ਅਰਥ ਪ੍ਰਵਾਨ ਨਾ ਹੋਣ ਤਾਂ ਉਸਦੇ ਅਰਥ ਘੇਰੇ ਨੂੰ ਨਿਸ਼ਚਿਤ ਕਰਕੇ ਸੁਨਿਸ਼ਚਿਤ ਅਰਥ ਘੜ੍ਹ ਲਏ ਜਾਂਦੇ ਹਨ। ਇਹ ਸੁਨਿਸ਼ਚਿਤ ਅਰਥ ਜਦੋਂ ਵਿੱਦਿਅਕ ਜਗਤ ਵਿਚ ਪ੍ਰਵਾਨ ਹੋ ਜਾਣ ਤਾਂ ਉਹ ਅਰਥ ਸੰਕਲਪ ਬਣ ਜਾਂਦਾ ਹੈ।ਲੋਕ ਧਰਮ ਵੀ ਅਜਿਹਾ ਸੰਕਲਪ ਹੈ ਜੋ ਜਾਦੂ-ਟੂਣੇ, ਵਹਿਮਾਂ-ਭਰਮਾਂ, ਲੋਕ ਵਿਸ਼ਵਾਸ, ਲੋਕ ਅਨੁਸ਼ਠਾਨ, ਪੂਜਾ ਵਿਧੀਆਂ ਆਦਿ ਅਨੇਕ ਪੱਖਾਂ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ। ਜਦੋਂ ਕੋਈ ਸ਼ਬਦ ਆਪਣੇ ਕੋਸ਼ੀ ਅਰਥਾਂ ਤੋਂ ਅਗਾਂਹ ਨਿਕਲ ਜਾਂਦਾ ਹੈ, ਮੂਲ ਅਰਥਾਂ ਤੋਂ ਇਲਾਵਾ ਉਸਦਾ ਅਰਥ ਘੇਰਾ ਵਿਸ਼ਾਲ ਹੋ ਜਾਂਦਾ ਹੈ ਅਤੇ ਅਕਾਦਮਿਕ ਖੇਤਰ ਦੀ ਪ੍ਰਵਾਨਗੀ ਨਾਲ ਉਹ ਸੰਕਲਪ ਬਣ ਜਾਂਦਾ ਹੈ। ਲੋਕ ਸ਼ਸਤਰਾਂ ਨੂੰ ਵੀ ਇਸਦੇ ਵਿਸ਼ਾਲ ਘੇਰੇ ਦੇ ਅੰਤਰਗਤ ਸਮਝਿਆ ਜਾ ਸਕਦਾ ਹੈ। ਸ਼ਸਤਰ ਉਹ ਹੈ ਜੋ ਕੱਟਣ, ਵੱਢਣ ਦਾ ਕੰਮ ਕਰਦਾ ਹੈ ਪਰ ਲੋਕ ਸ਼ਸਤਰ ਉਹ ਹਨ ਜੋ ਕੱਟਣ ਵੱਢਣ ਤੋਂ ਇਲਾਵਾ ਸਾਡੇ ਸਭਿਆਚਾਰਕ ਅਤੇ ਲੋਕਧਾਰਾਈ ਵਰਤਾਰੇ ਨਾਲ ਵੀ ਜੁੜੇ ਹਨ। ਇਹ ਲੋਕ ਮਾਨਸ ਦੀ ਅਭਿਵਿਅਕਤੀ ਕਰਦੇ ਹਨ ਅਤੇ ਇਨ੍ਹਾਂ ਨੂੰ ਲੋਕ ਸਮੂਹ ਦੀ ਪ੍ਰਵਾਨਗੀ ਪ੍ਰਾਪਤ ਹੁੰਦੀ ਹੈ। ਲੋਕ ਸ਼ਸਤਰ ਸਧਾਰਨ ਮਨੁੱਖ ਦੀ ਸਿਰਜਨਾ ਹੁੰਦੇ ਹਨ ਜੋ ਆਮ ਜਨ ਜੀਵਨ ਦਾ ਹਿੱਸਾ ਬਣਦੇ ਹਨ। ਲੋਕ ਸ਼ਸਤਰਾਂ ਨਾਲ ਉਸ ਵਿਸ਼ੇਸ਼ ਖਿੱਤੇ ਦੇ ਸਭਿਆਚਾਰ ਦਾ ਲੋਕ ਸਾਹਿਤ, ਰਸਮਾਂ-ਰੀਤਾਂ, ਧਰਮ, ਲੋਕ ਕਿੱਤੇ, ਲੋਕ ਕਲਾ ਆਦਿ ਪੱਖ ਜੁੜੇ ਹੁੰਦੇ ਹਨ।

ਹਥਲੇ ਖੋਜ-ਪੱਤਰ ਦਾ ਉਦੇਸ਼ ਲੋਕ ਧਰਮ ਅਤੇ ਲੋਕ ਸ਼ਸਤਰ ਦੇ ਅੰਤਰ ਸੰਬੰਧ ਨੂੰ ਵੇਖਦੇ ਹੋਏ ਇਨ੍ਹਾਂ ਨਾਲ ਜੁੜੇ ਵਿਭਿੰਨ ਪਸਾਰਾਂ ਨੂੰ ਸਮਝਣਾ ਹੈ। ਲੋਕ ਧਰਮ ਅਤੇ ਲੋਕ ਸ਼ਸਤਰ ਆਦਿ ਕਾਲ ਤੋਂ ਹੀ ਮਨੁੱਖੀ ਜ਼ਿੰਦਗੀ ਦਾ ਅਹਿਮ ਹਿੱਸਾ ਰਹੇ ਹਨ। ਇਹ ਦੋਵੇਂ ਸੰਕਲਪ ਲੋਕਧਾਰਾ ਦੇ ਅੰਤਰਗਤ ਆਉਂਦੇ ਹਨ। ਧਰਮ ਅਤੇ ਲੋਕ ਧਰਮ, ਸ਼ਸਤਰ ਅਤੇ ਲੋਕ ਸ਼ਸਤਰ ਦੇ ਅੰਤਰ ਨੂੰ ਸਮਝਣ ਲਈ ਲੋਕ ਸ਼ਬਦ ਦੇ ਅਰਥਾਂ ਬਾਰੇ ਜਾਣਨਾ ਜ਼ਰੂਰੀ ਬਣ ਜਾਂਦਾ ਹੈ। ਲੋਕ ਸ਼ਬਦ ਦਾ ਅਰਥ ਵਿਸ਼ੇਸ਼ ਖੇਤਰ ਵਿਚ ਵੱਸਣ ਵਾਲੇ ਮਨੁੱਖੀ ਸਮੂਹ ਤੋਂ ਹੈ ਜੋ ਭਾਸ਼ਾ, ਧਰਮ, ਨਸਲ, ਇਲਾਕੇ, ਪਰੰਪਰਾ, ਰੀਤੀ ਰਿਵਾਜ ਆਦਿ ਸਾਂਝੇ ਤੱਤਾਂ ਕਾਰਨ ਆਪਸ ਵਿਚ ਜੁੜਿਆ ਹੈ। ਐਲਨ ਡੰਡੀਜ ਅਨੁਸਾਰ ਲੋਕ ਇਕ ਤੋਂ ਵੱਧ ਲੋਕਾਂ ਦਾ ਅਜਿਹਾ ਸਮੂਹ ਹੈ ਜੋ ਕਿਸੇ ਇਕ ਸਾਂਝੇ ਤੱਤ, ਭਾਸ਼ਾ, ਇਲਾਕੇ, ਧਰਮ, ਨਸਲ, ਕਿੱਤੇ ਆਦਿ ਕਰਕੇ ਆਪਸ ਵਿਚ ਜੁੜਿਆ ਹੁੰਦਾ ਹੈ। ਸਮੂਹ ਦੀਆਂ ਕੁਝ ਸਾਂਝੀਆਂ ਪਰੰਪਰਾਵਾਂ ਹੁੰਦੀਆਂ ਹਨ ਅਤੇ ਇਨ੍ਹਾਂ ਪਰੰਪਰਾਵਾਂ ਨੂੰ ਖ਼ਾਸ ਮੌਕਿਆ 'ਤੇ ਆਪਸ ਵਿਚ ਸਾਂਝਿਆਂ ਵੀ ਕਰਦੇ ਹਨ।[1] ਜਿਸ ਸ਼ਬਦ, ਵਸਤੂ ਵਰਤਾਰੇ ਦੇ ਨਾਲ ਲੋਕ ਸ਼ਬਦ ਜੁੜ ਜਾਂਦਾ ਹੈ ਉਸਦੇ ਨਾਲ ਲੋਕ ਮਾਨਵ ਦੀ ਸਾਂਝ, ਲੋਕ ਸਮੂਹ ਦੀ ਪ੍ਰਵਾਨਗੀ, ਸਧਾਰਨਤਾ, ਰੀਤੀ ਰਿਵਾਜ, ਮੰਨਤਾਂ-ਮਨੌਤਾਂ ਵਰਗੇ ਗੁਣ ਸਹਿਜੇ ਹੀ ਸ਼ਾਮਿਲ ਹੋ ਜਾਂਦੇ ਹਨ। ਲੋਕ ਸ਼ਸਤਰ ਅਤੇ ਲੋਕ ਧਰਮ ਵੀ ਅਜਿਹੇ ਗੁਣਾਂ ਦੇ ਧਾਰਨੀ ਹਨ

ਅਤੇ ਲੋਕ ਮਾਨਸਿਕਤਾ ਦੇ ਨਾਲ ਨੇੜਤਾ ਰੱਖਦੇ ਹੋਏ ਲੋਕ ਜੀਵਨ ਵਿਹਾਰ ਦਾ ਹਿੱਸਾ ਬਣਦੇ ਹਨ।

**ਕਰਨੈਲ ਸਿੰਘ ਥਿੰਦ** ਲੋਕ ਧਰਮ ਦੇ ਵਿਸ਼ਾ ਖੇਤਰ ਬਾਰੇ ਲਿਖਦੇ ਹਨ:-

"ਇਸ ਵਿਚ ਨਰਕ, ਸਵਰਗ, ਅਤੇ ਚੁਰਾਸੀ ਲੱਖ ਜੂਨਾਂ ਵਿਚ ਵਿਸ਼ਵਾਸ, ਦੇਵੀ ਦੇਵਤਿਆਂ ਦੀ ਪੂਜਾ, ਸੁੱਖਣਾ, ਮੰਤਰ, ਚੜ੍ਹਾਵੇ, ਵਰਤ, ਤੀਰਥ ਯਾਤਰਾ, ਤੀਰਥ ਇਸ਼ਨਾਨ, ਸੂਰਜ ਅਤੇ ਚੰਦ ਗ੍ਰਹਿਣ ਬਾਰੇ ਵਿਸ਼ਵਾਸ, ਪੂਜਾ ਪਾਠ, ਜੰਤਰ-ਮੰਤਰ, ਸ਼ਗਨ-ਅਪਸ਼ਗਨ ਆਦਿ ਵਿਸ਼ੇ ਆਉਂਦੇ ਹਨ। ਲੋਕ ਧਰਮ ਵਿਚ ਲੋਕ ਭਾਵਨਾ ਹੁੰਦੀ ਹੈ ਅਤੇ ਇਹ ਲੋਕ ਸਮੂਹ ਦੀ ਸ਼ਰਧਾ ਅਤੇ ਵਿਸ਼ਵਾਸ 'ਤੇ ਟਿਕਿਆ ਹੈ। ਵਿਸ਼ਿਸ਼ਟ ਧਰਮ ਵਿਚ ਵਿਸ਼ੇਸ਼ ਗੁਰੂ-ਪੈਗੰਬਰ, ਵਿਸ਼ੇਸ਼ ਗ੍ਰੰਥ, ਵਿਸ਼ੇਸ਼ ਨਿਯਮਾਵਲੀ ਆਦਿ ਮਹੱਤਵਪੂਰਨ ਸਥਾਨ ਰੱਖਦੇ ਹਨ। ਪਰ ਲੋਕ ਧਰਮ ਕਿਸੇ ਵਿਸ਼ੇਸ਼ ਗ੍ਰੰਥ, ਗੁਰੂ-ਪੈਗੰਬਰ, ਨਿਯਮਾਵਲੀ ਆਦਿ ਬੰਧਨ ਤੋਂ ਮੁਕਤ ਹੁੰਦਾ ਹੈ। ਇਹ ਸਭ ਲੋਕਾਂ ਦਾ ਸਾਂਝਾ ਧਰਮ ਹੁੰਦਾ ਹੈ, ਚਾਹੇ ਉਹ ਕਿਸੇ ਵੀ ਜਾਤ, ਧਰਮ, ਰੰਗ ਨਸਲ ਨਾਲ ਸੰਬੰਧਿਤ ਹੋਣ। ਇਹੋ ਕਾਰਨ ਹੈ ਕਿ ਲੋਕਾਂ ਦਾ ਸਾਂਝਾ ਹੋਣ ਕਰਕੇ ਲੋਕ ਧਰਮ ਹੋ ਨਿਬੜਦਾ ਹੈ ਜਿਸਦਾ ਅਰਥ ਘੇਰਾ ਵਿਸ਼ਿਸ਼ਟ ਧਰਮ ਤੋਂ ਕਿਤੇ ਵਿਸ਼ਾਲ ਹੈ। ਉਦਾਹਰਨ ਵਜੋਂ ਗੁਰਦੁਆਰਿਆਂ ਵਿਚ ਸਿੱਖ ਗੁਰੂ, ਮੰਦਿਰਾਂ ਵਿਚ ਹਿੰਦੂ ਦੇਵੀ ਦੇਵਤੇ ਅਤੇ ਮਸਜਿਦਾਂ ਵਿਚ ਮੁਸਲਿਮ ਪੀਰ ਪੈਗੰਬਰਾਂ ਦੀਆਂ ਫ਼ੋਟੋਆਂ ਦੇਖਣ ਨੂੰ ਮਿਲਦੀਆਂ ਹਨ। ਪਰ ਲੋਕ ਧਰਮ ਨਾਲ ਜੁੜੇ ਸਥਾਨਾਂ ਤੇ ਹਰੇਕ ਧਰਮ ਦੇ ਗੁਰੂ, ਪੀਰ, ਪੈਗੰਬਰ, ਦੇਵੀ ਦੇਵਤੇ ਆਦਿ ਦੀਆਂ ਫ਼ੋਟੋਆਂ ਇਕ ਥਾਂ 'ਤੇ ਵੇਖੀਆਂ ਜਾ ਸਕਦੀਆਂ ਹਨ। ਇਹੋ ਕਾਰਨ ਹੈ ਕਿ ਇਹ ਸਭ ਲੋਕਾਂ ਦਾ ਸਾਂਝਾ ਹੈ ਅਤੇ ਤਾਂ ਹੀ ਲੋਕ ਧਰਮ ਅਖਵਾਉਂਦਾ ਹੈ।

ਲੋਕ ਸ਼ਸਤਰ ਸਭਿਆਚਾਰਕ ਅਤੇ ਲੋਕਧਾਰਾਈ ਵਰਤਾਰਿਆਂ ਨਾਲ ਜੁੜੇ ਹਨ। ਇਹ ਲੋਕ ਮਾਨਸ ਦੀ ਅਭਿਵਿਅਕਤੀ ਕਰਦੇ ਹਨ ਅਤੇ ਇਨ੍ਹਾਂ ਨੂੰ ਲੋਕ ਸਮੂਹ ਦੀ ਪ੍ਰਵਾਨਗੀ ਪ੍ਰਾਪਤ ਹੁੰਦੀ ਹੈ। ਲੋਕ ਸ਼ਸਤਰ ਸਧਾਰਨ ਮਨੁੱਖ ਦੀ ਸਿਰਜਨਾ ਹੁੰਦੇ ਹਨ ਜੋ ਆਮ ਜਨਜੀਵਨ ਦਾ ਹਿੱਸਾ ਬਣਦੇ ਹਨ। ਲੋਕ ਸ਼ਸਤਰਾਂ ਨਾਲ ਉਸ ਵਿਸ਼ੇਸ਼ ਖਿੱਤੇ ਦੇ ਸਭਿਆਚਾਰ ਦਾ ਲੋਕ ਸਾਹਿਤ, ਰਸਮਾਂ-ਰੀਤਾਂ, ਧਰਮ, ਲੋਕ ਕਿੱਤੇ, ਲੋਕ ਕਲਾ, ਲੋਕ ਵਿਸ਼ਵਾਸ ਆਦਿ ਪੱਖ ਜੁੜੇ ਹੁੰਦੇ ਹਨ। ਲੋਕ ਸ਼ਸਤਰਾਂ ਦੀ ਹਰੇਕ ਧਰਮ ਵਿਚ ਖ਼ਾਸ ਮਹੱਤਤਾ ਹੈ। ਜਿੱਥੇ ਸਿੱਖ ਧਰਮ ਵਿਚ ਲੋਕ ਸ਼ਸਤਰਾਂ ਦੀ ਅਹਿਮ ਭੂਮਿਕਾ ਹੈ ਉੱਥੇ ਹਿੰਦੂ ਧਰਮ ਵਿਚ ਵੀ ਸ਼ਸਤਰਾਂ ਨੂੰ ਮਨਫ਼ੀ ਨਹੀਂ ਕੀਤਾ ਜਾ ਸਕਦਾ। ਧਰਮ ਵਿਚ ਲੋਕ ਸ਼ਸਤਰ ਅਹਿਮ ਭੂਮਿਕਾ ਨਿਭਾਉਂਦੇ ਹਨ। ਵੱਖ-ਵੱਖ ਧਰਮਾਂ ਵਿਚ ਲੋਕ ਸ਼ਸਤਰਾਂ ਦੀ ਵਰਤੋਂ ਅਤੇ ਅਹਿਮੀਅਤ ਵੀ ਵੱਖਰੀ ਹੁੰਦੀ ਹੈ। ਸ਼ਸਤਰਾਂ ਨਾਲ ਜਦੋਂ ਮਿੱਥਾਂ ਜੁੜ ਜਾਂਦੀਆ ਹਨ ਤਾਂ ਇਹ ਧਾਰਮਿਕ ਪੱਖੋਂ ਹੋਰ ਵੀ ਮਹੱਤਵਪੂਰਨ ਬਣ ਜਾਂਦੇ ਹਨ। ਧਾਰਮਿਕ ਮਿਥਿਹਾਸ ਵਿਚ ਸ਼ਸਤਰਾਂ ਦਾ ਖ਼ਾਸ ਮਹੱਤਵ ਹੈ। ਮਿਥਿਹਾਸ ਅਤੇ ਧਰਮ ਲੋਕ ਸ਼ਸਤਰਾਂ ਨੂੰ ਸ਼ਕਤੀ ਪ੍ਰਦਾਨ ਕਰਦੇ ਹਨ, ਜਦੋਂ ਕਿਸੇ ਕੌਮ ਦੀ ਆਸਥਾ ਇਨ੍ਹਾਂ ਨਾਲ ਜੁੜ ਜਾਂਦੀ ਹੈ ਤਾਂ ਇਹ ਪਵਿੱਤਰ ਸ਼ਕਤੀ ਦੇ ਧਾਰਨੀ ਹੋ ਜਾਂਦੇ ਹਨ ਜਿਵੇਂ : ਦੁਰਗਾ ਮਾਤਾ ਦੇ ਸ਼ਸਤਰ, ਸ਼ਿਵ ਜੀ ਦਾ ਤ੍ਰਿਸ਼ੂਲ, ਸ੍ਰੀ ਹਰਿਗੋਬਿੰਦ ਸਾਹਿਬ ਜੀ ਦੁਆਰਾ ਧਾਰਨ ਕੀਤੀਆਂ ਮੀਰੀ-ਪੀਰੀ ਦੀਆਂ ਕ੍ਰਿਪਾਨਾਂ, ਗੁਰੂ ਗੋਬਿੰਦ ਸਿੰਘ ਜੀ ਦੀ ਭਗੌਤੀ, ਪਰਸੂਰਾਮ ਜੀ ਦਾ ਕੁਹਾੜਾ (ਪਰਸਾ) ਆਦਿ ਦੈਵੀ ਸ਼ਕਤੀਆਂ ਦੇ ਧਾਰਨੀ ਮੰਨੇ ਜਾਂਦੇ ਹਨ। ਮਿਥਿਹਾਸ ਵੀ ਲੋਕ ਸ਼ਸਤਰਾਂ ਨੂੰ ਲੋਕ ਸ਼ਸਤਰ ਬਣਾਉਣ ਵਿਚ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਸ਼ਸਤਰਾਂ ਨਾਲ ਜਦੋਂ ਧਾਰਮਿਕ ਅਤੇ ਮਿਥਿਹਾਸਕ ਪੱਖ ਜੁੜ ਜਾਂਦੇ ਹਨ ਤਾਂ ਇਹ ਲੋਕ ਮਾਨਸਿਕਤਾ ਦਾ ਅੰਗ ਬਣ ਜਾਂਦੇ ਹਨ। ਇਨ੍ਹਾਂ ਧਾਰਮਿਕ ਅਤੇ ਮਿਥਿਹਾਸਕ ਪੱਖਾਂ ਦੇ ਆਧਾਰ

'ਤੇ ਲੋਕ ਸਮੂਹ ਦੇ, ਲੋਕ ਸ਼ਸਤਰਾਂ ਨਾਲ ਕਈ ਪ੍ਰਕਾਰ ਦੇ ਵਿਸ਼ਵਾਸ ਜੁੜ ਜਾਂਦੇ ਹਨ ਜੋ ਇਨ੍ਹਾਂ ਨੂੰ ਲੋਕ (folk) ਦਾ ਹਿੱਸਾ ਬਣਾਉਂਦੇ ਹਨ। ਜਿਵੇਂ ਤ੍ਰਿਸ਼ੂਲ, ਖੰਡਾ, ਕ੍ਰਿਪਾਨ ਆਦਿ ਸ਼ਸਤਰ ਵਿਭਿੰਨ ਧਰਮਾਂ ਵਿਚ ਅਹਿਮੀਅਤ ਰੱਖਦੇ ਹਨ ਅਤੇ ਲੋਕ ਮਾਨਸਿਕਤਾ ਵਿਚ ਵੱਸ ਗਏ ਹਨ। ਮਿੱਥਾਂ ਅਤੇ ਲੋਕ ਵਿਸ਼ਵਾਸ ਲੋਕ ਧਰਮ ਦਾ ਅਹਿਮ ਹਿੱਸਾ ਹਨ ਅਤੇ ਲੋਕ ਧਰਮ ਵਿਚ ਲੋਕ ਸ਼ਸਤਰਾਂ ਦੀ ਆਪਣੀ ਮਹੱਤਤਾ ਹੈ।

ਪੰਜਾਬੀ ਸਮਾਜ ਵਿਚ ਖ਼ਾਸ ਮੌਕਿਆਂ 'ਤੇ ਵਿਭਿੰਨ ਰਹੁ-ਰੀਤਾਂ ਦਾ ਨਿਭਾਓ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਰਹੁ-ਰੀਤਾਂ ਪਿੱਛੇ ਕਈ ਲੋਕ ਵਿਸ਼ਵਾਸ ਕਾਰਜਸ਼ੀਲ ਹੁੰਦੇ ਹਨ। ਜੋ ਲੋਕ ਧਰਮ ਦਾ ਅਹਿਮ ਅੰਗ ਹਨ।

**ਰੀਵਲ ਬੌਸਵੈੱਲ** ਅਨੁਸਾਰ- ਵਿਸ਼ਵਾਸ ਪਰੰਪਰਾਗਤ ਤੌਰ 'ਤੇ ਪ੍ਰਵਾਨ ਕਰ ਲਈ ਗਈ ਧਾਰਨਾ ਹੈ ਜਿਸ ਵਿਚ ਅਜਿਹੇ ਅਦਭੁਤ ਪਰਾ-ਸਰੀਰਕ ਵਿਸ਼ਵਾਸ ਵੀ ਆ ਜਾਂਦੇ ਹਨ, ਜਿਨ੍ਹਾਂ ਨੂੰ ਲੋਕਾਂ ਨਾਲ ਸੰਬੰਧਿਤ ਕਰਨ ਅਤੇ ਪ੍ਰਭਾਵ ਦੀ ਭਾਵਾਤਮਕ ਸਾਂਝ ਦੇ ਨਤੀਜੇ ਵਜੋਂ ਉਸਰਨ ਵਿਚ ਅਣਗਿਣਤ ਪੀੜ੍ਹੀਆਂ ਬੀਤ ਚੁੱਕੀਆਂ ਹਨ। 'ਵਿਸ਼ਵਾਸ' ਸ਼ਬਦ ਵਿਚ ਸਾਰੀਆਂ ਭਾਵਾਤਮਕ ਜਾਂ ਤਰਕ ਰਹਿਤ ਭਾਵਨਾਵਾਂ ਸੰਮਿਲਤ ਹਨ।[3]

ਲੋਕ ਧਰਮ ਵਿਚ ਬਲੀ ਦੇਣ ਦੀ ਰਵਾਇਤ ਪ੍ਰਾਚੀਨ ਸਮੇਂ ਤੋਂ ਹੀ ਪ੍ਰਚੱਲਿਤ ਰਹੀ ਹੈ। ਅਤੇ ਬਲੀ ਨਾਲ ਜੁੜੀਆਂ ਕਈ ਰਸਮਾਂ ਰੀਤਾਂ ਵੀ ਪੰਜਾਬੀ ਸਮਾਜ ਅਤੇ ਖ਼ਾਸ ਕਰ ਕਬੀਲਾ ਸਮਾਜ ਵਿਚ ਦੇਖਣ ਨੂੰ ਮਿਲਦੀਆਂ ਹਨ। ਪ੍ਰਾਚੀਨ ਸਮਾਜਾਂ ਵਿਚ ਨਰ ਬਲੀ ਪ੍ਰਚੱਲਿਤ ਸੀ ਜੋ ਸਮਾਂ ਪਾ ਕੇ ਰੂਪ ਬਦਲਦੀ ਹੋਈ ਪਸ਼ੂ ਬਲੀ ਅਤੇ ਫਿਰ ਖ਼ਾਧ ਪਦਾਰਥਾਂ ਦੀ ਬਲੀ ਵਿਚ ਤਬਦੀਲ ਹੁੰਦੀ ਹੈ। ਕਬੀਲਿਆਂ ਦਾ ਮੁੱਖ ਧੰਦਾ ਪਸ਼ੂ ਪਾਲਣਾ ਰਿਹਾ ਹੈ। ਪਸ਼ੂਆਂ ਦੀ ਅਤੇ ਮਾਨਵੀ ਖ਼ੁਸ਼ਹਾਲੀ ਲਈ ਬਲੀ ਦੇਣ ਦੀ ਰਸਮ ਪਰੰਪਰਾ ਵਿਚ ਪਈ ਹੋਈ ਹੈ। ਵਿਭਿੰਨ ਕਬੀਲਿਆਂ ਵਿਚ ਬਲੀ ਦੇਣ ਦੀ ਰਸਮ ਕੀਤੀ ਜਾਂਦੀ ਹੈ। ਬਲੀ ਦੇਣ ਲਈ ਨਰ ਪਸ਼ੂ ਨੂੰ ਤਿਆਰ ਕੀਤਾ ਜਾਂਦਾ ਹੈ। ਬਲੀ ਦੇਣ ਸਮੇਂ ਛੁਰੀ, ਦਾਤਰ, ਤਲਵਾਰ ਆਦਿ ਸ਼ਸਤਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਵਿਚੋਂ ਕਿਸੇ ਇਕ ਸ਼ਸਤਰ ਦੀ ਵਰਤੋਂ ਕਰਦੇ ਹੋਏ ਸੰਬੰਧਿਤ ਪਸ਼ੂ ਨੂੰ ਹਲਾਲ ਕਰ ਦਿੱਤਾ ਜਾਂਦਾ ਹੈ। ਬੌਰੀਆ ਕਬੀਲੇ ਵਿਚ ਝੋਟੇ ਦੀ ਬਲੀ ਦੇ ਕੇ ਟੋਟਮ ਵਾਲੀ ਚਾਦਰ ਉੱਪਰ ਬਲੀ ਹੋਏ ਪਸ਼ੂ ਦੇ ਖ਼ੂਨ ਦੇ ਛਿੱਟੇ ਪਾਏ ਜਾਂਦੇ ਹਨ। ਅਜਿਹਾ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਪ੍ਰਕਾਰ ਟੋਟਮ ਖ਼ੁਸ਼ ਹੋ ਜਾਂਦਾ ਹੈ ਅਤੇ ਕਈ ਪ੍ਰਕਾਰ ਦੀਆਂ ਕਰੋਪੀਆਂ ਤੋਂ ਉਸ ਕਬੀਲੇ ਦੀ ਰੱਖਿਆ ਕਰਦਾ ਹੈ।

ਪੰਜਾਬੀ ਸਮਾਜ ਵਿਚ ਵੀ ਕਈ ਇਸ ਤਰ੍ਹਾਂ ਦੀਆਂ ਰਸਮਾਂ-ਰੀਤਾਂ ਵੇਖਣ ਨੂੰ ਮਿਲਦੀਆਂ ਹਨ ਜਿਨ੍ਹਾਂ ਵਿਚ ਲੋਕ ਸ਼ਸਤਰਾਂ ਦੀ ਵਰਤੋਂ ਵਸਤੂ ਸਮੱਗਰੀ ਵਜੋਂ ਕੀਤੀ ਜਾਂਦੀ ਹੈ। ਉਦਾਹਰਨ ਵਜੋਂ ਵਿਆਹ ਪ੍ਰਬੰਧ ਦੌਰਾਨ ਲਾੜੇ ਦਾ ਹੱਥ ਵਿਚ ਕਿਰਪਾਨ ਫੜ੍ਹਨਾ। ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤੱਕ ਲੋਕ ਸ਼ਸਤਰਾਂ ਨਾਲ ਜੁੜੇ ਵਿਸ਼ਵਾਸ ਨਾਲ ਨਾਲ ਚਲਦੇ ਹਨ। ਜਦੋਂ ਬੱਚਾ ਜੰਮਦਾ ਹੈ ਤਾਂ ਉਸਨੂੰ ਭੂਤ ਪ੍ਰੇਤਾਂ ਬਦਰੂਹਾਂ, ਜਾਦੂ-ਟੂਣਿਆਂ ਆਦਿ ਤੋਂ ਬਚਾਉਣ ਲਈ ਕਈ ਜੁਗਤਾਂ ਘੜੀਆਂ ਜਾਂਦੀਆਂ ਹਨ। ਉਦਾਹਰਨ ਵਜੋਂ ਨਵਜੰਮੇ ਬੱਚੇ ਦੇ ਸਿਰਹਾਣੇ ਚਾਕੂ ਰੱਖਿਆ ਜਾਂਦਾ ਹੈ ਅਤੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਲੋਹੇ ਦਾ ਚਾਕੂ ਅੰਗ ਸੰਗ ਰੱਖਣ ਨਾਲ ਬੱਚਾ ਬਦਰੂਹਾਂ ਦੇ ਬੁਰੇ ਪ੍ਰਭਾਵ ਤੋਂ ਸੁਰੱਖਿਅਤ ਰਹਿੰਦਾ ਹੈ। ਜੰਗਲ ਵਿਚੋਂ ਲੰਘਣ ਸਮੇਂ ਜਾਂ ਉਜਾੜ ਥਾਵਾਂ 'ਤੇ ਜਾਣ ਸਮੇਂ ਚਾਕੂ ਕਟਾਰ ਜਾਂ ਗੁਪਤੀ ਜਿਹਾ ਛੋਟਾ ਸ਼ਸਤਰ ਹੱਥ ਵਿਚ ਫੜ ਕੇ ਨਾਲ ਲੈ ਕੇ ਜਾਇਆ ਜਾਂਦਾ ਹੈ ਅਤੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੰਗਲਾਂ

ਵਿਚ ਬਦਰੂਹਾਂ ਦਾ ਵਾਸਾ ਹੁੰਦਾ ਹੈ ਅਤੇ ਲੋਹੇ ਦਾ ਸ਼ਸਤਰ ਇਨ੍ਹਾਂ ਬਦਰੂਹਾਂ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ। ਆਦਿ ਮਾਨਵ ਦੀ ਜ਼ਿੰਦਗੀ ਵਿਚ ਚਾਕੂ ਦੀ ਅਹਿਮ ਭੂਮਿਕਾ ਰਹੀ ਹੈ। ਵਿਭਿੰਨ ਸਭਿਆਚਾਰਾਂ ਵਿਚ ਚਾਕੂ ਦਾ ਚਿਹਨੀਕਰਨ ਕੀਤਾ ਗਿਆ ਹੈ। ਪੁਰਾਤਨ ਲਿਖਤਾਂ, ਮੂਰਤੀਆਂ, ਸ਼ਿਲਾਲੇਖਾਂ ਵਿਚ ਚਾਕੂ ਨੂੰ ਚਿਹਨ ਵਜੋਂ ਵਰਤਿਆ ਗਿਆ ਹੈ। ਗਰਭਵਤੀ ਔਰਤ ਦੇ ਸਿਰਹਾਣੇ ਅਤੇ ਨਵਜੰਮੇ ਬੱਚੇ ਦੇ ਪੰਘੂੜੇ ਵਿਚ ਚਾਕੂ ਰੱਖਿਆ ਜਾਂਦਾ ਹੈ ਅਤੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਬਦਰੂਹਾਂ ਤੋਂ ਸੁਰੱਖਿਆ ਪ੍ਰਦਾਨ ਕਰਦਾ ਹੈ। ਇਸਤੋਂ ਇਲਾਵਾ ਕਈ ਵਾਰ ਮੁਰਦੇ ਨੂੰ ਦਫ਼ਨਾਉਣ ਸਮੇਂ ਉਸਦੇ ਨਾਲ ਚਾਕੂ ਵੀ ਦਫ਼ਨਾਇਆ ਜਾਂਦਾ ਹੈ ਅਤੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਅਗਲੇ ਜਹਾਨ ਵਿਚ ਉਸਦੀ ਸੁਰੱਖਿਆ ਕਰੇਗਾ। ਇਸ ਪ੍ਰਕਾਰ ਕਈ ਹੋਰ ਲੋਕ ਵਿਸ਼ਵਾਸ ਮਿਲਦੇ ਹਨ, ਜਿਨ੍ਹਾਂ ਦਾ ਸੰਬੰਧ ਸਿੱਧੇ ਅਸਿੱਧੇ ਢੰਗ ਨਾਲ ਸ਼ਸਤਰਾਂ ਨਾਲ ਜੁੜਦਾ ਹੈ। ਮਨੁੱਖ ਦੇ ਜਨਮ ਤੋਂ ਪਹਿਲਾਂ ਲੋਕ ਸ਼ਸਤਰਾਂ ਨਾਲ ਜੁੜੇ ਲੋਕ ਵਿਸ਼ਵਾਸਾਂ ਦਾ ਆਰੰਭ ਹੋ ਜਾਂਦਾ ਹੈ ਅਤੇ ਮਰਨ ਦੀਆਂ ਰਸਮਾਂ ਰੀਤਾਂ ਤੱਕ ਲੋਕ ਵਿਸ਼ਵਾਸਾਂ ਦਾ ਇਹ ਸਫ਼ਰ ਜੀਵਨ ਵਿਹਾਰ ਦੇ ਨਾਲ ਨਾਲ ਚਲਦਾ ਹੈ। ਬੇਸ਼ੱਕ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਬਦਰੂਹਾਂ ਅਤੇ ਬੁਰੀਆਂ ਤਾਕਤਾਂ ਤੋਂ ਬਚਾਉਂਦੇ ਹਨ ਪਰ ਹਰੇਕ ਲੋਕ ਵਿਸ਼ਵਾਸ ਮਨੁੱਖ ਦੀ ਮਾਨਸਿਕਤਾ ਵਿਚ ਸੁਰੱਖਿਆ ਭਾਵਨਾ ਦੇ ਤਹਿਤ ਜੁੜਿਆ ਹੁੰਦਾ ਹੈ। ਲੋਕ ਸ਼ਸਤਰ ਸੁਰੱਖਿਆ ਦੇ ਉਦੇਸ਼ ਹਿੱਤ ਕੋਲ ਰੱਖਿਆ ਜਾਂਦਾ ਹੈ। ਲੋਕ ਸਾਹਿਤ, ਲੋਕ ਧੰਦੇ, ਲੋਕ ਜੀਵਨ ਵਿਹਾਰ, ਧਰਮ, ਰਾਜਨੀਤਿਕ ਅਤੇ ਸਮਾਜਕ ਪ੍ਰਬੰਧ ਨਾਲ ਜੁੜੇ ਹੋਣ ਕਰਕੇ ਲੋਕ ਸ਼ਸਤਰ, ਲੋਕ ਮਾਨਸਿਕਤਾ ਦਾ ਅੰਗ ਬਣ ਚੁੱਕੇ ਹਨ। ਇਨ੍ਹਾਂ ਨੂੰ ਪੰਜਾਬੀ ਜਨਜੀਵਨ ਵਿਚੋਂ ਮਨਫ਼ੀ ਨਹੀਂ ਕੀਤਾ ਜਾ ਸਕਦਾ। ਇਸੇ ਪ੍ਰਕਾਰ ਲੋਕ ਧਰਮ ਵੀ ਲੋਕ ਮਾਨਸਿਕਤਾ ਵਿਚ ਵੱਸਿਆ ਹੈ ਜੋ ਸਾਡੇ ਜੀਵਨ ਵਿਹਾਰ ਦਾ ਅਹਿਮ ਪੱਖ ਬਣ ਚੁੱਕਾ ਹੈ। ਸਿੱਧੇ ਅਸਿੱਧੇ ਹਰ ਮਨੁੱਖ ਦੇ ਜੀਵਨ ਵਿਚ ਲੋਕ ਧਰਮ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ।

ਲੋਕ ਸ਼ਸਤਰਾਂ ਵਿਚ ਕਿਸੇ ਖ਼ਾਸ ਲੋਕ ਸ਼ਸਤਰ ਨੂੰ ਕਿਸੇ ਖ਼ਾਸ/ਵਿਸ਼ਿਸ਼ਟ ਧਰਮ ਨਾਲ ਜੋੜ ਕੇ ਨਹੀਂ ਵੇਖਿਆ ਜਾਂਦਾ ਬਲਕਿ ਵਿਭਿੰਨ ਧਰਮਾਂ ਵਿਚ ਇਨ੍ਹਾਂ ਦੀ ਵਰਤੋਂ ਹੁੰਦੀ ਹੈ ਇਹ ਸਭ ਧਰਮਾਂ ਵਿਚ ਸਾਂਝੇ ਤੌਰ ’ਤੇ ਵਰਤੇ ਜਾਂਦੇ ਹਨ। ਉਦਾਹਰਨ ਵਜੋਂ ਕਿਰਪਾਨ ਸਿੱਖ ਧਰਮ ਵਿਚ ਖ਼ਾਸ ਮਹੱਤਤਾ ਦੀ ਧਾਰਨੀ ਹੈ, ਇਹ ਸਿੱਖਾਂ ਦੇ ਪੰਜ ਕਕਾਰਾਂ ਵਿਚ ਸ਼ਾਮਿਲ ਹੈ। ਮੀਰੀ ਪੀਰੀ ਦੇ ਸੰਕਲਪ ਦੇ ਕਾਰਨ ਵੀ ਸਿੱਖ ਧਰਮ ਵਿਚ ਕਿਰਪਾਨ ਦਾ ਅਹਿਮ ਸਥਾਨ ਹੈ। ਇਸ ਤੋਂ ਇਲਾਵਾ ਹਿੰਦੂ ਧਰਮ ਵਿਚ ਵੀ ਦੁਰਗਾ ਦੇਵੀ ਦੇ ਹੱਥ ਵਿਚ ਕਿਰਪਾਨ ਸੋਭਦੀ ਹੈ। ਸੋ ਲੋਕ ਸ਼ਸਤਰ ਹਰੇਕ ਧਰਮ ਦਾ ਸਾਂਝਾ ਹੁੰਦਾ ਹੈ। ਇਸੇ ਪ੍ਰਕਾਰ ਲੋਕ ਧਰਮ ਵੀ ਹਰ ਵਰਗ ਦਾ ਸਾਂਝਾ ਧਰਮ ਮੰਨਿਆ ਗਿਆ ਹੈ। ਲੋਕ ਧਰਮ, ਲੋਕ ਭਾਵਨਾ ਨਾਲ ਜੁੜਿਆ ਹੋਇਆ ਲੋਕਾਂ ਦਾ ਧਰਮ ਹੈ। ਸਿੱਖ ਧਰਮ, ਹਿੰਦੂ ਧਰਮ, ਮੁਸਲਿਮ ਧਰਮ, ਬੁੱਧ ਧਰਮ ਆਦਿ ਵਿਚ ਸ਼ਸਤਰਾਂ ਦੀ ਆਪਣੀ ਭੂਮਿਕਾ ਹੈ ਅਤੇ ਇਨ੍ਹਾਂ ਵਿਭਿੰਨ ਧਰਮਾਂ ਦਾ ਸੁਮੇਲ ਲੋਕ ਧਰਮ ਹੈ। ਸੋ ਲੋਕ ਸ਼ਸਤਰ ਅਤੇ ਲੋਕ ਧਰਮ ਆਪਸ ਵਿਚ ਅੰਤਰ-ਸੰਬੰਧਿਤ ਹਨ। ਵਿਭਿੰਨ ਪੂਜਾ ਵਿਧੀਆਂ ਜਿੱਥੇ ਲੋਕ ਧਰਮ ਦਾ ਅੰਗ ਹਨ ਉੱਥੇ ਲੋਕ ਸ਼ਸਤਰਾਂ ਦੀ ਸਾਂਭ ਸੰਭਾਲ ਨਾਲ ਵੀ ਵਿਸ਼ੇਸ਼ ਨਿਯਮਾਵਲੀ ਅਤੇ ਵਿਧੀ ਜੁੜੀ ਹੋਈ ਹੈ। ਧਾਰਮਿਕ ਸਥਾਨਾਂ ’ਤੇ ਪਏ ਸ਼ਸਤਰਾਂ ਨੂੰ ਵਿਸ਼ੇਸ਼ ਨਿਯਮਾਵਲੀ ਦੇ ਤਹਿਤ ਰੱਖਿਆ ਜਾਂਦਾ ਹੈ। ਇਨ੍ਹਾਂ ਸ਼ਸਤਰਾਂ ਦੇ ਰੱਖ ਰਖਾਵ ਨਾਲ ਜੁੜੀਆਂ ਕਈ ਰਹਿਤ ਮਰਯਾਦਾਵਾਂ ਪ੍ਰਚੱਲਿਤ ਹਨ, ਜਿਨ੍ਹਾਂ ਦਾ ਨਿਭਾਓ ਪੂਰੀ ਸ਼ਰਧਾ ਭਾਵਨਾ ਦੇ ਤਹਿਤ ਕੀਤਾ ਜਾਂਦਾ ਹੈ। ਹਿੰਦੂ ਧਰਮ ਵਿਚ ਸ਼ਸਤਰ ਪੂਜਾ ਨੂੰ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਲੋਕ ਮਾਨਸ ਦੀ ਸ਼ਰਧਾ ਭਾਵਨਾ ਜਿੱਥੇ ਲੋਕ ਧਰਮ ਨਾਲ ਜੁੜੀ ਹੋਈ ਹੈ, ਉੱਥੇ ਲੋਕ ਸ਼ਸਤਰਾਂ ਪ੍ਰਤੀ ਸਤਿਕਾਰ

ਅਤੇ ਸ਼ਰਧਾ ਵੀ ਵੱਡੇ ਪੱਧਰ ’ਤੇ ਵੇਖੀ ਜਾ ਸਕਦੀ ਹੈ। ਸਿੱਖ ਧਰਮ ਵਿਚ ਸਿੱਖ ਗੁਰੂਆਂ ਦੀ ਛੋਹ ਪ੍ਰਾਪਤ ਸ਼ਸਤਰ ਦਰਸ਼ਨ ਨਾਲ ਸੰਬੰਧਿਤ ਨਗਰ ਕੀਰਤਨ ਕੱਢਿਆ ਗਿਆ ਤਾਂ ਸੰਗਤਾਂ ਦੇ ਉਮੜਦੇ ਸੈਲਾਬ ਅਤੇ ਉਨ੍ਹਾਂ ਦੀ ਸ਼ਰਧਾ ਭਾਵਨਾ ਵੱਡੇ ਪੱਧਰ ’ਤੇ ਦੇਖੀ ਜਾ ਸਕਦੀ ਸੀ। ਇਨ੍ਹਾਂ ਸ਼ਸਤਰਾਂ ਦੇ ਦਰਸ਼ਨ ਕਰਨ ਲਈ ਸੰਗਤਾਂ ਦੂਰ-ਦੁਰਾਡੇ ਦੇ ਖੇਤਰਾਂ ਤੋਂ ਪਹੁੰਚੀਆਂ। ਮੁੱਢ ਕਦੀਮ ਤੋਂ ਹੀ ਸ਼ਸਤਰਾਂ ਦੀ ਮਨੁੱਖੀ ਜ਼ਿੰਦਗੀ ਵਿਚ ਅਹਿਮ ਭੂਮਿਕਾ ਰਹੀ ਹੈ, ਮਨੁੱਖ ਨੇ ਆਪਣੇ ਬਚ ਬਚਾਵ ਲਈ ਹੌਲੀ-ਹੌਲੀ ਇਨ੍ਹਾਂ ਦੀ ਵਰਤੋਂ ਵੱਡੇ ਪੱਧਰ ’ਤੇ ਕਰਨੀ ਸ਼ੁਰੂ ਕਰ ਦਿੱਤੀ ਅਤੇ ਇਵੇਂ ਹੀ ਇਨ੍ਹਾਂ ਨਾਲ ਵੱਖ-ਵੱਖ ਤਰ੍ਹਾਂ ਦੇ ਬਹੁਤ ਸਾਰੇ ਸਮਾਜਕ, ਸਭਿਆਚਾਰਕ ਮੁੱਲ ਵੀ ਜੁੜਨੇ ਸ਼ੁਰੂ ਹੋ ਗਏ।

ਜਾਦੂ-ਟੂਣਾ ਚਿੰਤਨ ਜਿੱਥੇ ਲੋਕ ਧਰਮ ਦਾ ਇਕ ਹਿੱਸਾ ਹੈ ਉੱਥੇ ਲੋਕ ਸ਼ਸਤਰਾਂ ਨਾਲ ਵੀ ਜਾਦੂ-ਟੂਣੇ ਦਾ ਸੰਬੰਧ ਬਹੁਤ ਨੇੜਤਾ ਵਾਲਾ ਹੈ। ਕਾਲਾ ਜਾਦੂ ਕਰਦੇ ਸਮੇਂ ਜਾਂ ਹੋਰ ਕਈ ਪ੍ਰਕਾਰ ਦੇ ਜਾਦੂ ਕਰਦੇ ਸਮੇਂ ਚਾਕੂ ਦਾ ਇਸਤੇਮਾਲ ਆਮ ਹੀ ਕੀਤਾ ਜਾਂਦਾ ਹੈ। ਉਦਾਹਰਨ ਵਜੋਂ ਚਾਕੂ ਦੇ ਨਾਲ ਕਿਸੇ ਗੁੱਡੇ ਜਾਂ ਗੁੱਡੀ ਦਾ ਸਿਰ ਕੱਟਣਾ ਜਾਂ ਹੱਥ ਪੈਰ ਕੱਟਣੇ ਤਾਂ ਜੋ ਸੰਬੰਧਿਤ ਵਿਅਕਤੀ ਨੂੰ ਨੁਕਸਾਨ ਪਹੁੰਚਾਇਆ ਜਾ ਸਕੇ। ਇਸ ਤੋਂ ਇਲਾਵਾ ਵਿਭਿੰਨ ਅਨੁਸ਼ਠਾਨਾਂ ਵਿਚ ਵੀ ਲੋਕ ਸ਼ਸਤਰਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ।

ਲੋਕ ਧਰਮ ਨਾਲ ਜੁੜੇ ਧਾਰਮਿਕ ਅਸਥਾਨਾਂ ਤੇ ਵਿਸ਼ਿਸ਼ਟ ਧਰਮ ਨਾਲ ਜੁੜੇ ਵਿਭਿੰਨ ਗੁਰੂਆਂ, ਪੀਰ-ਪੈਗੰਬਰਾਂ ਦੀ ਪੂਜਾ ਅਰਚਨਾ ਕੀਤੀ ਜਾਂਦੀ ਹੈ। ਅਤੇ ਵਿਭਿੰਨ ਫਿਰਕਿਆਂ ਦੇ ਲੋਕਾਂ ਨਾਲ ਸੰਬੰਧਿਤ ਲੋਕ ਵੀ ਇੱਥੇ ਦੇਖਣ ਨੂੰ ਮਿਲਦੇ ਹਨ। ਇਨ੍ਹਾਂ ਥਾਂਵਾਂ ’ਤੇ ਤ੍ਰਿਸ਼ੂਲ, ਧਨੁੱਖ, ਕਿਰਪਾਨ, ਤੀਰ ਆਦਿ ਵੀ ਵੇਖੇ ਜਾ ਸਕਦੇ ਹਨ। ਸ਼ਿਵ ਜੀ ਨੂੰ ਆਦਿ ਕਾਲ ਤੋਂ ਲੋਕ ਦੇਵਤਾ ਮੰਨਿਆ ਜਾਂਦਾ ਹੈ ਅਤੇ ਸ਼ਿਵ ਦੇ ਧਨੁੱਖ ਦਾ ਹਿੰਦੂ ਧਰਮ ਵਿਚ ਖ਼ਾਸ ਸਥਾਨ ਹੈ। ਜਿਸਦੇ ਨਾਲ ਜੁੜੀਆਂ ਕਈ ਮਿਥਿਹਾਸਕ ਘਟਨਾਵਾਂ ਮਿਲਦੀਆਂ ਹਨ ਜਾਂ ਬਹੁਤ ਸਾਰੇ ਜੁੜੇ ਮਿਥਿਹਾਸਕ ਹਵਾਲੇ ਮਿਲਦੇ ਹਨ।

ਲੋਕ ਸਾਹਿਤ ਵਿਚ ਲੋਕ ਧਰਮ ਅਤੇ ਲੋਕ ਸ਼ਸਤਰਾਂ ਦੀ ਸਾਂਝ ਵੇਖੀ ਜਾ ਸਕਦੀ ਹੈ। ਲੋਕ ਧਰਮ ਅਤੇ ਲੋਕ ਸ਼ਸਤਰਾਂ ਵਾਂਗ ਲੋਕ ਸਾਹਿਤ ਵੀ ਲੋਕਧਾਰਾ ਦਾ ਅਹਿਮ ਹਿੱਸਾ ਹੈ। ਲੋਕ ਸਾਹਿਤ, ਭਾਸ਼ਾ ਰਾਹੀਂ ਲੋਕ ਮਨ ਦੀ ਤਰਜਮਾਨੀ ਕਰਦਾ ਹੈ।

**ਡਾ. ਸੁਹਿੰਦਰ ਸਿੰਘ ਬੇਦੀ** ਅਨੁਸਾਰ ਲੋਕ ਸਾਹਿਤ ਮਨੁੱਖੀ ਭਾਵਨਾਵਾਂ ਦੇ ਅਨੁਭਵ ਨੂੰ ਦਰਸਾਉਂਦੀ ਹੋਈ ਅਜਿਹੀ ਰਚਨਾ ਹੈ ਜਿਸ ਨੂੰ ਪੜ੍ਹੇ-ਲਿਖੇ ਵਿਸ਼ਿਸ਼ਟ ਤੇ ਕਲਾਵਾਨਾਂ ਦੀ ਥਾਂ ਸਰਲ ਚਿੱਤ ਤੇ ਸਰਲਬੁੱਧੀ ਲੋਕ ਰਚਦੇ ਹਨ। ਇਸ ਉੱਤੇ ਜਨ ਸਮੂਹ ਜਾਂ ਉਸਦੀ ਬਹੁ-ਗਿਣਤੀ ਦੀ ਪ੍ਰਵਾਨਗੀ ਦੀ ਮੁਹਰ ਹੋਣੀ ਵੀ ਜ਼ਰੂਰੀ ਹੈ, ਲੋਕਾਂ ਦੀ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਰਚਨਾ ਲੋਕ ਸਾਹਿਤ ਦਾ ਰੂਪ ਧਾਰਨ ਨਹੀਂ ਕਰ ਸਕਦੀ। ਲੋਕ ਸਾਹਿਤ ਲਈ ਸਰਲਤਾ, ਸਪੱਸ਼ਟਤਾ, ਮਧੁਰਤਾ, ਸੁਭਾਵਿਕਤਾ ਵਰਗੇ ਗੁਣ ਵਧੇਰੇ ਕਾਰਗਰ ਹੁੰਦੇ ਹਨ।[4]

ਲੋਕ ਸਾਹਿਤ, ਸਾਹਿਤ ਵਾਂਗ ਲਿਖਤੀ ਰੂਪ ਵਿਚ ਬੱਝਾ ਨਹੀਂ ਹੁੰਦਾ। ਇਹ ਮੌਖਿਕ ਰੂਪ ਵਿਚ ਪੀੜ੍ਹੀ ਦਰ ਪੀੜ੍ਹੀ ਚਲਦਾ ਹੈ। ਇਹੋ ਕਾਰਨ ਹੈ ਕਿ ਇਹ ਗਤੀਸ਼ੀਲਤਾ ਨੂੰ ਗ੍ਰਹਿਣ ਕਰਦਾ ਹੋਇਆ ਪਰਿਵਰਤਨਸ਼ੀਲਤਾ ਦਾ ਧਾਰਨੀ ਬਣਦਾ ਹੈ। ਇਸਨੂੰ ਲੋਕ ਸਮੂਹ ਦੀ ਪ੍ਰਵਾਨਗੀ ਪ੍ਰਾਪਤ ਹੁੰਦੀ ਹੈ। ਨਿਰਸੰਦੇਹ ਇਹ ਅਜਿਹਾ ਸਾਹਿਤ ਹੈ ਜਿਸਦੀ ਰਚਨਾ ਪਹਿਲਾਂ-ਪਹਿਲ ਕੋਈ ਵਿਅਕਤੀ ਵਿਸ਼ੇਸ਼ ਹੀ ਕਰਦਾ ਹੈ ਅਤੇ ਫਿਰ ਇਹ ਵਿਅਕਤੀ ਵਿਸ਼ੇਸ਼ ਸਮੇਂ ਦੀ ਧੁੰਦ ਵਿਚ ਗੁਆਚ ਜਾਂਦਾ ਹੈ ਜਿਸਦੇ ਨਾਲ ਸਾਹਿਤ ਤੋਂ ਲੇਖਕ ਦੀ ਨਿੱਜੀ ਛਾਪ ਮਿੱਟ ਜਾਂਦੀ

ਹੈ ਅਤੇ ਲੋਕ ਪ੍ਰਵਾਨਗੀ ਦੇ ਨਾਲ ਇਹ ਲੋਕ ਸਾਹਿਤ ਬਣ ਜਾਂਦਾ ਹੈ। ਲੋਕ ਸਾਹਿਤ ਵਿਚ ਜਿੱਥੇ ਲੋਕ ਜਨਜੀਵਨ ਦੀ ਝਲਕ ਮਿਲਦੀ ਹੈ ਉੱਥੇ ਸਮਾਜਕ, ਰਾਜਨੀਤਿਕ, ਧਾਰਮਿਕ ਪਰਿਪੇਖ ਵੀ ਉਸਰੇ ਵੇਖੇ ਜਾ ਸਕਦੇ ਹਨ। ਲੋਕ ਸਾਹਿਤ ਵਿਚ ਧਰਮ ਅਤੇ ਲੋਕ ਸ਼ਸਤਰਾਂ ਦਾ ਜ਼ਿਕਰ ਵਿਭਿੰਨ ਪ੍ਰਸੰਗਾਂ ਵਿਚ ਆਉਂਦਾ ਹੈ। ਇਸ ਲਈ ਹੇਠ ਲਿਖੀਆਂ ਸਤਰਾਂ ਨੂੰ ਉਦਾਹਰਨ ਵਜੋਂ ਵੇਖਿਆ ਜਾ ਸਕਦਾ ਹੈ:-

ਰਾਣੀ ਪੂਜੇ ਭਾਗ ਨੂੰ, ਸੁਹਾਗ ਨੂੰ
ਗੁਰੂ ਧਿਆ ਕੇ ਉੱਠ ਫੜ੍ਹ ਤਲਵਾਰ
ਇਕ ਪ੍ਰਨਾਮ, ਦੋ ਪ੍ਰਨਾਮ, ਤ੍ਰੈ ਪ੍ਰਨਾਮ।[5]

ਲੋਕ ਗੀਤ ਦੇ ਇਸ ਟੋਟੇ ਵਿਚ ਲੋਕ ਸਾਹਿਤ, ਲੋਕ ਧਰਮ ਅਤੇ ਲੋਕ ਸ਼ਸਤਰ ਦਾ ਖ਼ੂਬਸੂਰਤ ਸੁਮੇਲ ਦੇਖਣ ਨੂੰ ਮਿਲਦਾ ਹੈ। ਪੰਜਾਬ ਦੀ ਧਰਤੀ ਜੰਗਾਂ, ਯੁੱਧਾਂ ਦੀ ਧਰਤੀ ਹੋਣ ਕਰਕੇ ਇੱਥੋਂ ਦੇ ਲੋਕਾਂ ਦੀ ਜ਼ਿੰਦਗੀ ਵਿਚ ਸ਼ਸਤਰਾਂ ਦਾ ਖ਼ਾਸ ਸਥਾਨ ਰਿਹਾ ਹੈ। ਸ਼ਸਤਰਾਂ ਦੀ ਉਪਯੋਗਤਾ ਕਾਰਨ ਇਨ੍ਹਾਂ ਦੇ ਨਾਲ ਕਈ ਪੂਜਾ ਵਿਧੀਆਂ ਵੀ ਜੁੜ ਗਈਆਂ ਹਨ। ਉਪਰੋਕਤ ਕਾਵਿ ਸਤਰਾਂ ਵਿਚ ਰਾਣੀ ਜੰਗ ਵਿਚ ਜਾ ਰਹੇ ਰਾਜੇ ਅਰਥਾਤ ਆਪਣੇ ਪਤੀ/ਸੁਹਾਗ ਦੀ ਸਲਾਮਤੀ ਦੀ ਦੁਆ ਕਰਦੀ ਹੋਈ ਜੰਗ ਲਈ ਤਿਆਰ ਕਰਦੀ ਹੈ। ਉਹ ਚੰਗੇ ਭਾਗਾਂ ਦੀ ਕਾਮਨਾ ਕਰਦੀ ਹੋਈ ਤਾਕੀਦ ਕਰਦੀ ਹੈ ਕਿ ਉਹ (ਪਤੀ/ਸੁਹਾਗ) ਪਰਮਾਤਮਾ ਦਾ ਨਾਂ ਲੈ ਕੇ, ਗੁਰੂ ਧਿਆ ਕੇ ਪ੍ਰਨਾਮ ਕਰਕੇ ਹੱਥ ਵਿਚ ਤਲਵਾਰ ਫੜ੍ਹੇ ਅਤੇ ਜੰਗ ਵਿਚ ਫ਼ਤਹਿ ਹੋ ਕੇ ਆਵੇ।

ਤੇਰੇ ਮਾਮੇ ਦਸਰਥ ਤਾਲ ਲਵਾਇਆ
ਹੋ ਸਰਵਣ ਪਾਣੀ ਉੱਥੋਂ ਲਿਆਵੀਂ
ਜਦ ਸਰਵਣ ਨੇ ਗੜਬਾ ਡੁਬਾਇਆ
ਮਾਮੇ ਦਸਰਥ ਤੀਰ ਚਲਾਇਆ।
ਇਹ ਕੀ ਰੱਬਾ ਤੂੰ ਕਹਿਰ ਕਮਾਇਆ
ਮੇਰਾ ਭਾਣਜਾ ਮੇਰੇ ਹੱਥੋਂ ਗਵਾਇਆ।[6]

ਲੋਕ ਸਾਹਿਤ ਆਪਣੇ ਅੰਦਰ ਕਈ ਇਤਿਹਾਸਕ, ਮਿਥਿਹਾਸਕ ਹਵਾਲਿਆਂ ਨੂੰ ਸਮੋਈ ਬੈਠਾ ਹੈ। ਇਹ ਮਿਥਿਹਾਸ ਲੋਕ ਸਾਹਿਤ ਨੂੰ ਸੁਹਜਤਾ ਅਤੇ ਲੋਕ ਧਰਮ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ। ਉਪਰੋਕਤ ਕਾਵਿ ਸਤਰਾਂ ਵਿਚ ਸਰਵਣ ਦੀ ਕਥਾ ਦਾ ਬਿਆਨ ਲੋਕ ਲਹਿਜ਼ੇ ਵਿਚ ਕੀਤਾ ਗਿਆ ਹੈ ਜੋ ਲੋਕ ਸਮੂਹ ਦੇ ਨਾਲ ਪ੍ਰਭਾਵਸ਼ਾਲੀ ਸਾਂਝ ਨੂੰ ਕਾਇਮ ਕਰਦਾ ਹੈ।

ਕਾਲ ਬੁਲੇਂਦੀ ਨਾਰਦ ਪਿਆ ਆਹੰਦਾ ਏ
ਅਲਾਹੁ ਦਾ ਮੰਨ ਫ਼ਰਮਾਨ ਓ ਯਾਰ।
... ਮੈਂ ਮਾਰਿਆ ਰਾਮ ਤੇ ਰਾਵਣ ਨੂੰ
ਮੈਂ ਮਾਰਿਆ ਕੌਰਵਾਂ, ਪਾਂਡਵਾਂ ਦਾ ਅਸਵਸਥਾਮਾ
ਜੈਂਦੀ ਹਰ ਕਹੀਂ ਨੂੰ ਉੱਚੀ ਸ਼ਾਨ ਓ ਯਾਰ
ਮੈਂ ਮਾਰਿਆ ਭੀਮ ਤੇ ਅਰਜਨ
ਭੰਨ ਕੇ ਸੱਟਿਆ ਤੀਰ ਕਮਾਨ ਓ ਯਾਰ
ਮੈਂ ਕੇਤੀ ਮਾਰੇ ਕੇਤੀ ਮਾਰਨੇ

ਮੇਰਾ ਹਰ ਕਹਿੰ ਮੰਨਿਆ ਫ਼ੁਰਮਾਨ ਓ ਯਾਰ।[7]

ਇਸ ਲੋਕ ਗੀਤ ਵਿਚ ਕਾਲ ਅਤੇ ਹੋਣੀ ਦੇ ਸੰਕਲਪ ਨੂੰ ਪੇਸ਼ ਕੀਤਾ ਗਿਆ ਹੈ ਜੋ ਇਹ ਕਹਿ ਰਹੀ ਹੈ ਕਿ ਦੁਨੀਆਂ ਵਿਚ ਸਦਾ ਕਿਸੇ ਨੇ ਨਹੀਂ ਬੈਠੇ ਰਹਿਣਾ। ਇੱਥੇ ਚਾਹੇ ਬੁਰੇ ਕਰਮ ਕਰਨ ਵਾਲਾ ਰਾਵਣ ਹੋਵੇ ਅਤੇ ਭਾਵੇਂ ਪਰਮਾਤਮਾ ਰੂਪੀ ਰਾਮ ਹੀ ਕਿਉਂ ਨਾ ਹੋਵੇ ਹਰ ਕਿਸੇ ਦਾ ਅੰਤ ਆਵੱਸ਼ਕ ਹੈ ਅਰਥਾਤ ਹੋਣੀ ਕਿਸੇ ਨੂੰ ਨਹੀਂ ਬਖ਼ਸ਼ਦੀ। ਸ਼ਸਤਰਧਾਰੀ ਰਾਮ, ਰਾਵਣ, ਭੀਮ, ਅਰਜਨ ਆਦਿ ਦੇ ਹਵਾਲੇ ਦੇ ਕੇ ਦੱਸਿਆ ਗਿਆ ਹੈ ਕਿ ਮੌਤ ਰੂਪੀ ਕਾਲ ਨੇ ਕਈਆਂ ਦੀ ਜ਼ਿੰਦਗੀ ਖ਼ਤਮ ਕੀਤੀ ਹੈ ਅਤੇ ਭਵਿੱਖ ਵਿਚ ਵੀ ਇਹ ਵਰਤਾਰਾ ਇੰਝ ਹੀ ਚਲਦਾ ਰਹੇਗਾ।

ਇਸ ਪ੍ਰਕਾਰ ਲੋਕ ਧਰਮ ਅਤੇ ਲੋਕ ਸ਼ਸਤਰ ਅਜਿਹੇ ਸੰਕਲਪ ਹਨ ਜੋ ਲੋਕਧਾਰਾ ਦੇ ਵਿਸ਼ਾ ਖੇਤਰ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਲੋਕ ਧਰਮ ਅਤੇ ਲੋਕ ਸ਼ਸ਼ਤਰਾਂ ਵਿਚ ਲੋਕ ਪ੍ਰਵਾਨਗੀ, ਸਧਾਰਨਤਾ, ਲੋਕ ਮਨ ਦੇ ਨਾਲ ਸਾਂਝ ਆਦਿ ਗੁਣ ਵੇਖੇ ਜਾ ਸਕਦੇ ਹਨ। ਜੋ ਇਨ੍ਹਾਂ ਵਿਚਲੀ ਸਾਂਝ ਨੂੰ ਦਰਸਾਉਂਦੇ ਹਨ। ਇਸ ਤੋਂ ਇਲਾਵਾ ਲੋਕ ਧਰਮ ਅਤੇ ਲੋਕ ਸ਼ਸਤਰ ਦੋਵਾਂ ਵਿਚ ਲੋਕ ਮਨ ਦੀ ਸ਼ਰਧਾ ਭਾਵਨਾ ਪੂਜਾ ਵਿਧੀਆਂ ਜਾਦੂ-ਟੂਣਾ ਚਿੰਤਨ ਵਿਧੀਆਂ ਰਹੁ-ਰੀਤਾਂ, ਲੋਕ ਵਿਸ਼ਵਾਸ, ਮਿੱਥਾਂ ਆਦਿ ਕਈ ਪੱਖ ਹਨ ਜੋ ਸਾਂਝੇ ਵੇਖੇ ਜਾ ਸਕਦੇ ਹਨ। ਪਰ ਲੋਕ ਧਰਮ ਦੇ ਮੁਕਾਬਲੇ ਲੋਕ ਸ਼ਸਤਰਾਂ ਨੂੰ ਵਸਤੂ ਸਮੱਗਰੀ ਵਜੋਂ ਵਰਤਿਆ ਜਾਂਦਾ ਹੈ। ਜੇਕਰ ਲੋਕ ਸ਼ਸਤਰ ਇਕ ਸੰਕਲਪ ਹੈ ਤਾਂ ਲੋਕ ਧਰਮ ਇਕ ਵਰਤਾਰਾ ਹੈ ਜਿਸਦਾ ਵਿਸ਼ਾ ਖੇਤਰ ਲੋਕ ਸ਼ਸਤਰਾਂ ਦੇ ਮੁਕਾਬਲੇ ਵਧੇਰੇ ਮੋਕਲਾ ਹੈ।

## ਹਵਾਲੇ ਟਿੱਪਣੀਆਂ


1. Alan Dunddes, **Essays in folkloristics**, folklore inst.merrut 1978. P- 07
2. ਕਰਨੈਲ ਸਿੰਘ ਥਿੰਦ, **ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ,** ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2011 (ਤੀਜੀ ਵਾਰ) ਪੰਨਾ-193
3. Reaver, J and Boswell, **Fundametals of folk literature**, Anthropological Publication Quster Haut, 1962, p-33
4. ਜੀਤ ਸਿੰਘ ਜੋਸ਼ੀ, **ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਰੋਕਾਰ**, ਲਾਹੌਰ ਬੁੱਕ ਸ਼ਾਪ, ਲੁਧਿਆਣਾ 2004, ਪੰਨਾ-234
5. ਡਾ. ਮਨਦੀਪ ਕੌਰ ਮਠਾਰੂ, **ਪੰਜਾਬ ਦੇ ਲੋਕ ਸ਼ਸਤਰ**, ਯੂਨੀਸਟਾਰ ਬੁੱਕਸ, ਮੋਹਾਲੀ, 2016 ਪੰਨਾ-119
6. ਉਹੀ ਪੰਨੇ- 122/123
7. ਕਰਤਾਰ ਸਿੰਘ ਸ਼ਮਸ਼ੇਰ, **ਨੀਲੀ ਤੇ ਰਾਵੀ**, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, 1961, ਪੰਨਾ-17



**ਅਸਿਸਟੈਂਟ ਪ੍ਰੋਫ਼ੈਸਰ (ਪੰਜਾਬੀ),**
**ਐਚ.ਐਮ.ਵੀ. ਜਲੰਧਰ।**

# ਰਾਜਾ ਲਖਦਾਤਾ ਸਿੰਘ : ਵਿਸ਼ੇਗਤ ਅਧਿਐਨ

❑ ਡਾ. ਇਕਬਾਲ ਕੌਰ

ਰਾਜਾ ਲਖਦਾਤਾ ਸਿੰਘ ਭਾਈ ਵੀਰ ਸਿੰਘ ਦਾ ਲਿਖਿਆ ਨਾਟਕ ਹੈ। ਭਾਈ ਵੀਰ ਸਿੰਘ ਨੇ ਨਾਟਕ ਦੇ ਨਾਲ ਹੀ ਨਾਟਕ ਦਾ ਉਦੇਸ਼ ਵੀ ਲਿਖ ਦਿਤਾ ਹੈ।

"ਸਿੱਖੀ ਸੁਧਾਰ ਦਾ ਪਹਿਲਾ ਪੰਜਾਬੀ ਨਾਟਕ ਰਾਜਾ ਲਖਦਾਤਾ ਸਿੰਘ ਸਿੱਖਾਂ ਦੀ ਪਰਵਿਰਤ ਦਸ਼ਾ ਦੇ ਦਰਸ਼ਨ ਤੇ ਰਾਜਾ ਲਖਦਾਤਾ ਸਿੰਘ ਰਾਹੀ ਉਸਦਾ ਸੁਧਾਰ"

ਇਸ ਪ੍ਰਕਾਰ ਨਾਟਕ ਦੇ ਲੇਖਕ ਨੇ ਨਾਟਕ ਦੇ ਵਿਸ਼ੇ ਅਤੇ ਉਦੇਸ਼ ਬਾਰੇ ਸਪਸ਼ਟ ਸੰਕੇਤ ਦੇ ਦਿਤਾ ਹੈ। ਨਾਟਕ ਦਾ ਆਰੰਭ ਕਰਨ ਤੋਂ ਪਹਿਲਾਂ ਬਿਨਯ ਸਿਰਲੇਖ ਹੇਠ ਭਾਈ ਸਾਹਿਬ ਲਿਖਦੇ ਹਨ:

"ਸਿਖਾਂ ਦੀ ਹਾਲਤ ਜਿਸ ਉਚਾਈ 'ਤੇ ਸੀ ਉਸ ਤੋਂ ਹੇਠਾਂ ਆ ਕੇ ਅੱਠ-ਅੱਠ ਹੰਝੂ ਵਹਾਣ ਵਾਲੀ ਹੋ ਰਹੀ ਹੈ। ਇਸਦੇ ਸੁਧਾਰ ਦੇ ਯਤਨ ਉਪਦੇਸ਼ਾ, ਅਖ਼ਬਾਰਾਂ, ਪੁਸਤਕਾਂ ਅਨੇਕ ਢੰਗਾਂ ਨਾਲ ਹੋ ਰਹੇ ਹਨ, ਪਰੰਤੂ ਅਸਲੀ ਹਾਲਤ ਨੂੰ ਰੰਗ ਭੂਮੀ ਵਿਚ ਅੱਖਾਂ ਦੇ ਅੱਗੇ ਲਿਆ ਦੇਣਾ ਵੀ ਇਕ ਸੁਧਾਰ ਦਾ ਲਾਹੇਵੰਦ ਤਰੀਕਾ ਹੈ। ਇਸ ਖ਼ਿਆਲ 'ਤੇ ਅਰ ਪੰਜਾਬੀ ਬੋਲੀ ਵਿਚ ਨਾਟਕ ਦੀ ਨੀਂਹ ਰੱਖਣੇ ਦੇ ਆਸ਼ਯ 'ਤੇ ਇਹ ਨਿੱਕਾ ਜਿਹਾ ਲੇਖ ਪ੍ਰਕਾਸ਼ਤ ਕੀਤਾ ਜਾਂਦਾ ਹੈ। ਇਹ ਨਾਟਕ ਕੌਮੀ ਡਰਾਮਾ ਦੇ ਆਧਾਰ 'ਤੇ ਲਿਖਿਆ ਗਿਆ ਹੈ। ਅਰ ਇਸ ਦੀਆਂ ਝਾਂਕੀਆਂ ਨੂੰ ਸਿੱਖਾਂ ਦੀ ਮੌਜੂਦਾ ਦਸ਼ਾ ਦਾ ਹੂ-ਬ-ਹੂ ਦਰਪਨ ਬਣਨ ਤੇ ਸੁਧਾਰ ਦਾ ਨਕਸ਼ਾ ਜਮਾ ਦੇਣ ਦਾ ਪ੍ਰਯਤਨ ਕੀਤਾ ਗਿਆ ਹੈ।"(੧)

ਇਸ ਸਵੈਕਥਨ ਨੇ ਸਪਸ਼ਟ ਕਰ ਦਿਤਾ ਕਿ ਰਾਜਾ ਲਖਦਾਤਾ ਸਿੰਘ ਰਾਹੀਂ ਪੰਜਾਬੀ ਨਾਟਕ ਦੀ ਨੀਂਹ ਰੱਖੀ ਗਈ ਹੈ। ਨਾਟਕ ਦਾ ਪਾਠਗਤ ਅਧਿਐਨ ਕੀਤਿਆਂ ਪਤਾ ਲਗਦਾ ਹੈ ਕਿ ਅੱਜ ਤੋਂ ੧੧੨ ਸਾਲ ਪਹਿਲਾ ਲਿਖਿਆ ਗਿਆ ਨਾਟਕ ਸਿੱਖਾਂ ਦੀ ਵਰਤਮਾਨ ਸਥਿਤੀ ਨੂੰ ਉਜਾਗਰ ਕਰ ਰਿਹਾ ਹੈ। ਸਿੱਖ ਕੌਮ ਵਿਚ ਆਈ ਗਿਰਾਵਟ ਨੂੰ ਦਿਖਾਉਣ ਲਈ ਅਤੇ ਉਸ ਤੋਂ ਉੱਪਰ ਉੱਠਣ ਦਾ ਹੱਲ ਨਾਟਕ ਵਿਚ ਦਿਖਾਇਆ ਗਿਆ ਹੈ। ਨਾਟਕ ੧੨ ਝਾਂਕੀਆਂ ਵਿਚ ਪੇਸ਼ ਕੀਤਾ ਗਿਆ ਹੈ। ਪਹਿਲੀਆਂ ਚਾਰ ਝਾਂਕੀਆਂ ਵਿਚ ਰਾਜਾ ਲਖਦਾਤਾ ਸਿੰਘ ਅਤੇ ਉਸਦੇ ਦਰਬਾਰੀਆਂ ਬਾਰੇ ਜਾਣਕਾਰੀ ਦਿਤੀ ਗਈ ਹੈ ਜੋ ਅਪਣੇ ਰਾਜ ਪ੍ਰਤੀ ਅਸਲੀ ਕਰਤਵ ਭੁੱਲ ਕੇ ਗ਼ਲਤ ਕੰਮਾਂ ਵਿਚ ਰੁਝੇ ਹੋਏ ਹਨ। ਰਾਜਾ ਲਖਦਾਤਾ ਸਿੰਘ ਇਕ ਸੁਪਨਾ ਦੇਖ ਕੇ ਪਰੇਸ਼ਾਨ ਹੈ। ਪਹਿਲਾਂ ਸੁਪਨੇ ਵਿਚ ਫਿਰ ਦਰਬਾਰ ਵਿਚ ਸੰਤ ਰਾਹੀਂ ਸਮਾਜ ਅਤੇ ਪੰਥ ਸੁਧਾਰ ਦਾ ਸੰਕੇਤ ਮਿਲਦਾ ਹੈ। ਐਸ਼-ਪ੍ਰਸਤੀ ਵਿਚ ਗਰਕ ਰਾਜੇ ਨੂੰ ਸੰਤ ਉਸਦਾ ਧਰਮ ਯਾਦ ਦਿਲਾਉਂਦੇ

ਹਨ। ਸੰਤਾ ਦੇ ਬਚਨ ਸੁਣ ਕੇ ਰਾਜੇ ਦੀ ਆਤਮਾ ਝੰਜੋੜੀ ਜਾਂਦੀ ਹੈ। ਉਹ ਆਪਣੇ ਚਾਪਲੂਸ ਦਰਬਾਰੀਆਂ ਦੀ ਪਰਵਾਹ ਨਹੀਂ ਕਰਦਾ। ਉਹ ਆਪਣਾ ਭੇਸ ਬਦਲਦਾ ਹੈ ਅਤੇ ਆਪਣੇ ਦੇਸ਼ ਦਾ ਦੌਰਾ ਕਰਦਾ ਹੈ। ਭਿੰਨ-ਭਿੰਨ ਲੋਕਾਂ ਨੂੰ ਮਿਲਕੇ ਪੰਥ ਵਿਚ ਆਈ ਗਿਰਾਵਟ ਤੋਂ ਰਾਜਾ ਜਾਣੂ ਹੁੰਦਾ ਹੈ ਅਤੇ ਦੁਖੀ ਵੀ ਹੁੰਦਾ ਹੈ ਅਤੇ ਆਪਣੇ ਆਪ ਨੂੰ ਕਾਫ਼ੀ ਹੱਦ ਤਕ ਜ਼ਿੰਮੇਵਾਰ ਠਹਿਰਾਉਂਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਸਾਰਾ ਸਿਸਟਮ ਧਾਰਮਕ, ਸਮਾਜਕ, ਆਰਥਕ ਪਖੋਂ ਭ੍ਰਿਸ਼ਟਾਚਾਰ ਦਾ ਸ਼ਿਕਾਰ ਹੋ ਚੁਕਾ ਹੈ ਵਾੜ ਹੀ ਖੇਤ ਨੂੰ ਖਾ ਰਹੀ ਹੈ। ਸੰਤਾਂ ਦੇ ਮੁਤਾਬਕ,

"ਹੇ ਲਖਦਾਤਾ ਸਿੰਘ ਇਹ ਤੇਰੇ ਹਿੱਸੇ ਆਇਆ ਹੈ ਕਿ ਇਸ ਵੇਲੇ ਕ੍ਰਿਪਾ ਦਾ ਪਾਤਰ ਬਣ ਕੇ ਆਪਣੀ ਕੌਮ ਨੂੰ ਬਚਾਵੇਂ।"(੨)

ਸੰਤ ਰਾਜਾ ਲਖਦਾਤਾ ਸਿੰਘ ਦੀਆਂ ਅੱਖਾਂ ਖੋਲ੍ਹ ਕੇ ਅਲੋਪ ਹੋ ਜਾਂਦੇ ਹਨ। ਰਾਜੇ ਉੱਪਰ ਸੰਤਾਂ ਦੀਆਂ ਗੱਲਾਂ ਦਾ ਗਹਿਰਾਂ ਪ੍ਰਭਾਵ ਹੈ ਉਹ ਆਪਣੇ ਆਪ ਨਾਲ ਗੱਲਾਂ ਕਰਦਾ ਹੈ,

"ਉੱਠ, ਤੱਕ ਪਿਆਰੀ ਕੌਮ ਕਿਸ ਤਰ੍ਹਾਂ ਦੁਖੀ ਹੈ। ਘਰ ਚਲ, ਭੇਸ ਬਦਲ, ਬਾਹਰ ਨਿਕਲ, ਹਿਲ-ਜੁਲ ਫਿਰ ਤੁਰ। ਪਰਖ ਕੀ ਸੱਜਨਾਂ ਦਾ ਹਾਲ ਕੀ ਹੈ।"(੩)

ਨਾਟਕ ਦੀ ਚੌਥੀ ਝਾਂਕੀ ਵਿਚ ਦੇਖਦੇ ਹਾਂ ਕਿ ਰਾਜਾ, ਮੰਤਰੀਆਂ ਨੂੰ ਰਾਜ-ਪਾਠ ਸੌਂਪ ਕੇ ਆਪ ਉਥੋਂ ਚਲਾ ਜਾਂਦਾ ਹੈ। ਭੇਸ ਬਦਲ ਕੇ ਨਿਕਲੇ ਰਾਜਾ ਦਾ ਪਹਿਲਾ ਵਾਸਤਾ ਨਸ਼ੇ ਦੇ ਸੌਦਾਗਰਾਂ ਨਾਲ ਪੈਂਦਾ ਹੈ। ਪੰਜ ਦਰਿਆਵਾਂ ਦੀ ਧਰਤੀ 'ਤੇ ਤਰ੍ਹਾਂ-ਤਰ੍ਹਾਂ ਦੇ ਨਸ਼ਿਆਂ ਦਾ ਛੇਵਾਂ ਦਰਿਆ ਵਹਿ ਰਿਹਾ ਹੈ। ਭੰਗ, ਅਫੀਮ ਪੋਸਤ, ਦੇਸੀ ਅਤੇ ਅੰਗਰੇਜ਼ੀ ਸ਼ਰਾਬ ਨੇ ਲੋਕਾਂ ਨੂੰ ਆਪਣਾ ਗ਼ੁਲਾਮ ਬਣਾਇਆ ਹੋਇਆ ਹੈ। ਹੱਟੀ ਵਾਲਾ ਬੜੇ ਸਾਫ਼ ਸ਼ਬਦਾਂ ਵਿਚ ਦੱਸਦਾ ਹੈ ਕਿ ਸਿੱਖਾਂ ਦੀ ਹੀ ਸੁਭਾਗ ਕੌਮ ਹੈ ਜੋ ਐਸੇ ਕੰਮਾਂ ਦੀ ਸਰਪ੍ਰਸਤੀ ਕਰਦੀ ਹੈ ਟਕੇ-ਟਕੇ ਦੇ ਨਸ਼ੇ ਵੇਚ ਕੇ ਅੱਜ ਉਹ ਮਿਲਖਾਂ ਦੇ ਮਾਲਕ ਬਣ ਬੈਠੇ ਹਨ। ਖ਼ਾਲਸਾ ਬਹਾਦਰ ਹੀ ਹੈ ਜੋ ਇਨ੍ਹਾਂ ਰਣ ਮੈਦਾਨਾਂ ਵਿਚ ਗਜਦਾ ਹੈ। ਇਹ ਪੋਸਤੀ, ਅਫੀਮੀ, ਸ਼ਰਾਬੀ, ਵੱਡੇ-ਵੱਡੇ ਘਰਾਣਿਆਂ ਦੇ ਪੁਤੱਰ ਪੋਤਰੇ ਹਨ ਇਨ੍ਹਾਂ ਦੇ ਵੱਡੇਰਿਆਂ ਨੇ ਬੜੇ ਨਾਮ ਕਮਾਏ ਹਨ ਪਰ ਇਨ੍ਹਾਂ ਨੂੰ ਨਸ਼ਿਆਂ ਨੇ ਆਪਣਾ ਗ਼ੁਲਾਮ ਬਣਾ ਲਿਆ।

ਇਸ ਤੋਂ ਬਾਅਦ ਰਾਜਾ ਲਖਦਾਤਾ ਸਿੰਘ ਮਖੋਲੀਏ ਦਾ ਭੇਸ ਧਾਰ ਕੇ ਬੈਂਤ ਬਾਜ਼ਾਂ ਦੀ ਜੁੰਡਲੀ ਵਿਚ ਪਹੁੰਚ ਜਾਂਦਾ ਹੈ। ਸਾਹਿਤਕਾਰਾਂ ਵਿਚ ਆਈ ਗਿਰਾਵਟ ਦੀ ਗੱਲ ਕੀਤੀ ਹੈ। ਅੱਜ ਇਸ ਤਰ੍ਹਾਂ ਕਲਮ ਦੀ ਤਾਕਤ ਦਾ ਦੁਰਉਪਯੋਗ ਹੋ ਰਿਹਾ ਹੈ।

"ਵਿਸ਼ੇ ਵਿਕਾਰਾਂ ਦੇ ਗੀਤ, ਨੂੰਹ ਸਹੁਰੇ ਦੇ ਚਿੱਠੇ, ਗੰਦੀਆਂ ਕਾਫੀਆਂ, ਕੋਰੜੇ ਤੇ ਕੁੰਡਲੀਏ ਲਿਖਣੇ ਵਿਚ ਸਿੱਖ ਸਭ ਤੋਂ ਮੂਹਰੇ। ਪਰ ਪੰਥ ਵਿਚ ਵਿੱਦਿਆ ਲਿਆਵਣ ਦਾ ਰਤਾ ਫਿਕਰ ਨਹੀਂ। ਸ਼ਹੀਦਾ ਤੇ ਬੀਰਾਂ ਦੇ ਕਾਰਨਾਮੇ ਲੋਪ ਹੋ ਗਏ, ਕਿਸੇ ਨੂੰ ਰਤਾ

ਜਿੰਨਾ ਫਿਕਰ ਨਹੀ ...... ਕਵਿਤਾ ਜੈਸੇ ਪਵਿੱਤਰ ਫਨ ਨੂੰ ਇਨ੍ਹਾਂ ਨੇ ਕਿਨ੍ਹਾਂ ਕੰਮਾ ਵਿਚ ਲਾਯਾ ਹੈ।"(੪)

ਕੌਮ ਦੇ ਅਮੀਰ ਪਰਪ੍ਰਸਤ ਕਈ ਪ੍ਰਕਾਰ ਦੀਆਂ ਅਯਾਸ਼ੀਆਂ ਵਿਚ ਫਸੇ ਹੋਏ ਹਨ। ਆਪਣੇ ਘਟੀਆ ਸੌਂਕ ਪੂਰੇ ਕਰਨ ਲਈ ਗ਼ਲਤ ਢੰਗਾਂ ਨਾਲ ਪੈਸਾ ਇਕਠਾ ਕਰਦੇ ਹਨ ਤੇ ਫਿਰ ਪਾਣੀ ਵਾਂਗ ਰੋੜਦੇ ਹਨ। ਪਰ ਕਿਸੇ ਲੋੜਵੰਦ ਦੀ ਮਦਦ ਨਹੀਂ ਕਰ ਸਕਦੇ। ਵੈਸੇ ਤਾਂ ਇਨ੍ਹਾਂ ਦਾ ਆਪਣੇ ਆਲੇ-ਦੁਆਲੇ ਵੱਲ ਕੋਈ ਧਿਆਨ ਨਹੀਂ ਪਰ ਜੇ ਕੋਈ ਸ਼ੀਸ਼ਾ ਦਿਖਾਉਣ ਦੀ ਹਿੰਮਤ ਕਰੇ ਤਾਂ ਉਸ ਨੂੰ ਧੱਕੇ ਖਾਣੇ ਪੈਂਦੇ ਹਨ। ਗ਼ਰੀਬ ਬੰਦੇ ਦੀ ਬਾਂਹ ਫੜਨ ਨੂੰ ਕੋਈ ਤਿਆਰ ਨਹੀਂ। ਇਸ ਸਥਿਤੀ ਦਾ ਫਾਇਦਾ ਚੁੱਕ ਕੇ ਪਾਦਰੀ ਲੋਕ ਜ਼ਰੀਬ ਸਿੱਖਾਂ ਨੂੰ ਇਸਾਈ ਬਣਾਉਣ ਲਗੇ ਹੋਏ ਹਨ ਪਰ ਸਾਡੇ ਪੰਥ ਦੇ ਠੇਕੇਦਾਰਾਂ ਦੇ ਕੰਨ ਹੇਠ ਜੂੰ ਨਹੀਂ ਸਰਕਦੀ।

"ਮੈ ਤੁਹਾਡੇ ਸਾਰੇ ਟੁਕੜ ਗਦਾਵਾਂ ਦਾ ਕੋਈ ਠੇਕਾਂ ਲੈ ਰੱਖਿਆ ਹੈ ਕਿ ਜੋ ਕੰਗਾਲ ਹੈ ਮੇਰੇ ਸਿਰ ’ਤੇ ਆਂ ਚੜ੍ਹੇ। ਫਿਰ ਰਤਾ ਅਕਲ ਨਹੀਂ ਪਾਦਰੀ ਅਨਮਤੀਏ ਉਹ ਯਤੀਮਾਂ ਨੂੰ ਪਾਲਦੇ ਹਨ ਤਾਂ ਅਸੀਂ ਬੀ ਪਾਲੀਏ ਅਨਮਤੀਆਂ ਦੀ ਰੀਸ ਕਰਕੇ ਅਨਮਤੀਏ ਹੋ ਜਾਈਏ।" (੫)

ਅਸਲ ਵਿਚ ਅਨਮਤੀਏ ਪਾਦਰੀ ਨਹੀਂ ਸਿੱਖ ਆਪ ਹਨ, ਜੋ ਕੁਰਾਹੇ ਪਏ ਹਨ।

ਨਾਟਕ ਦੀਆਂ ਅਗਲੀਆਂ ਝਾਕੀਆਂ ਵਿਚ ਸਾਡੇ ਧਾਰਮਕ ਆਗੂਆਂ ਦੇ ਚਰਿਤਰ ਵਿਚ ਆਈ ਗਿਰਾਵਟ ਨੂੰ ਧਿਆਨ ਵਿਚ ਲਿਆਂਦਾ ਗਿਆ ਹੈ। ਜੋ ਦਸਵੰਦ ਦਾ ਪੈਸਾ ਉਗਰਾਣਾ ਆਪਣਾ ਹੱਕ ਸਮਝਦੇ ਹਨ। ਪਰ ਇਨ੍ਹਾਂ ਧਰਮ ਸਥਾਨਾਂ ’ਤੇ ਨੌਕਰੀ ਕਰਨ ਵਾਲਿਆਂ ਨੂੰ ਤਨਖ਼ਾਹ ਦੇਣੀ ਵੀ ਜ਼ਰੂਰੀ ਨਹੀਂ ਸਮਝਦੇ। ਦਸਵੰਦ ਇਸ ਤਰ੍ਹਾਂ ਇਕੱਤਰ ਕਰਦੇ ਹਨ ਜਿਵੇਂ ਦੂਜਿਆਂ ਕੋਲੋਂ ਭਿਖਿਆ ਮੰਗ ਰਹੇ ਹੋਣ। ਦਸਵੰਦ ਦਾ ਪੈਸਾ ਧਰਮ ਅਰਥ ਨਾ ਲਗਾ ਕੇ ਅਪਣੀਆਂ ਅੱਯਾਸ਼ੀਆਂ ਪੂਰੀਆਂ ਕਰਦੇ ਹਨ। ਧਰਮਸ਼ਾਲਾ ਦੇ ਇਕ ਭਾਈ ਦਾ ਨੌਕਰ ਉਸ ਉੱਪਰ ਵਿਅੰਗ ਕਰਦਾ ਆਖਦਾ ਹੈ ਕਿ ਲੋਕਾਂ ਨੂੰ ਤੇ ਤੁਸੀਂ ਮਾਇਆ ਦਾ ਤਿਆਗ ਕਰਨ ਲਈ ਕਹਿੰਦੇ ਹੋ ਪਰ ਆਪ ਉਹੀ ਮਾਇਆ ਇੱਕਠੀ ਕਰਦੇ ਹਾਂ।

"ਨੌਕਰੀ ਤਾਂ ਮੇਰੀ ਗਈ....ਪਰ ਮੈਂ ਹੁਣ ਸੱਚੀਆਂ ਤਾਂ ਸੁਣਾ ਲਵਾਂ। ਧਰਮਸ਼ਾਲਾ ਨੂੰ ਘਰ ਬਣਾ ਬੈਠੇ ਹੋ। ਜਿਥੇ ਪਿੰਡ ਦੇ ਕਾਕੇ ਪੜ੍ਹਾਨ ਦਾ ਮੁੱਖ ਕੰਮ ਸੀ ਉਥੇ ਡੰਗਰ ਬੱਝਦੇ ਹਨ...........। ਇਕ ਢਾਈ ਫੁਟ ਥਾਂ ਤਖ਼ਤਪੋਸ਼ ਤੋਂ ਛੁਟ ਸਾਰੀ ਵਪਾਰੀਆਂ ਨੂੰ ਭਾੜੇ ਦੇ ਰੱਖੀ ਹੈ। ਵਿੱਦਯਾ ਤੁਸੀ ਪੜ੍ਹੇ ਨਹੀਂ, ਰਹਿਤ ਤੁਹਾਡੀ ਨਹੀਂ, ਭਜਨ ਸਿਮਰਨ ਤੁਹਾਡੇ ਨਹੀਂ। ਸਿੱਖੀ ਤਬਾਹ ਹੋ ਗਈ। ਘਰ-ਘਰ ਈਸਾਈਆਂ ਦੇ ਗੀਤ ਫਿਰ ਨਿਕਲੇ, ਸਿੱਖਾਂ ਸਿਰ ਮੁਨਾਣੇ ਸ਼ੁਰੂ ਕਰ ਦਿੱਤੇ, ਮੁਕਦਮੇਬਾਜ਼ੀ ਡਾਂਗ ਸੋਟੀ ਘਰ ਘਰ ਰਹਿੰਦੀ ਹੈ।"(੬)

ਪੰਥ ਵਿਚ ਆਈ ਗਿਰਾਵਟ ਅਤੇ ਅਧੋਗਤੀ ਦੇ ਕਾਰਨ, ਸਮਾਜ ਵਿਚ ਸਿੱਖਾਂ ਦੀ ਇੱਜ਼ਤ ਰੁਲ ਗਈ ਜਿਸਦਾ ਫਾਇਦਾ ਇਸਾਈਆਂ ਨੇ ਚੁਕਿਆ ਤੇ ਗ਼ਰੀਬ ਲੋਕਾਂ ਦੀ ਹਰ ਤਰ੍ਹਾਂ ਮਦਦ ਕਰਕੇ ਉਨ੍ਹਾਂ ਨੂੰ ਆਪਣੇ ਵਿਚ ਰਲਾ ਲਿਆ, ਵਿੱਦਿਆ ਦਿੱਤੀ, ਕੰਮ ਦਿਤਾ, ਸਾਫ਼ ਰਹਿਣੀ-ਬਹਿਣੀ ਦਿੱਤੀ। ਸਮੇਂ-ਸਮੇਂ ਇਹ ਖ਼ਬਰਾਂ ਸਾਡਾ ਧਿਆਨ ਖਿੱਚਦੀਆਂ ਹਨ ਕਿ ਪੰਜਾਬ ਵਿਚ ਜਬਰਦਸਤੀ ਲੋਕਾਂ ਦਾ ਧਰਮ ਪਰਿਵਰਤਨ ਕਰਾਇਆ ਜਾ ਰਿਹਾ ਹੈ। ਭਾਈ ਵੀਰ ਸਿੰਘ ਨੇ ਨਾਟਕ ਵਿਚ ਇਸ ਸਮੱਸਿਆ ਵੱਲ ਵੀ ਧਿਆਨ ਦਿਤਾ ਹੈ। ਰਾਜਾ ਲਖਦਾਤਾ ਸਿੰਘ ਨੂੰ ਇਕ ਗ਼ਰੀਬ ਅਨਾਥ ਮੁੰਡਾ ਮਿਲਦਾ ਹੈ ਜੋ ਭੁੱਖਾ ਹੈ ਬੇਸਹਾਰਾ ਹੈ। ਕੋਈ ਉਸ ਵੱਲ ਧਿਆਨ ਨਹੀਂ ਦੇਦਾ।

"ਇਕ ਟੁੱਕ ਤੋ ਇਕ ਲਾਲ ਗੁਆਚਦਾ ਹੈ ਪਰ ਪੰਥ ਨੂੰ ਕੀ? ਸਿੱਖ ਰਾਜੇ ਹਨ ਸਿੱਖ ਸਰਦਾਰ ਜਗੀਰਦਾਰੀ ਹਨ। ਸਿੱਖ ਗ੍ਰੰਥੀ ਪੁਜਾਰੀ, ਭਾਈ, ਡੇਰੇਦਾਰ ਸੰਤ ਹਨ, ਸਿੱਖ ਕਿਰਤੀ, ਵਕੀਲ, ਵਪਾਰੀ, ਡਿਪਟੀ, ਮਜਿਸਟਰੇਟ ਹਨ ਪਰ ਇਸਦੇ ਭਾਣੇ ਤਾਂ ਸਾਰੇ ਮਰ ਗਏ। ਇਸਨੂੰ ਤਾਂ ਕੋਈ ਇਕ ਟੁੱਕ ਨਹੀ ਪਾ ਸਕਦਾ।"(੭)

ਇਸ ਯਤੀਮ ਬੱਚੇ ਨੂੰ ਲਖਦਾਤਾ ਸਿੰਘ, ਇਕ ਪਾਦਰੀ ਤੋਂ ਆਪਣੀ ਨਿਗਰਾਨੀ ਵਿਚ ਲੈ ਲੈਂਦਾ ਹੈ ਤੇ ਬੱਚੇ ਦੀ ਚੰਗੀ ਪਰਵਰਿਸ਼ ਦਾ ਪਾਦਰੀ ਨੂੰ ਭਰੋਸਾ ਦੇਂਦਾ ਹੈ। ਅੱਗੋਂ ਪਾਦਰੀ ਬੜੇ ਹੈਰਾਨ ਕਰਨ ਵਾਲੇ ਅੰਕੜੇ ਦੱਸਦਾ ਹੈ।

"ਪਿਛਲੇ ਸਾਲ ਪੜ੍ਹੇ ਮੈਂ ਹਮ ਯਹਾਂ ਸੇ ਕੋਈ ਪਚਾਸ ਹਿੰਦੂ, ਸਿੱਕ, ਮੁਹੱਮਡੀ ਬੱਚੇ ਲੈ ਗਿਆ। ਕਿਸੀ ਨੇ ਆਪਣੇ ਪੰਥਕ ਫਰਜ਼ ਕੋ ਨਹੀਂ ਡੇਖਾ।" (੮)

ਆਪਣੇ ਰਾਜ ਦਾ ਦੌਰਾ ਕਰਕੇ ਰਾਜਾ ਲਖਦਾਤਾ ਸਿੰਘ ਬੜੇ ਭਾਰੇ ਦਿਲ ਨਾਲ ਵਾਪਸ ਆ ਜਾਂਦਾ ਹੈ ਰਾਜਾ ਇਹ ਵੀ ਸਮਝਦਾ ਹੈ ਕਿ ਇਨ੍ਹਾਂ ਹਾਲਾਤਾਂ ਲਈ ਕਾਫ਼ੀ ਹੱਦ ਤੱਕ ਉਹ ਆਪ ਵੀ ਜ਼ਿੰਮੇਵਾਰ ਹੈ ਆਪਣਾ ਭੇਸ ਬਦਲ ਕੇ ਰਾਜੇ ਨੇ ਸੱਚ ਨੂੰ ਦੇਖਿਆ। ਦਰਬਾਰ ਵਿਚ ਵਾਪਿਸ ਆ ਕੇ ਰਾਜਾ ਆਪਣੇ ਮੰਤਰੀ ਨੂੰ ਕਹਿੰਦਾ ਹੈ ਕਿ ਕੁੱਝ ਅਜਿਹੇ ਸਰਵੇ ਹੋਣ ਜਿਸ ਤੋਂ ਸਿੱਖਾਂ ਦੇ ਆਚਰਣ ਦਾ ਪਤਾ ਲੱਗੇ। ਸਿੱਖਾਂ ਦੀ ਆਬਾਦੀ ਕਿੰਨੀ ਹੈ? ਕਿੰਨੇ ਫ਼ੀਸਦੀ ਪੜ੍ਹੇ ਹਨ? ਸਰਕਾਰੀ ਨੌਕਰੀ, ਵਾਪਾਰ ਅਤੇ ਜੇਲ੍ਹ ਖ਼ਾਨਿਆਂ ਵਿਚ ਸਿੱਖਾਂ ਦੀ ਕੀ ਗਿਣਤੀ ਹੈ? ਇਥੋ ਤੱਕ ਕਿ ਰਾਜਾ ਲਖਦਾਤਾ ਸਿੰਘ ਨੌਕਰੀ ਲਈ ਸਿੱਖਾਂ ਦੀਆਂ ਅਰਜ਼ੀਆਂ ਮੰਗਾਉਂਦਾ ਹੈ ਪਰ ਨਤੀਜਾ ਜ਼ੀਰੋ ਹੀ ਨਿਕਲਦਾ ਹੈ। ਸਰਕਾਰੀ ਸਰਵੇ ਤੋਂ ਸਿੱਖਾ ਦਾ ਆਚਰਣ ਕੁਝ ਇਸ ਤਰ੍ਹਾਂ ਸਪਸ਼ਟ ਹੁੰਦਾ ਹੈ

"ਹੇਠੋਂ ਉਠ ਲੋਕੀ ਉਚੇ ਥਾਉਂ ਆਵਣ;
ਸਿੱਖ ਅਰਸ਼ ਤੋਂ ਡਿਗ ਕੇ ਚੂਰ ਹੋਏ।"(੯)

ਬਚੇ ਹੋਏ ਸਿੱਖ ਸਰਦਾਰ ਆਪਣੇ ਘਰ ਤੇ ਜ਼ਮੀਨਾਂ ਵੇਚ ਕੇ ਪਰਦੇਸਾਂ ਨੂੰ ਭੱਜ ਰਹੇ ਹਨ। ਪ੍ਰਦੇਸਾਂ ਵਿਚ ਜਾ ਕੇ ਮਜ਼ਦੂਰ ਬਣ ਕੇ ਰਹਿ ਰਹੇ ਹਨ। ਰਾਜ ਲਖਦਾਤਾ ਸਿੰਘ ਵਲੋਂ ਕਰਾਏ ਸਰਵੇ ਦੇ ਨਤੀਜੇ ਬੜੇ ਹੀ ਮਾੜੇ ਹਨ। ਸਿੱਖਾਂ ਦੀ ਮਰਦਮਸ਼ੁਮਾਰੀ ਦੀ ਰਿਪੋਟ ਵੇਖ ਕੇ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ।

ਸਿੱਖਾਂ ਦੇ ਆਚਰਣ ਨੂੰ ਸੁਧਾਰਨ ਦਾ ਇਕੋ ਇਕ ਰਾਹ ਇਹ ਦਿਸਦਾ ਹੈ ਕਿ ਸਿੱਖਾਂ ਵਿਚ ਵਿੱਦਿਆ ਦਾ ਪ੍ਰਚਾਰ ਕੀਤਾ ਜਾਵੇ। ਸਰਵੇ ਦੇ ਨਤੀਜੇ ਦੇਖ ਕੇ ਰਾਜਾ ਲਖਦਾਤਾ ਸਿੰਘ ਬੜਾ ਦੁਖੀ ਹੁੰਦਾ ਹੈ ਤਾਂ ਸੰਤ ਉਸਨੂੰ ਕਹਿੰਦੇ ਹਨ:

"ਜੇ ਪੰਥ ਦਾ ਭਲਾ ਕਰਨਾ ਹਈ ਤਾਂ ਰੋਇਆਂ ਨਹੀਂ ਹੋਣਾ, ਵਿਦਯਾ ਦਿਹ ਵਿਦਯਾ ਦਿਹ ਵਿਦਯਾ ਦਿਹ, ਧਰਮ ਸਿਖਾ ਧਰਮ ਸਿਖਾ, ਵਿਦਯਾ ਨਾਲ ਧਰਮ ਸਿਖਾ।"(੧੦)

ਰਾਜਾ ਲਖਦਾਤਾ ਸਿੰਘ ਦੀਆਂ ਅੱਖਾਂ ਖੁਲ੍ਹ ਗਈਆ। ਉਸਨੇ ਆਪਣੇ ਸਾਥੀ ਮੰਤਰੀਆਂ, ਦਰਬਾਰੀਆ ਤੇ ਵੱਡੇ-ਵੱਡੇ ਅਹੁਦੇਦਾਰਾਂ ਨੂੰ ਸੱਦਾ ਦਿਤਾ:

"ਮੇਰੀਓ ਬਾਹੋਂ ਤੇ ਬਾਜੂਓ ਅਸਾਂ ਸਾਰਿਆਂ ਸਿੱਖਾਂ ਨੂੰ ਵਿਦਯਾ ਦੇਣੀ ਹੈ, ਆਹ ਦੇਖ ਵਿਧਵਾ ਇਸਤਰੀ ਤੇ ਯਤੀਮ ਮੈ ਆਪਣੀ ਗੋਦ ਲਏ ਹਨ। ਇਸੀ ਤਰ੍ਹਾਂ ਸਰਕਾਰ ਦੇ ਸਾਰੇ ਅਹੁਦੇਦਾਰ ਅਨਾਥਾਂ ਤੇ ਨਿਮਾਣਿਆਂ ਦੇ ਮਾਈ ਬਾਪ ਹੋਣ ਗੇ।"

"ਵਿਦਯਾ ਕਟੇਗੀ ਸਾਰੇ ਹੀ ਦੁਖੜੇ
ਇਸਨੇ ਦੁਨੀਆ ਨੂੰ ਸੁਖੀ ਕਰਾਯਾ
ਪਾਓ ਵਿਦਯਾ ਤੇ ਦੇਵੋ ਬੀ ਵਿਦਯਾ
ਵਿਦਯਾ ਵਿਦਯਾ ਦਾ ਡੰਕਾਂ ਵਜਾਯਾ
ਡਿੱਗੀ ਉਠੇਗੀ ਏਹ ਕੌਮ ਦੂਲੀ
ਪਰਚਾ ਵਿਦਯਾ ਦਾ ਘਰ ਘਰ ਜੇ ਪਾਯਾ" (੧੧)
ਇਥੇ ਇਹ ਨਾਟਕ ਖਤਮ ਹੋ ਜਾਂਦਾ ਹੈ।

ਰਾਜਾ ਲਖਦਾਤਾ ਸਿੰਘ ਵਿਚ ਨਾਟਕਕਾਰ ਦਾ ਉਦੇਸ਼ 'ਸਿੱਖ ਸੁਧਾਰ' ਸੀ। ਜਿਸਦੀ ਪੂਰਤੀ ਲਈ ਨਾਟਕ ਦਾ ਮੁੱਖ ਪਾਤਰ ਰਾਜਾ ਲਖਦਾਤਾ ਸਿੰਘ ਥਾਂ-ਥਾਂ ਜਾਂਦਾ ਹੈ ਅਤੇ ਕੌਮ ਦੇ ਸੁਧਾਰ ਦਾ ਬੀੜਾ ਚੁਕਦਾ ਹੈ। ਇਸ ਸਮੱਸਿਆ ਦਾ ਹੱਲ ਨਾਟਕਕਾਰ ਵਿੱਦਿਆ ਦੀ ਤਾਕਤ ਵਿਚ ਲੱਭਦਾ ਹੈ। ਨਾਟਕ ਵਿਚ ਪੇਸ਼ ਸਿੱਖਾ ਦੇ ਸਨਮੁਖ ਆ ਰਹੀਆਂ ਸਮਸਿਆਵਾਂ ਅੱਜ ਵੀ ਸਾਡੇ ਅਗੇ ਮੂੰਹ ਖੋਲ੍ਹ ਕੇ ਖੜੀਆਂ ਹਨ ਤੇ ਅੱਜ ਵੀ ਵਿੱਦਿਆ ਹੀ ਇਸ ਸਮੱਸਿਆ ਦਾ ਹੱਲ ਹੈ।

## ਟਿਪਣੀਆਂ ਤੇ ਹਵਾਲੇ


੧. ਭਾਈ ਵੀਰ ਸਿੰਘ, ਰਾਜਾ ਲਖਦਾਤਾ ਸਿੰਘ, ਭਾਈ ਵੀਰ ਸਿੰਘ ਸਾਹਿਤ ਸਦਨ, ੧੯੧੦, ਪੰਨਾ-੧੧
੨. ਉਹੀ ਪੰਨਾ ੨੭
੩. ਉਹੀ ਪੰਨਾ ੨੯
੪. ਉਹੀ ਪੰਨਾ ੩੯
੫. ਉਹੀ ਪੰਨਾ ੪੫
੬. ਉਹੀ ਪੰਨਾ ੪੯
੭. ਉਹੀ ਪੰਨਾ ੫੯

੮. ਉਹੀ ਪੰਨਾ ੫੯
੯. ਉਹੀ ਪੰਨਾ ੭੫
੧੦. ਉਹੀ ਪੰਨਾ ੭੬
੧੧. ਉਹੀ ਪੰਨਾ ੭੯

ਐਸੋਸੀਏਟ ਪ੍ਰੋਫ਼ੈਸਰ,
ਮਾਤਾ ਸੁੰਦਰੀ ਕਾਲਜ, ਦਿੱਲੀ

O

# ਲੁੰਜੀ ਬਾਂਹ

❑ ਰਤਨ ਸਿੰਘ ਕੰਵਲ ਪਹਿਲਗਾਮੀ

ਉਹ ਚੌਕੜੀ ਮਾਰ ਕੇ ਬੈਠਿਆ। ਨੱਕ ਦੇ ਸਿੱਧ, ਮੱਥੇ ਵਿਚਕਾਰ ਧਿਆਨ ਧਰਿਆ ਅਤੇ ਅੱਖਾਂ ਬੰਦ ਕਰ ਲਈਆ। ਉਸ ਬਿਰਤੀ ਜੋੜਨ ਦੀ ਕੋਸ਼ਿਸ਼ ਕੀਤੀ ਪਰ ਬਿਰਤੀ ਨ ਜੁੜੀ। ਉਸ ਦੀਆਂ ਅੱਖਾਂ ਖੁਲ੍ਹ-ਖੁਲ੍ਹ ਜਾਂਦੀਆਂ ਪਰ ਉਹ ਫਿਰ ਮੀਟ ਲੈਂਦਾ। ਕੋਈ ਅਲੌਕਿਕ ਕਿਰਤੀ ਅੱਖਾਂ ਸਾਹਮਣੇ ਨਹੀਂ ਸੀ ਆ ਰਹੀ। ਹਾਂ, ਉਹਨੂੰ ਲਗ ਰਿਹਾ ਸੀ ਉਹ ਕੇਂਦਰ-ਬਿੰਦੂ ਹੈ ਅਤੇ ਦਾਇਰਾ ਉਹਦੇ ਦੁਆਲੇ ਫੈਲਦਾ ਜਾ ਰਿਹਾ ਹੈ। ਵਿਚਕਾਰ ਉਹਦੇ ਬੀਤੇ ਅਮਲ ਦੀ ਰੀਲ ਖੁਲ੍ਹਦੀ ਜਾ ਰਹੀ ਸੀ ਜਾਂ ਦਿਸਹੱਦਿਆਂ ਤੋਂ ਪਾਰ ਦੀ ਤਸਵੀਰ ਬਣਦੀ ਜਾ ਰਹੀ ਸੀ।...

ਗੁਰਦੁਆਰੇ ਦਾ ਹਾਲ ਸਰੋਤਿਆਂ ਨਾਲ ਭਰਿਆ ਹੋਇਆ ਸੀ। 'ਸੁਰ-ਸੰਗਮ ਸੰਗੀਤ ਸਕੂਲ' ਦੇ ਸੀਨੀਅਰ ਵਿਦਿਆਰਥੀਆਂ ਦਾ ਸ਼ਬਦ-ਗਾਇਨ ਪ੍ਰੋਗਰਾਮ ਸੀ। ਵਾਰੋ-ਵਾਰੀ ਗਾਇਕ ਕਲਾਕਾਰ ਗੁਰਬਾਣੀ ਸ਼ਬਦਾਂ ਦਾ ਗਾਇਨ ਕਰ ਰਹੇ ਸਨ। ਇਹ ਵੇਖ ਕੇ ਭਾਈ ਸਰਬਜੀਤ ਸਿੰਘ ਬਹੁਤ ਪ੍ਰਸੰਨ ਸੀ। ਸ਼ਾਇਦ ਇਸੇ ਪ੍ਰਸੰਨਤਾ ਕਾਰਨ ਉਹਦੀ ਬਿਰਤੀ ਨਹੀਂ ਸੀ ਜੁੜ ਰਹੀ। ਉਹ ਆਪਣੇ ਸ੍ਵੈਮਾਣ ਨੂੰ ਉੱਚਾ ਹੋਇਆ ਮਹਿਸੂਸ ਕਰ ਰਿਹਾ ਸੀ। ਫਿਰ, ਪਲ ਦੀ ਪਲ ਆਪਣੇ ਆਪ ਨੂੰ ਸਮਝਾਉਣ ਵੀ ਲਗਦਾ। ਗੁਰਬਾਣੀ ਦੀ ਪੰਕਤੀ ਯਾਦ ਕਰਦਾ:

'ਮਨ ਤੂੰ ਮਤ ਮਾਣ ਕਰਹਿ ਜੇ ਹਉ ਕਿਛੁ,  
ਜਾਣਦਾ, ਗੁਰਮੁਖਿ ਨਿਮਾਣਾ ਹੋਹੁ॥'

ਇਹੋ ਜਿਹੇ ਸਮੇਂ ਉਹ ਆਪਣੇ ਇਸ਼ਟ ਤੋਂ ਇਲਾਵਾ ਆਪਣੇ ਉਸਤਾਦ, ਬਾਬਾ ਈਸ਼ਰ ਸਿੰਘ ਨੂੰ ਵੀ ਯਾਦ ਕਰਦਾ।

ਭਾਈ ਸਰਬਜੀਤ ਸਿੰਘ, ਬਾਬਾ ਈਸ਼ਰ ਸਿੰਘ ਨੂੰ ਆਪਣਾ ਰੋਲ ਮਾਡਲ ਜਾਂ ਰਾਹ-ਦਸੇਰਾ ਮੰਨਦਾ ਸੀ। ਉਹਦੇ ਕੋਲੋਂ ਹੀ ਭਾਈ ਸਰਬਜੀਤ ਸਿੰਘ ਨੇ 'ਕੜਾਹ-ਪ੍ਰਸ਼ਾਦ ਦੀ ਦੇਗ' ਤਿਆਰ ਕਰਨ ਤੋਂ ਲੈ ਕੇ ਗੁਰਬਾਣੀ ਦਾ ਪਾਠ, ਸੰਗੀਤ ਕਲਾ ਅਤੇ ਖਾਲਕ ਦੀ ਖਲਕਤ ਦੀ ਸੇਵਾ ਕਰਨੀ ਸਿੱਖੀ।

ਇੱਕ ਸਮਾਂ ਸੀ ਭਾਈ ਸਰਬਜੀਤ ਸਿੰਘ ਨੂੰ ਰਸਮੀ ਵਿੱਦਿਆ ਵੱਲ ਰੁਚੀ ਨਹੀਂ ਸੀ। ਉਹਨੂੰ ਸਰਕਾਰੀ ਸਕੂਲ ਕੈਦ-ਖ਼ਨਾ ਲਗਦਾ। ਹੈਡਮਾਸਟਰ ਥਾਣੇਦਾਰ ਅਤੇ ਮਾਸਟਰ ਸਿਪਾਹੀ ਲਗਦੇ। ਪਹਾੜੇ ਕਦੀ ਉਹਨੂੰ ਯਾਦ ਹੀ ਨਹੀਂ ਹੋਏ। ਗਿਣਤੀ ਲਿਖਣ ਜਾਂ ਪੜ੍ਹਨ ਸਮੇਂ ਅਕਸਰ ਗ਼ਲਤੀ ਖਾ ਜਾਂਦਾ। ਹਿਸਾਬ ਮਾਸਟਰ, ਸਭ ਦੇ ਸਾਹਮਣੇ, ਉਹਨੂੰ ਜਦੋਂ 'ਉਨਾਸੀ' ਲਿਖਣ ਲਈ ਕਹਿੰਦਾ ਤਾਂ ਉਹ ਸੱਤ-ਨੌ ਦੀ ਥਾਂ ਅੱਠ-ਨੌ ਲਿਖ ਦੇਂਦਾ। ਉਨਾਨਵੇਂ ਲਿਖਣ ਲਗਿਆਂ ਨੱਨਾਨਵੇ ਲਿਖ ਦੇਂਦਾ। ਕਲਾਸ ਵਿਚ ਹਾਸਾ ਪੈ ਜਾਂਦਾ। ਇਹ ਹਾਸਾ ਉਹਨੂੰ ਜ਼ਹਿਰ ਲਗਦਾ। ਇੱਥੇ ਹੀ ਬਸ ਨਹੀਂ ਹੁੰਦੀ, ਉਹਨੂੰ ਬਿੱਛੂ-ਬੂਟੀ 'ਤੇ ਨੰਗਿਆਂ ਲਿਟਾਇਆ ਜਾਂਦਾ ਜਾਂ ਕਿਸੇ ਤਕੜੇ ਮੁੰਡੇ ਦੀ ਪਿੱਠ 'ਤੇ ਚੜ੍ਹਾ ਕੇ, ਚਿੱਤੜਾਂ ਉੱਪਰ ਡੰਡੇ ਮਾਰੇ ਜਾਂਦੇ। ਡੰਡੇ ਦੀ ਮਾਰ ਤਾਂ ਉਹ ਸਹਿ ਲੈਂਦਾ ਪਰ ਕਲਾਸ ਵਿਚ ਆਪਣਿਆਂ ਸਾਥੀਆਂ ਸਾਹਮਣੇ ਨੰਗਾ ਹੋਣਾ ਉਹਨੂੰ ਮੌਤ ਲਗਦੀ। ਉਨ੍ਹਾਂ ਪਲਾਂ ਵਿਚ ਉਹ ਧਰਤੀ ਵਿਚ ਲਹਿ ਜਾਣ ਨੂੰ ਲੋਚਦਾ। ਫਿਰ ਇਕ ਦਿਨ

ਉਹਨੇ ਸਕੂਲ ਛੱਡ ਹੀ ਦਿੱਤਾ। ਅੱਠਵੀਂ ’ਚ ਪੜ੍ਹਦਾ ਸੀ। ਬਾਪੂ ਨਾਲ ਖੇਤੀ ਦੇ ਕੰਮ ’ਚ ਪੈ ਗਿਆ। ਦੋ ਕੁ ਵਰ੍ਹੇ ਖੇਤੀ ਦਾ ਕੰਮ ਕਰਦਾ ਰਿਹਾ, ਤੀਜੇ ਵਰ੍ਹੇ ਪੰਜ ਦੀਆਂ ਪੰਜ ਕਨਾਲਾਂ ਹੜ੍ਹ ਨਾਲ ਰੁੜ੍ਹ ਗਈਆਂ। ਪਿੱਛੇ ਰੇਤ, ਕੰਕਰ ਤੇ ਪੱਥਰਾਂ ਦੀਆਂ ਤਹਿਆਂ ਵਿਛ ਗਈਆਂ। ਪਲੇਠੀ ਦਾ ਪੁੱਤਰ ਪਹਿਲਾਂ ਹੀ ਕਸ਼ਮੀਰੀ ਸ਼ਾਲਾਂ ਦੀ ਫੇਰੀ ਦਾ ਕੰਮ ਕਰਨ ਪੰਜਾਬ ਤੁਰ ਗਿਆ ਸੀ। ਸਰਬਜੀਤ ਪੂਰਾ ਸਾਲ ਵਿਹਲਾ ਹੀ ਘੁੰਮਦਾ ਰਿਹਾ। ਮਗਰੋਂ ਮਨਰੇਗਾ ਦਾ ਕਾਰਡ ਬਣਵਾ ਕੇ ਦਿਨ ਸਿਰੋਂ ਲਾਹੁੰਦਾ ਰਿਹਾ। ਇਕ ਦਿਨ ਸਰਬਜੀਤ ਸਿੰਘ ਦੀ ਮੁਲਾਕਾਤ ਬਾਬਾ ਈਸ਼ਰ ਸਿੰਘ ਨਾਲ ਇਹੋ ਜਿਹੀ ਹੋਈ ਕਿ ਉਹ ਬਾਬਾ ਈਸ਼ਰ ਸਿੰਘ ਦਾ ਹੋ ਕੇ ਰਹਿ ਗਿਆ। ਬਾਬਾ ਈਸ਼ਰ ਸਿੰਘ ਨੂੰ ਵੀ ਪਤਾ ਨਹੀਂ ਉਹਦੇ ਵਿਚ ਕੀ ਲੱਭਾ ਕਿ ਉਹਨੂੰ ਭਾ ਗਿਆ। ਜਦੋਂ ਗੁਰਦੁਆਰੇ ਦੀ ਸੇਵਾ ਤੋਂ ਵਿਹਲਾ ਹੁੰਦਾ ਤਾਂ ਸਰਬਜੀਤ ਸਿੰਘ ਨੂੰ ‘ਗੁਰਮੁਖੀ’ ਸਿਖਾਂਦਾ। ਲਗਾਂ-ਮਾਤਰਾਵਾਂ ਦਾ ਉਚਾਰਨ ਵੀ ਸਿਖਾਉਂਦਾ। ਦਿਨਾਂ ਵਿਚ ਪੜ੍ਹਨ ਵਾਲਾ ਸਰਬਜੀਤ ਨਹੀਂ ਸੀ ਰਹਿ ਗਿਆ। ਉਹਨੇ ਸਿੱਧ ਕਰ ਦਿੱਤਾ ਕਿ ਉਹ ਮੰਦ-ਬੁੱਧੀ ਵਾਲਾ ਜੀਵ ਨਹੀਂ ਹੈ। ਬਾਬਾ ਈਸ਼ਰ ਸਿੰਘ ਦੀ ਪਿਆਰ ਭਰੀ ਉਸਤਾਦੀ ਨੇ ਸਰਬਜੀਤ ਸਿੰਘ ਦੀ ਕਾਇਆ ਹੀ ਕਲਪ ਕਰ ਦਿੱਤੀ। ਹੌਲੀ-ਹੌਲੀ ਉਹਨੂੰ ‘ਕੀਰਤਨ’ ਵੱਲ ਵੀ ਰੁਚੀ ਹੋ ਗਈ। ਸੰਗੀਤ ਵਿੱਦਿਆ ਦੀਆਂ ਬਾਰੀਕੀਆਂ ਉਹ ਸਹਿਜੇ ਹੀ ਜਾਣ-ਬੁੱਝ ਗਿਆ। ਬਦਲੇ ਵਿਚ ਸਰਬਜੀਤ ਸਿੰਘ, ਬਾਬਾ ਈਸ਼ਰ ਸਿੰਘ ਦੇ ਨਿੱਕੇ-ਮੋਟੇ ਕੰਮ ਕਰ ਲੈਂਦਾ। ਉਹਦੇ ਰਿਹਾਇਸ਼ੀ ਕਵਾਟਰ ਨੂੰ ਝਾੜਦਾ-ਬੁਹਾਰਦਾ, ‘ਕੜਾਹ-ਪ੍ਰਸ਼ਾਦ ਦੀ ਦੇਗ’ ਤਿਆਰ ਕਰ ਲੈਂਦਾ ਅਤੇ ਕਦੀ-ਕਦੀ ਮੈਲੇ ਹੋਏ ਕੱਪੜੇ ਵੀ ਧੋਹ ਦੇਂਦਾ। ਮਿਹਨਤ ਤੇ ਲਗਨ ਸਦਕਾ ਸਰਬਜੀਤ ਸਿੰਘ ਕੁਝ ਮਹੀਨਿਆਂ ’ਚ ਹੀ ਬਹੁਤ ਸਾਰੇ ਰਾਗ ਤੇ ਰਾਗਣੀਆਂ, ਜਿਵੇਂ ‘ਭੁਪਾਲੀ’, ‘ਮਲਹਾਰ’, ‘ਬਸੰਤ’, ‘ਧਨਾਸਰੀ’, ‘ਸੋਰਠ’, ‘ਮਾਰੂ’ ਤੇ ‘ਜੈਜੈਵੰਤੀ’ ਆਦਿ ਸਿੱਖ ਗਿਆ। ਹੁਣ ‘ਕੀਰਤਨ ਪ੍ਰੋਗਰਾਮ’ ਵਿਚ ਸਰਬਜੀਤ ਸਿੰਘ, ਬਾਬਾ ਈਸ਼ਰ ਸਿੰਘ ਨਾਲ, ਸਾਈਡ ਵਾਜੇ ’ਤੇ ਬਹਿ ਜਾਂਦਾ। ਲੈਅ-ਤਾਲ, ਭਾਵ ਤੋਂ ਛੁੱਟ ਉਹਦਾ ਗਲ਼ਾ ਵੀ ਬਹੁਤ ਸੁਰੀਲਾ ਸੀ। ਬਾਬਾ ਈਸ਼ਰ ਸਿੰਘ, ਵਾਜੇ ’ਤੇ ਜਮ੍ਹਾਂ ਹੋਏ ਰੁਪਈਆਂ ਵਿੱਚੋਂ ਸੌ-ਦੋ ਸੌ ਸਰਬਜੀਤ ਦੀ ਜੇਬ ਵਿਚ ਵੀ ਪਾ ਦੇਂਦਾ।

ਇਕ ਦਿਨ ਪਿੰਡ ਦੇ ਸ਼ਾਂਤ ਵਹਿ ਰਹੇ ਪਾਣੀਆਂ ਵਿਚ ਉੱਥਲ-ਪੁੱਥਲ ਹੋਈ। ‘ਬਰਾਦਰੀ’ ਦੀ ‘ਉੱਚ-ਵਿਦਿਆ’ ਪ੍ਰਾਪਤ ਕੁੜੀ ‘ਗ਼ੈਰ-ਮਜ਼੍ਹਬ’ ਦੇ ਮੁੰਡੇ ਨਾਲ ਭੱਜ ਗਈ। ਸੁਣਦਿਆਂ ਹੀ ਲੋਕਾਂ ਦੇ ਸਾਹ ਸੂਤੇ ਗਏ। ਪਿੰਡ ਵਿਚ ਇਹੋ ਜਿਹੀ ਘਟਨਾ ਪਹਿਲੀ ਵਾਰੀ ਹੋਈ ਸੀ। ਇਸ ਵਹਿਣ ਵਿਚ, ਗੁਰਦਵਾਰੇ ਦਾ ਗ੍ਰੰਥੀ, ਬਾਬਾ ਈਸ਼ਰ ਸਿੰਘ ਵੀ ਵਹਿ ਗਿਆ। ਇਹ ਗੱਲ ਵੀ ਮੈਂ ਦੱਸ ਦੇਂਦਾਂ। ਹੋਇਆ ਇੰਝ:

ਇਸ ਘਟਨਾ ਤੋਂ ਪਰੇਸ਼ਾਨ, ਗੁਰਦਵਾਰੇ ਦਾ ਪ੍ਰਧਾਨ ਪਿੰਡ ਦੇ ਪਤਵੰਤਿਆਂ ਦੀ ਮੀਟਿੰਗ ਬੁਲਾ ਬੈਠਾ। ਸਾਰੇ ਪਤਵੰਤੇ ਪਿੰਡ ਦੇ ਗੁਰਦਵਾਰੇ ਵਿਚ ਇੱਕਠੇ ਹੋਏ। ਬਾਬਾ ਈਸ਼ਰ ਸਿੰਘ ਨੂੰ ਵੀ ਗੁਰਦਵਾਰੇ ਦੀ ‘ਕਮੇਟੀ’ ਨੇ ਬੁਲਾ ਲਿਆ। ਬਾਬੇ ਦੀ ਸਿਆਣਪ ਦੇ ਸਾਰੇ ਹੀ ਕਾਇਲ ਸਨ। ਸਾਰਿਆਂ ਨੇ ਕੁੜੀ ਦੇ ਭੱਜ ਜਾਣ ਦੇ ਸੰਬੰਧ ਵਿਚ ਆਪਣੇ-ਆਪਣੇ ਵਿਚਾਰ ਰੱਖੇ। ਨੌਜਵਾਨ ਮੁੰਡੇ ਬਾਹਵਾਂ ਕੜ੍ਹੰਜ ਕੇ ਮਾਰਨ-ਮਰਨ ’ਤੇ ਤੁਲੇ ਹੋਏ ਸਨ। ਉਨ੍ਹਾਂ ਨੇ ਮੁੰਡੇ ਨਾਲ ਸੰਬੰਧਿਤ ‘ਮਜ਼ਹਬ’ ਦੇ ਲੋਕਾਂ ਵਿਰੁੱਧ ਜੋ ਬਹੁ-ਗਿਣਤੀ ਵਿਚ ਸਨ, ਜਲੂਸ ਕੱਢਣ ਦਾ ਪ੍ਰਸਤਾਵ ਰੱਖਿਆ। ਕੁੜੀ ਦੇ ਪਰਿਵਾਰ ਨੂੰ ਲਾਪਰਵਾਹੀ ਵਰਤਣ ਦੇ ਦੋਸ਼ ਵਿਚ ‘ਬਰਾਦਰੀ’ ਤੋਂ ‘ਛੇਕਿਆ’ ਗਿਆ। ਬਾਬਾ ਈਸ਼ਰ ਸਿੰਘ ਨੇ ਬੋਲਣ ਦਾ ਸਮਾਂ ਲਿਆ। ਆਪਣੀ ਸਿਆਣਪ ਤੇ ਵਿਦਵਤਾ ਅਨੁਸਾਰ ਤੱਤੇ ਹੋਏ ਪਤਵੰਤਿਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਆਖਿਆ:

“ਮੇਰੇ ਭਰਾਵੋ ਤੇ ਪੁੱਤਰਾਂ ਸਮਾਨ ਨੌਜਵਾਨ ਪਤਵੰਤਿਓ! ਅੱਜ ਜਿਹੜੀ ਘਟਨਾ ਸਾਨੂੰ ਅਨਹੋਣੀ ਲਗ ਰਹੀ ਹੈ, ਇਹ ਕੱਲ੍ਹ ਦਾ ਸਹਿਜ ਵਰਤਾਰਾ ਹੋਵੇਗਾ। ਸੰਸਾਰ ਹੁਣ ਇਕ ਪਿੰਡ ਬਣ ਗਿਆ ਹੈ...ਨਿੱਜੀ ਹਿੱਤਾਂ ਨੂੰ ਪਹਿਲ ਦਿੱਤੀ ਜਾ ਰਹੀ ਹੈ। ਧਰਮ, ਮਜ਼੍ਹਬ, ਗੋਤ, ਰੰਗ, ਨਸਲ ਜਾਂ ਜਾਤ-ਪਾਤ

ਨੂੰ ਛੱਡ ਨਿੱਜੀ ਗੁਣਾ-ਅਵਗੁਣਾ ਨੂੰ ਚਿਤਾਰਿਆ ਜਾ ਰਿਹਾ ਹੈ। ਫਿਰ 'ਏਕ ਪਿਤਾ ਏਕਸ ਕੇ ਹਮ ਬਾਰਿਕ' ਜਾਂ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨ ਬੋ' ਜਿਹੇ ਮਹਾਂ-ਵਾਕਾਂ 'ਤੇ ਚਿਤਵਣ ਕਰਦਿਆਂ..."

"ਬਹਿ ਜਾ ਬਹਿ ਜਾ ਮਲੇਛਾ!"...

ਵਿਚੋਂ ਕੁਝ ਬੰਦੇ ਗੁੱਸੇ ਹੋ ਕੇ ਚਿੱਲਾਉਣ ਲਗੇ। ਪਰ ਬਾਬਾ ਵੀ ਬੋਲਣੋ ਨਾ ਹੱਟਿਆ। ਹਾਂ, ਜਿਸ ਨੁਕਤੇ 'ਤੇ ਬੋਲ ਰਿਹਾ ਸੀ ਉਸ ਨੁਕਤੇ ਨੂੰ ਉੱਥੇ ਛੱਡ ਦੂਜੇ 'ਤੇ ਆ ਗਿਆ :

"ਪੁੱਤਰੋ! ਮੇਰੀ ਗੱਲ ਸੁਣੋ, ਫਿਰ ਤੁਸੀਂ ਇਹ ਮੰਨੋ ਜਾਂ ਨ ਮੰਨੋ...।"

ਬਾਬਾ ਸ਼ੋਰ-ਸ਼ਰਾਬੇ ਵਿਚ ਬੋਲਦਾ ਰਿਹਾ। ਉਸਦਾ ਸਾਊਂਡ-ਬੋਕਸ ਵੀ ਉੱਚਾ ਸੀ, ਸੁਣਾਈ ਸਭ ਨੂੰ ਦੇ ਰਿਹਾ ਸੀ।

"...ਕੁੜੀ ਪੜ੍ਹੀ-ਲਿਖੀ, ਐਮ.ਐਸ.ਸੀ. ਕੈਮਿਸਟਰੀ ਦੀ ਲੈਕਚਰਾਰ ਹੈ...ਜ਼ਰਾ ਆਪਣੇ ਵੱਲ ਧਿਆਨ ਮਾਰੋ, ਕੋਈ ਹੈ ਉਸਦੀ ਬਰਾਬਰੀ ਦਾ ... ਸਾਰੇ ਪਿੰਡ ਵਿਚ? ਦੋ ਹਜ਼ਾਰ ਦੀ ਵਸੋਂ ਵਿਚ, ਚਾਰ ਜਾਂ ਪੰਜ ਮੁੰਡੇ ਹੀ ਗ੍ਰੈਜੂਏਟ ਹਨ। ਉਹ ਵੀ ਥਰਡ ਡਿਵੀਜ਼ਨ ਵਿਚ...ਮੇਰੀ ਗੱਲ ਤਹਾਨੂੰ ਬੁਰੀ ਲਗੇਗੀ ਪਰ ਹੈ ਸੱਚ...ਕੁੜੀਆਂ ਤੁਹਾਡੇ ਤੋਂ ਅੱਗੇ ਲੰਘ ਗਈਆਂ ਹਨ...ਮਿਹਨਤ ਕਰੋ...ਸਾਡੇ ਕੋਲ ਮਿਆਰੀ ਸਕੂਲ ਨਹੀਂ...ਕਰੋੜਾਂ ਰੁਪਈਏ ਬੇਲੋੜੇ ਖ਼ਰਚੇ ਜਾਂਦੇ ਨੇ, ਅਰਬਾਂ ਰੁਪਈਆਂ ਦੀਆਂ ਸੋਨੇ ਤੇ ਸੰਗਮਰਮਰ ਦੀਆਂ ਇਮਾਰਤਾਂ, ਗੁਰਦਵਾਰਿਆਂ ਲਈ ਬਣਦੀਆਂ ਹਨ ਜਿੱਥੇ ਵੀਹ ਬੰਦੇ ਵੀ ਪਾਠ ਜਾਂ ਕੀਰਤਨ ਨਹੀਂ ਸੁਣਦੇ...ਜੇ ਵਧੀਆ ਸਕੂਲ ਜਾਂ ਕਾਲਜ ਆਪਣੇ ਕੋਲ ਹੋਣ ਤਾਂ ਆਪਣੀ ਸਭਿਅਤਾ, ਧਰਮ ਤੇ ਭਾਸ਼ਾ ਆਦਿ ਸਾਡੇ ਬੱਚੇ-ਬੱਚਿਆਂ 'ਤੇ ਅਸਰ ਕਰਨ, ਆਪਣੇ ਵਿਰਸੇ ਤੋਂ ਮੋਹ ਭੰਗ ਨ ਹੋਵੇ..."

"ਓ ਨਾਸਤਕਾ! ਤੂੰ ਬਾਬਾ ਬਣਿਆ ਫਿਰਦਾ ਏਂ? ...ਵੱਡਿਆ ਠੱਗਾ! ..."

ਸਰੋਤੇ ਹੋਰ ਤੱਤੇ ਹੋ ਗਏ, ਨੌਜਵਾਨ ਵਾਧੂ । ਗਲ਼ਾ ਫਾੜ-ਫਾੜ ਚਿਲਾਉਣ ਲਗੇ। ਬਾਬਾ ਵੀ ਅੱਜ ਦਿਲ ਦੀ ਭੜਾਸ ਕੱਢਣ ਦੇ ਰੌਂ 'ਚ ਹੋ ਗਿਆ ਸੀ ਪਰ ਪ੍ਰਧਾਨ ਨੇ ਉਹਨੂੰ ਬਾਂਹ ਫੜ ਕੇ ਬਿਠਾ ਦਿੱਤਾ।

ਅਗਲੇ ਦਿਨ ਬਾਬਾ ਈਸ਼ਰ ਸਿੰਘ ਦੀ ਗੁਰਦਵਾਰੇ ਵਿੱਚੋਂ ਛੁੱਟੀ ਹੋ ਗਈ। ਸਰਬਜੀਤ ਸਿੰਘ ਨਾ ਚਾਹੁੰਦਿਆਂ ਵੀ ਬਾਬਾ ਈਸ਼ਰ ਸਿੰਘ ਦੇ ਸਥਾਨ 'ਤੇ ਆ ਗਿਆ। ਉਹ ਹੁਣ 'ਭਾਈ' ਸਰਬਜੀਤ ਸਿੰਘ ਅਖਵਾਉਣ ਲਗਾ। 'ਅੰਮ੍ਰਿਤਧਾਰੀ' ਤਾਂ ਉਹ ਬਹੁਤ ਪਹਿਲਾਂ ਹੋ ਚੁਕਿਆ ਸੀ। ਉਸਦਾ ਵਰਤਣ-ਵਿਉਹਾਰ ਤੇ ਸੇਵਾ ਭਾਵਨਾ 'ਗੁਰਮੁੱਖਾਂ' ਵਾਲੀ ਸੀ। 'ਸਿੱਖੀ-ਸੇਵਕੀ' ਤੋਂ ਛੁੱਟ ਦੁਨੀਆਦਾਰੀ, ਰਾਜਨੀਤੀ, ਅਰਥਚਾਰਾ, ਗਿਆਨ-ਵਿਗਿਆਨ ਅਤੇ ਮਨੋਵਿਗਿਆਨ ਆਦਿ ਬਾਰੇ ਆਪਣੇ ਉਸਤਾਦ, ਬਾਬਾ ਈਸ਼ਰ ਸਿੰਘ ਤੋਂ ਬਹੁਤ ਕੁਝ ਸੁਣ-ਸਮਝ ਚੁਕਿਆ ਸੀ ਜੋ ਆਪਣੇ ਸਮੇਂ ਦਾ ਪਹਿਲਾ ਗ੍ਰੈਜੂਏਟ ਸੀ। ਗੁਰਬਾਣੀ ਪਾਠ, ਕਥਾ, ਕੀਰਤਨ ਉਹਨੂੰ ਵਿਰਸੇ 'ਚੋਂ ਹੀ ਮਿਲਿਆ ਸੀ। ਸੰਗੀਤ ਦਾ ਉਹ ਆਪ ਵੀ ਬਹੁਤ ਸ਼ੌਕੀਨ ਸੀ। ਦੋਵੇਂ, ਵੋਕਲ ਤੇ ਇਟਸਟਰੂਮੇਂਟਲ ਸਿੱਖ ਕੇ ਉਹ ਫ਼ੌਜ ਵਿਚ ਗ੍ਰੰਥੀ ਤੇ ਕੀਰਤਨੀਆ ਭਰਤੀ ਹੋਇਆ ਸੀ। ਆਹਦੇ ਵਜੋਂ ਉਹ ਨਾਇਬ-ਸੂਬੇਦਾਰ ਸੀ। ਉਹ ਮਜ਼੍ਹਬੀ ਤੇਅਸਬ ਤੇ ਸੰਕੀਰਨਤਾ ਤੋਂ ਉੱਪਰ ਉੱਠ ਕੇ ਕੁਝ ਕਰਨਾ ਚਾਹੁੰਦਾ ਸੀ। ਉਹ ਇਸ ਪੇਸ਼ੇ ਵਿਚ ਪੈ ਕੇ ਬਹੁਤਾ ਕੁਝ ਨਹੀਂ ਸੀ ਕਰ ਸਕਿਆ। ਇਸ ਗੱਲ ਦਾ ਉਸਨੂੰ ਆਪੂੰ ਵੀ ਅਹਿਸਾਸ ਸੀ। ਫਿਰ ਵੀ ਕਈ ਧਰਮ-ਨਿਰਪੇਖ, ਰਾਸ਼ਟਰੀ ਸਮਾਗਮਾਂ ਵਿਚ ਭਾਗ ਲੈ ਚੁਕਿਆ ਸੀ। ਰਿਟਾਇਰਮੇਂਟ ਤੋਂ ਬਾਅਦ ਨ ਚਾਹੁੰਦਿਆਂ ਹੋਇਆਂ ਵੀ ਪਿੰਡ ਵਾਲਿਆਂ ਨੇ ਇਹਨੂੰ 'ਗ੍ਰੰਥੀ' ਦੀ ਸੇਵਾ ਸੌਂਪ ਦਿੱਤੀ ਸੀ ਜੋ ਇਹ ਪਿਛਲੇ ਕੁਝ ਵਰ੍ਹਿਆਂ ਤੋਂ ਨਿਭਾ ਰਿਹਾ ਸੀ।

ਕੁੜੀ ਦੇ ਭੱਜਣ ਦੀ ਘਟਨਾ ਅਜੇ ਲੋਕਾਂ ਨੂੰ ਭੁੱਲੀ ਨਹੀਂ ਸੀ ਕਿ ਇਕ ਹੋਰ ਪੜ੍ਹੀ-ਲਿੱਖੀ ਕੁੜੀ 'ਦੂਜੇ ਧਰਮ' ਦੇ ਮੁੰਡੇ ਨਾਲ ਭੱਜ ਗਈ। ਇਸ ਵਾਰੀ ਮਸਲਾ ਬਹੁਤ ਨਹੀਂ ਵਧਿਆ। ਮੁੰਡਾ ਪਸਤ ਜਿਹੇ ਘਰਾਣੇ ਦਾ ਸੀ, ਬਹੁਤੀ ਪਹੁੰਚ ਵਾਲਾ ਨਹੀਂ ਸੀ। ਕੁੜੀ ਦੇ ਮਾਂ-ਪਿਓ ਨੇ ਥਾਣੇ ਵਿਚ ਐਫ.ਆਈ.ਆਰ. ਲਾਜ ਕੀਤੀ ਅਤੇ ਥਾਣੇਦਾਰ ਦੀ ਮੁੱਠੀ ਵੀ ਗਰਮ ਕੀਤੀ। ਥਾਣੇਦਾਰ ਨੇ ਚੌਵੀ ਘੰਟੇ ਦੇ ਅੰਦਰ-ਅੰਦਰ ਕੁੜੀ ਲੱਭ ਕੇ ਲੈ ਆਂਦੀ ਤੇ ਮੁੰਡੇ ਨੂੰ ਜੇਲ੍ਹ ਭੇਜ ਦਿੱਤਾ।

ਸਮੱਸਿਆ ਇਕ ਹੋਰ ਖੜੀ ਹੋ ਗਈ, ਕੁੜੀ ਨੂੰ ਵਿਆਹੁਣ ਦੀ, ਆਪਣੀ ਬਰਾਦਰੀ 'ਚੋਂ ਕੋਈ ਤਿਆਰ ਨ ਹੋਇਆ... ਕੁੜੀ 'ਜੂਠੀ' ਜਾਂ 'ਕਲੰਕਿਤ' ਸਮਝੀ ਜਾਣ ਲਗੀ। 'ਬਰਾਦਰੀ' ਹੋਰ ਸਮਾਂ ਨਸ਼ਟ ਕਰਨਾ ਨਹੀਂ ਸੀ ਚਾਹੁੰਦੀ। ਕੁਝ ਲੋਕਾਂ ਨੂੰ ਭਾਈ ਸਰਬਜੀਤ ਸਿੰਘ ਦਾ ਖ਼ਿਆਲ ਆਇਆ ਤਾਂ ਸਾਰੇ ਸਹਿਮਤ ਹੋ ਗਏ। ਕੁੜੀ ਦੇ ਮਾਂ-ਪਿਓ ਵੀ ਸੰਗ 'ਚ ਫਸੀ ਹੱਡੀ ਨੂੰ ਛੇਤੀ ਕੱਢਣਾ ਚਾਹੁੰਦੇ ਸਨ। ਭਾਈ ਸਰਬਜੀਤ ਸਿੰਘ ਨੂੰ ਕੁੜੀ ਅਪਨਾਉਣ ਲਈ ਕਿਹਾ ਗਿਆ। ਕੰਵਾਰੇ, ਭਾਈ ਸਰਬਜੀਤ ਸਿੰਘ ਨੇ, ਬਹੁਤ ਕੁਝ ਸੋਚ ਕੇ, ਬਹੁਤੀ ਨਾ-ਨੁਕਰ ਨਾ ਕੀਤੀ, ਅਤੇ 'ਹਾਂ' ਕਰ ਲਈ। ਆਖ਼ਰ ਕੁੜੀ ਦੀ 'ਹਾਂ' ਜਾਂ 'ਨਾ' ਦੀ ਪਰਵਾਹ ਕਰਨ ਤੋਂ ਬਿਨਾਂ ਹੀ, ਕੁੜੀ ਨੂੰ 'ਅੰਮ੍ਰਿਤਪਾਨ' ਕਰਵਾ ਕੇ 'ਲਾਵਾਂ' ਪੜ੍ਹਵਾ ਲਈਆਂ। ਭਾਈ ਸਰਬਜੀਤ ਸਿੰਘ ਗ੍ਰਹਿਸਤੀ ਹੋ ਗਿਆ।

ਇਕ ਦਿਨ ਸ਼ਾਂਤ ਪਾਣੀਆਂ 'ਚ ਲਹਿਰਾਂ ਫਿਰ ਉੱਠੀਆਂ, ਕੁੜੀ ਨੇ ਭਾਈ ਸਰਬਜੀਤ ਸਿੰਘ ਉੱਤੇ ਨੁਕਤਾਚੀਨੀ ਕਰਨੀ ਸ਼ੁਰੂ ਕਰ ਦਿੱਤੀ। ਕਹੇ ਦਕਿਆਨੂਸੀ ਹੈ...ਕਿਸੇ ਰਿਸ਼ਤੇਦਾਰ ਜਾਂ ਬਾਜ਼ਾਰ ਜਾਣ ਵੇਲੇ ਵੀ ਪੈਂਟ-ਸ਼ਰਟ ਦੀ ਥਾਂ ਲੰਮੀ 'ਫਰਾਕ' ਜਿਹੀ ਪਾ ਲੈਂਦਾ...ਸੈਂਟ-ਸ਼ੈਂਪੂ ਕਦੀ ਇਸਤੇਮਾਲ ਹੀ ਨਹੀਂ ਕਰਦਾ...ਕੱਛਾਂ 'ਚੋਂ ਬਦਬੂ ਆਉਂਦੀ ਹੈ, ਦਾੜ੍ਹੀ ਦੇ ਵਾਲ ਜਿਵੇਂ ਸੁੱਕੇ ਘਾਹ ਦੇ ਤੀਲੇ ਹਨ। ਅਤੇ ਹੋਰ ਬਹੁਤ ਕੁਝ।

ਭਾਈ ਸਰਬਜੀਤ ਸਿੰਘ ਹਾਰ ਕੇ ਵਹੁਟੀ ਦੀਆਂ ਗੱਲਾਂ ਸਹਿ ਲੈਂਦਾ ਰਿਹਾ। ਪਰ ਜਦੋਂ ਘਰਵਾਲੀ ਸਾਰੇ ਹੱਦ-ਬੰਨੇ ਹੀ ਟੱਪਣ ਲਗੀ ਤਾਂ ਉਸ ਇਕ ਦਿਨ ਸਾਫ਼ ਕਹਿ ਦਿੱਤਾ:

"ਮੈਂ ਜੋ ਬਣਨਾ ਸੀ ਬਣ ਗਿਆ ਅਤੇ ਜੋ ਮੈਂ ਹਾਂ ਬਦਲ ਨਹੀਂ ਸਕਦਾ ਤੇ ਬਦਲਣ ਦੀ ਮੈਨੂੰ ਲੋੜ ਵੀ ਨਹੀਂ...ਤੂੰ ਜੋ ਕਰਨਾ ਕਰ ਲੈ...।"

ਇਕ ਦਿਨ ਮੌਕਾ ਭਾਲ ਕੇ ਸਰਬਜੀਤ ਸਿੰਘ ਦੀ ਘਰਵਾਲੀ ਭੱਜ ਗਈ। ਇਸ ਵਾਰੀ ਨਾ ਸਰਬਜੀਤ ਸਿੰਘ ਨੇ ਪਿੱਛਾ ਕੀਤਾ ਨਾ ਹੀ ਪਿੰਡ ਦੇ ਲੋਕਾਂ ਨੇ ਪਰਵਾਹ ਕੀਤੀ। ਨਵੀਂ ਗੱਲ ਨੌਂ ਦਿਨ ਰਹੀ, ਫਿਰ ਆਈ-ਗਈ ਹੋ ਗਈ। ਭਾਈ ਸਰਬਜੀਤ ਸਿੰਘ ਸਹਿਜ ਬਣਿਆ ਰਿਹਾ। ਅੰਤਰਆਤਮੇ ਕੁਝ ਮਹਿਸੂਸ ਕੀਤਾ ਜਾਂ ਨਾ ਪਰ ਬਾਹਰ ਕਿਸੇ ਮੂਹਰੇ ਕੂਇਆ ਨਾ। ਆਪਣੇ ਕੰਮ ਵਿਚ ਰੁੱਝਿਆ ਰਿਹਾ।

ਭਾਈ ਸਰਬਜੀਤ ਸਿੰਘ ਨੂੰ ਮੁੜ ਕਿਸੇ ਹੋਰ ਜੀਵਨ-ਸਾਥੀ ਦਾ ਨਸੀਬ ਨਾ ਹੋਇਆ। ਕਦੀ-ਕਦੀ ਇਕੱਲ ਨੂੰ ਮਾਰਨ ਲਈ ਘਰ ਚਲਾ ਜਾਂਦਾ। ਜਦੋਂ ਮਾਂ-ਪਿਉ ਵੀ ਨਾ ਰਹੇ ਤਾਂ ਮੁੜ ਇਕੱਲ ਨਾਲ ਸਮਝੌਤਾ ਕਰ ਲਿਆ। ਗੁਰਦਵਾਰੇ ਦੇ ਰਿਹਾਇਸ਼ੀ ਕਵਾਟਰ ਵਿਚ ਹੀ ਰਹਿਣ ਲਗਾ। ਰੋਟੀ-ਟੁਕ, ਦੋਵੇਂ ਵੇਲੇ, ਪਿੰਡ ਦੀ ਬਸਤੀ ਵਿੱਚੋਂ ਹੀ ਵਾਰੀ ਤੌਰ ਆ ਜਾਂਦੇ। ਕਦੀ-ਕਦੀ ਤਬਲਚੀ ਵੀ ਇਹਦੇ ਕੋਲ ਰਾਤੀਂ ਠਹਿਰ ਜਾਂਦਾ। ਵੰਡ ਕੇ ਦੋ-ਦੋ ਗਰਾਹੀਆਂ ਖਾ ਲੈਂਦੇ।

ਇਕ ਦਿਨ ਭਾਈ ਸਰਬਜੀਤ ਸਿੰਘ ਦਾ ਬੀ.ਪੀ. ਹਾਈ ਹੋ ਗਿਆ। ਸਟਰੋਕ ਇਹੋ ਜਿਹਾ ਆਇਆ ਕਿ ਉਹਦਾ ਖੱਬਾ ਪਾਸਾ ਪ੍ਰਭਾਵਿਤ ਹੋ ਗਿਆ। ਕਈ ਦਿਨ ਤੱਕ ਹਸਪਤਾਲ ਰਿਹਾ। ਦਵਾਈਆਂ ਤੋਂ ਇਲਾਵਾ ਵਰਜ਼ਿਸ਼ ਵੀ ਕਰਦਾ ਰਿਹਾ। ਤਿੰਨ ਮਹੀਨੇ ਬਾਅਦ ਲੱਤ ਤੇ ਬਾਂਹ ਕੁਝ ਕਰਨ ਯੋਗ ਹੋ

ਗਈ। ਖੱਬੀ ਅੱਖ ਥੋੜ੍ਹੀ ਟੇਡੀ ਜਿਹੀ ਹੋਈ ਪਰ ਰੌਸ਼ਨੀ ਬਰਕਰਾਰ ਰਹੀ। ਉਚਾਰਣ ਥੋੜ੍ਹਾ ਹਕਲਾਉਣ ਵਾਲਾ ਹੋ ਗਿਆ। ਪਰ ਕੀਰਤਨ ਕਰਨ ਲਗਿਆਂ ਰੱਤੀ ਭਰ ਵੀ ਫ਼ਰਕ ਨਾ ਪੈਂਦਾ, ਉਂਝ ਦਾ ਉਂਝ। ਰਸ ਭਿੰਨਾ, ਊਰਜਾ ਤੇ ਭਾਵ ਸਹਿਤ। ਜਿਵੇਂ ਕੋਈ ਅਲੌਕਿਕ ਸ਼ਕਤੀ ਉਸਦੇ ਅੰਦਰ ਇਹ ਸਭ ਕੁਝ ਕਰਵਾ ਰਹੀ ਹੋਵੇ। ਸੁਣਨ ਵਾਲੇ ਦੰਗ ਰਹਿ ਜਾਂਦੇ। ਲੁੰਜੀ ਬਾਂਹ ਵੀ ਹਰਮੋਨੀਅਮ ਦਾ ਪੱਖਾ ਭਲੀ-ਭਾਂਤੀ ਚਲਾ ਲੈਂਦੀ।

ਇਕ ਦਿਨ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਭਾਈ ਸਰਬਜੀਤ ਸਿੰਘ ਨੂੰ ਦਫ਼ਤਰ ਵਿਚ ਬੁਲਾਇਆ। ਕਿਹਾ:

"ਮੈਂ ਕਿਹਾ...ਤੁਸੀਂ ਹੁਣ ਕੀਰਤਨ ਦੀ ਸੇਵਾ ਨਹੀਂ ਨਿਭਾ ਸਕਦੇ...ਮੈਂ ਕਿਹਾ...ਸੰਗਤ ਨੂੰ ਸ਼ੈਦ ਰਸ ਨਹੀਂ ਆ ਰਿਹਾ...ਮੈਂ ਕਿਹਾ ਫਿਰ...ਤੁਸੀਂ ਆਪ ਸਿਆਣੇ ਹੋ...ਸੋਚ ਲੋ..."

ਇਹ ਸੁਣ ਕੇ ਭਾਈ ਸਰਬਜੀਤ ਸਿੰਘ ਨੂੰ ਪਹਿਲਾਂ ਨਾਲੋਂ ਵੀ ਵੱਡਾ ਸਟ੍ਰੋਕ ਆਇਆ। ਉਹਨੂੰ ਲਗਿਆ ਜਿਵੇਂ ਅੰਦਰ ਦੀਆਂ ਸਾਰੀਆਂ ਨਾੜੀਆਂ ਇੱਕੋ ਵਾਰੀ ਫੱਟ ਗਈਆਂ ਹੋਣ ਅਤੇ ਉਹਦਾ ਸਮੁੱਚਾ ਸਰੀਰ ਨਕਾਰਾ ਹੋ ਗਿਆ ਹੋਵੇ। ਉਸਨੂੰ ਇੰਝ ਵੀ ਲੱਗਾ ਜਿਵੇਂ ਕਿਸੇ ਨੇ ਚੁੱਕ ਕੇ ਡੂੰਘੇ ਖ਼ੂਹ ਵਿਚ ਸੁੱਟ ਦਿੱਤਾ ਹੋਵੇ ਅਤੇ ਉਹ ਹੇਠਾਂ ਡੁੱਬਦਾ ਜਾ ਰਿਹਾ ਹੋਵੇ। ਪ੍ਰਧਾਨ ਨੇ ਕਹਿਣਾ ਜਾਰੀ ਰਖਿਆ ਸੀ:

"ਮੈਂ ਕਿਹਾ! ...ਤਿੰਨ ਮਹੀਨੀਆਂ ਦਾ ਵੇਤਨ ਤੈਨੂੰ ਅਗਾਊਂ ਦੇ ਦਿਆਂਗੇ ਜੋ ਪੰਦਰਾਂ ਹਜ਼ਾਰ ਬਣਦਾ ਹੈ...ਉਂਝ...ਮੈਂ ਕਿਹਾ...ਇਕ ਮਹੀਨੇ ਤੋਂ ਵੱਧ ਦੇਣ ਦੀ ਸਾਡੀ ਪਰੰਪਰਾ ਨਹੀਂ...ਤੇਰੀ ਬਿਮਾਰੀ ਨੂੰ ਮੁੱਖ ਰੱਖ ਕੇ ਇਕ ਹਜ਼ਾਰ ਹੋਰ ਵੀ ਦੇ ਦਿਆਂਗੇ..ਸੌਲ੍ਹਾਂ ਹਜ਼ਾਰ ਹੋ ਗਿਆ...ਮੈਂ ਕਿਹਾ...ਬਾਕੀ ਤੂੰ ਆਪ ਸਿਆਣਾ ਏਂ...ਸੋਚ ਲੈ! ਮੈਂ ਕਿਹਾ...ਮੇਰੀ ਮਜ਼ਬੂਰੀ ਆ..."

ਭਾਈ ਸਰਬਜੀਤ ਸਿੰਘ ਨੇ ਕਿਤਨਾ ਕੁ ਸੁਣਿਆ? ਪਤਾ ਨਹੀਂ। ਹਾਂ, ਉਸ ਠੰਡੇ ਪਾਣੀ ਦਾ ਗਿਲਾਸ ਜ਼ਰੂਰ ਪੀਤਾ। ਸੁਰਤ ਸੰਭਾਲੀ ਤੇ ਖਿੜਕੀ ਵਾਲੇ ਸ਼ੀਸ਼ੇ 'ਚੋ ਦੂਰ ਦਿਸਹੱਦਿਆਂ ਵੱਲ ਤਕਦਾ ਬੋਲਿਆ:

"ਠੀਕ ਆ!"

ਭਾਈ ਸਰਬਜੀਤ ਸਿੰਘ ਦੇ ਅੰਦਰ ਕਿਤਨੀ ਟੁੱਟ-ਭੱਜ ਹੋਈ? ਨਾ ਕਿਸੇ ਵੇਖੀ ਤੇ ਨਾ ਜਾਣੀ। ਪਿਛਲੇ ਪੰਜੀ ਸਾਲ ਦਾ ਸਾਰਾ ਸਮਾਂ ਉਹਦੀਆਂ ਅੱਖਾਂ ਮੂਹਰੇ ਘੁੰਮ ਗਿਆ। ਉਸ ਆਪਣੇ ਅੰਦਰ ਦੀ ਤਾਕਤ ਤੀਲਾ-ਤੀਲਾ ਕਰਕੇ ਜੋੜੀ। ਸੋਚਿਆ ਪੰਜਤਾਲੀ ਸਾਲ ਦੀ ਉਮਰ ਅਜੇ ਬੁਢਾਪੇ ਦੀ ਉਮਰ ਨਹੀਂ...ਕਰਨ ਨੂੰ ਉਹ ਬਹੁਤ ਕਰ ਸਕਦਾ ਹੈ। ਦੁਮੇਲ ਉੱਪਰ ਨਜ਼ਰਾਂ ਗੱਡ ਕੇ ਵੇਖਦਾ ਹੋਇਆ ਉਹ ਬਹੁਤ ਕੁਝ ਭਵਿੱਖ ਦਾ ਵੇਖ ਗਿਆ। ਭਾਈ ਸਰਬਜੀਤ ਸਿੰਘ ਨੂੰ ਕਿਸੇ ਮਹਾਨ ਸ਼ਕਤੀ ਨੇ ਮਹਾਨ ਪਹਿਲਵਾਨ ਵਾਂਗ, ਚਿਤ ਹੋਣ ਤੋਂ ਪਹਿਲਾਂ ਹੀ ਖੜਾ ਕਰ ਦਿੱਤਾ। ਉਸ 'ਫ਼ਤਹਿ' ਬੁਲਾਈ ਤੇ ਆਪਣੇ ਰਾਹ ਪੈ ਗਿਆ।

'ਗੁਰਦਵਾਰਾ ਪ੍ਰਬੰਧਕ ਕਮੇਟੀ' ਦੇ ਪ੍ਰਧਾਨ ਨੇ ਆਪਣਾ ਹੀ ਭਾਣਜਾ ਭਾਈ ਸਰਬਜੀਤ ਦੀ ਥਾਂ 'ਤੇ ਨਿਯੁਕਤ ਕਰ ਦਿੱਤਾ। ਭਾਵੇਂ ਉਹ ਰੱਜੇ-ਪੁੱਜੇ ਘਰ ਦਾ ਸੀ ਪਰ ਕਈ ਸਾਲਾਂ ਤੋਂ ਬਾਰ੍ਹਵੀਂ ਫੇਲ੍ਹ ਹੋਣ ਕਰਕੇ ਖ਼ਾਨਦਾਨ ਵੱਟਾ ਜਿਹਾ ਲਗਿਆ ਮਹਿਸੂਸ ਕਰ ਰਿਹਾ ਸੀ। ਇਹ ਪਾਸਾ ਵੀ ਮੁੰਡੇ ਨੂੰ ਡੁੱਬਣੋਂ ਬਚਾ ਸਕਦਾ ਸੀ। ਤੂਤੀ ਵਜ ਗਈ ਤਾਂ 'ਮਾਇਆ ਦੇ ਗੱਫੇ' ਅਤੇ ਝੁਕ-ਝੁਕ ਸਲਾਮਾਂ ਵੱਖ ! ਉਸ ਸਰਬਜੀਤ ਤੋਂ ਹੀ ਚਾਰ-ਪੰਜ ਸ਼ਬਦ ਹਾਰਮੋਨੀਅਮ 'ਤੇ ਗਾਉਣੇ ਸਿੱਖ ਲਏ ਸਨ। ਜਦੋਂ ਸਾਈਡ ਵਾਜੇ ਵਾਲਾ ਨਾ ਹੁੰਦਾ ਤਾਂ ਇਹੀ ਨਾਲ ਬਹਿ ਜਾਂਦਾ ਸੀ। ਗੁਰਬਾਣੀ ਦਾ ਪਾਠ ਵੀ ਅੱਧ-ਪਚੱਧਾ ਜਿਹਾ ਕਰ

ਲੈਂਦਾ। ਕਿਸੇ ਬੰਨੇ ਲੱਗਿਆ ਨਾ ਵੇਖ ਪ੍ਰਧਾਨ ਨੇ ਮੌਕਾ ਗਨੀਮਤ ਜਾਣ ਕੇ ਪਹਿਲਾਂ ਪੰਜ ਤੇ ਫਿਰ ਅੱਠ ਹਜ਼ਾਰ ਮਹੀਨਾ ਵਧਾ ਕੇ 'ਗੁਰਦਵਾਰੇ ਸਹਿਬ' ਦਾ ਗ੍ਰੰਥੀ ਥਾਪ ਦਿੱਤਾ।

ਭਾਈ ਸਰਬਜੀਤ ਸਿੰਘ ਨੇ ਢੱਠੇ ਹੋਏ ਘਰ ਨੂੰ ਮੁੜ ਕਾਇਮ ਕੀਤਾ। ਪਹਿਲਾਂ ਆਪਣੇ ਅਤੇ ਆਪਣੇ ਸਾਜ਼ ਲਈ ਛੱਤ ਬਣਵਾਈ। ਦੌੜ-ਭੱਜ ਕਰਕੇ ਬੈਂਕ ਤੋਂ ਲੋਨ ਵੀ ਲੈ ਲਿਆ। ਦੋ ਕਮਰੇ ਤੇ ਇਕ ਵੱਡਾ ਹਾਲ ਤਿਆਰ ਕਰ ਲਿਆ। ਇਸ ਸਕੂਲ ਦਾ ਨਾਂ ਰਖਿਆ: 'ਸੁਰ-ਸੰਗਮ ਸੰਗੀਤ ਸਕੂਲ'।

ਸੰਗੀਤ ਦੇ ਸ਼ੌਕੀਨ ਬੱਚੇ-ਬੱਚੀਆਂ ਦੜਾ-ਦੜ ਸਕੂਲ ਵਿਚ ਦਾਖ਼ਲਾ ਲੈਣ ਲੱਗ ਪਏ। ਜੋ ਬੱਚੀਆਂ ਦਿਨੇ ਸਕੂਲ ਨਹੀਂ ਸਨ ਜਾ ਸਕਦੀਆਂ ਉਨ੍ਹਾਂ ਲਈ 'ਕਟਿੰਗ-ਟੇਲਰਿੰਗ' ਦੀ ਸਿਖਲਾਈ ਦਾ ਕੰਮ ਵੀ ਆਰੰਭ ਕਰ ਦਿੱਤਾ। ਇਸ ਕੰਮ ਦੀ ਸਿਖਲਾਈ ਲਈ ਵਧੀਆ ਉਸਤਾਦ ਵੀ ਰੱਖ ਲਏ। ਯਤੀਮ ਤੇ ਗ਼ਰੀਬ ਬੱਚੇ-ਬੱਚੀਆਂ ਨੂੰ ਮੁਫ਼ਤ ਦਾਖ਼ਲਾ ਦੇ ਦਿੱਤਾ। ਸ਼ਾਮੀ ਭਿੰਨ-ਭਿੰਨ ਰਾਗਾਂ ਵਿਚ ਸੁਰਤਾਲ ਛਿੜਦੇ ਤੇ ਦੂਰ ਤੀਕ ਸੁਣਾਈ ਦੇਣ ਵਾਲਿਆਂ ਨੂੰ ਮੰਤਰ-ਮੁਗਧ ਕਰ ਦੇਂਦੇ। ਯਤੀਮ ਬੱਚਿਆਂ ਨਾਲ ਹਮਦਰਦੀ ਰੱਖਣ ਵਾਲੇ ਅਤੇ ਸੰਗੀਤ ਨਾਲ ਮਸ ਰੱਖਣ ਵਾਲੇ ਵੀ ਭਾਈ ਸਰਬਜੀਤ ਸਿੰਘ ਨੂੰ ਆਪਣਾ 'ਯੋਗਦਾਨ' ਦੇਂਦੇ। ਭਾਈ ਸਰਬਜੀਤ ਸਿੰਘ ਦੀ ਜੈ-ਜੈ ਕਾਰ ਹੋਣ ਲੱਗੀ। ਉਸਦੇ ਚਿਰਾਂ ਦੇ ਮਾਂ-ਪਿਉ ਦਾ ਉਜੜਿਆ ਘਰ-ਬਾਰ ਆਬਾਦ ਹੋ ਗਿਆ, ਕਣ-ਕਣ ਵਿਚ ਖਿੜਾਉ ਆ ਗਿਆ।...

ਸਕੱਤਰ ਨੇ ਭਾਈ ਸਰਬਜੀਤ ਸਿੰਘ ਦਾ ਨਾਂ ਲਿਆ, ਭਾਈ ਸਰਬਜੀਤ ਸਿੰਘ ਤ੍ਰਬਕਿਆ। ਸ਼ਰਮਿੰਦਾ ਜਿਹਾ ਹੋਇਆ, ਵੇਖਿਆ, ਇਹ ਤਾਂ ਗੁਰਦਵਾਰੇ ਬੈਠਾ ਹੈ! ਉਸ ਦੀਆਂ ਯਾਦਾਂ ਦੀ ਲੜੀ ਟੁੱਟ ਗਈ। ਉਹਨੂੰ ਆਪਣੇ 'ਸੁਰ-ਸੰਗਮ ਸੰਗੀਤ ਸਕੂਲ' ਦੇ ਸੀਨੀਅਰ ਵਿਦਿਆਰਥੀਆਂ ਦੇ ਸ਼ਬਦ ਗਾਇਣ ਸਮਾਰੋਹ ਦਾ ਚੇਤਾ ਆਇਆ। ਦੋ ਘੰਟੇ ਬੀਤ ਚੁਕੇ ਸਨ। ਹੁਣ 'ਮਾਣ-ਸਨਮਾਨ' ਦਾ ਪ੍ਰੋਗਰਾਮ ਚਲ ਰਿਹਾ ਸੀ।

ਸਕੱਤਰ ਨੇ ਰਸਮੀ ਤੌਰ ਭਾਈ ਸਰਬਜੀਤ ਸਿੰਘ ਦੀ ਜਾਣ-ਪਹਿਚਾਣ ਕਰਵਾਈ। ਆਖਿਆ:

"ਭਾਈ ਸਰਬਜੀਤ ਸਿੰਘ ਜੀ ਕਿਸੇ ਤਾਰੀਫ਼ ਦੇ ਮੁਹਤਾਜ ਨਹੀਂ...ਸੁਰਸੰਗਮ ਸੰਗੀਤ ਸਕੂਲ ਦੇ ਮਾਲਕ ਤੇ ਚੇਅਰਮੈਨ ਹਨ। ਇਹ ਸਾਡੇ ਪਿੰਡ ਦੀ ਸ਼ਾਨ ਹਨ, ਪਿੰਡ ਨੂੰ ਇਨ੍ਹਾਂ ਉੱਪਰ ਮਾਣ ਹੈ। ਇਸ ਵਿਚ ਕੋਈ ਅਤਕਥਨੀ ਨਹੀਂ ਕਿ ਭਾਈ ਸਰਬਜੀਤ ਸਿੰਘ ਇਕ ਮਿਸਾਲ ਹਨ ਜੋ ਪਿੰਡ ਨਿਵਾਸੀਆਂ ਦਾ ਮਾਰਗ-ਦਰਸ਼ਨ ਕਰ ਰਹੇ ਹਨ...। ਹੁਣ ਉਨ੍ਹਾਂ ਅੱਗੇ ਮੇਰੀ ਨਿਮਰ ਬੇਨਤੀ ਹੈ ਕਿ ਉਹ ਪਿੰਡ ਨਿਵਾਸੀਆਂ ਵੱਲੋਂ ਦਿੱਤਾ ਗਿਆ ਤੁੱਛ ਜਿਹਾ ਸਨਮਾਨ ਪਗੜੀ, ਸ਼ਾਲ ਤੇ ਕੁਝ ਨਕਦੀ ਕਬੂਲ ਕਰਕੇ ਸਾਡਾ ਮਾਣ ਵਧਾਣ। ਗੁਰਦਵਾਰਾ ਸਾਹਿਬ ਦੇ ਪ੍ਰਧਾਨ ਇਹ ਸਨਮਾਨ ਭਾਈ ਸਰਬਜੀਤ ਸਿੰਘ ਨੂੰ ਪ੍ਰਦਾਨ ਕਰਨ ਦੀ ਖੇਚਲ ਕਰਨਗੇ। ਭਾਈ ਸਰਬਜੀਤ ਸਿੰਘ ਜੀ !"

ਭਾਈ ਸਰਬਜੀਤ ਸਿੰਘ ਲਿਫਦਾ-ਲਿਫਦਾ ਅੱਗੇ ਵੱਧਿਆ। ਸਟੇਜ 'ਤੇ ਪੁੱਜਣ ਤੋਂ ਪਹਿਲਾਂ ਕਿਸੇ ਬੈਠੇ ਹੋਏ ਪੁਰਸ਼ ਨਾਲ ਵੱਜਾ, ਪਰ ਡਿੱਗਿਆ ਨਾ। ਡਿਗਦਾ-ਡਿਗਦਾ ਸੰਭਲ ਗਿਆ। ਔਰਤਾਂ ਦੇ ਪਾਸੇ 'ਚੋਂ ਕਿਸੇ ਔਰਤ ਨੇ ਛੇਤੀ-ਛੇਤੀ ਉੱਠ ਕੇ ਸਹਾਰਾ ਦਿੱਤਾ ਤੇ ਮੋਢਿਆਂ ਤੋਂ ਫੜ ਕੇ ਸਟੇਜ ਵੱਲ ਲੈ ਗਈ। ਸਾਰੀ 'ਸੰਗਤ' ਔਰਤ ਵਲ ਵੇਖਣ ਲਗ ਪਈ, ਕੌਣ ਹੈ ਇਹ? ਕੋਈ ਪਛਾਣਦਾ ਜਾਂ ਨਾ ਪਰ ਭਾਈ ਸਰਬਜੀਤ ਸਿੰਘ ਨੇ ਔਰਤ ਨੂੰ ਪਛਾਣ ਲਿਆ ਸੀ। ਕਿਹਾ ਕੁਝ ਨਹੀਂ। ਪਲ ਦੀ ਪਲ, ਦਿਲ 'ਚ ਕਿਤਨੇ ਸਾਰੇ ਖ਼ਿਆਲ ਆਏ ਪਰ ਆਈ-ਗਈ ਕਰ ਲਈ, ਸੋਚਿਆ ਚਲੋ ਵਾਪਸ ਤਾਂ ਆ ਗਈ। ਇਹ ਵੀ ਠੀਕ ਸਮਾਂ ਹੈ।...

ਭਾਈ ਸਰਬਜੀਤ ਸਿੰਘ ਜੀ ਪ੍ਰਧਾਨ ਸਾਹਿਬ ਦੇ ਮੂਹਰੇ ਅੱਖਾਂ ਪਾ ਕੇ ਖੜਾ ਹੋ ਗਿਆ।

"ਮੈਂ ਕਿਹਾ...ਬਹੁਤ ਵਧੀਆ" ਪ੍ਰਧਾਨ ਸਹਿਬ ਖਸਿਆਨਾ ਜਿਹਾ ਮੁਸਕਰਾਉਂਦਾ ਹੋਇਆ ਬੋਲਿਆ। ਪਰ ਭਾਈ ਸਰਬਜੀਤ ਸਿੰਘ ਦੀਆਂ ਅੱਖਾਂ ਦੀ ਤਾਅਬ ਨ ਝੱਲ ਸਕਿਆ। ਅੱਖਾਂ ਨੀਵੀਆਂ ਪਾ ਲਈਆਂ। ਜਿਵੇਂ-ਤਿਵੇਂ ਭਾਈ ਸਰਬਜੀਤ ਸਿੰਘ ਨੂੰ ਪੱਗ ਬੰਨ੍ਹ ਲਈ।

ਭਾਈ ਸਰਬਜੀਤ ਸਿੰਘ ਨੇ ਸਿਰ 'ਤੇ ਵਲ੍ਹੇਟੀ ਪੱਗ ਨੂੰ ਹੱਥ ਲਾ ਕੇ ਮਹਿਸੂਸ ਕੀਤਾ। ਪ੍ਰਧਾਨ ਨੇ ਸ਼ਾਲ ਦੀਆਂ ਤਹਿਆਂ ਵੀ ਕਾਹਲੀ ਨਾਲ ਖੋਲ੍ਹੀਆਂ ਤੇ ਭਾਈ ਸਰਬਜੀਤ ਸਿੰਘ ਦੇ ਗਲ਼ ਵਿਚ ਪਾ ਲਈ। ਨਕਦੀ ਦਾ ਲਿਫ਼ਾਫ਼ਾ ਹੱਥ ਵਿਚ ਫੜਾਇਆ। ਉਸ ਨਕਦੀ ਨੂੰ ਮੌਕਾ ਲਗਦਿਆਂ ਹੀ, ਅਛੋਪਲੇ ਜਿਹੇ ਵੇਖ ਲਿਆ, ਸੌਲ੍ਹਾਂ ਹਜ਼ਾਰ ਸੀ। ਭਾਈ ਸਰਬਜੀਤ ਸਿੰਘ ਨੇ ਸ਼ਾਲ ਆਪਣੇ ਗਲ਼ 'ਚੋਂ ਕੱਢ ਕੇ ਖੱਬੇ ਪਾਸੇ ਖੜੀ ਔਰਤ ਦੇ ਮੋਢਿਆਂ 'ਤੇ ਰੱਖ ਦਿੱਤੀ। ਨਕਦੀ ਵਾਲਾ ਲਿਫ਼ਾਫ਼ਾ ਪ੍ਰਧਾਨ ਨੂੰ ਮੋੜਦਿਆਂ ਕਿਹਾ:

"ਗ੍ਰੰਥੀ ਸਾਹਿਬ ਦੀ ਤਨਖ਼ਾਹ ਲਈ ਵਰਤ ਲੈਣਾ।"

ਪ੍ਰਧਾਨ ਸਾਹਿਬ ਨੇ ਬਿਨਾਂ ਕਿਸੇ ਨਾ-ਨੁਕਰ ਦੇ ਲਿਫ਼ਾਫ਼ਾ ਰੱਖ ਲਿਆ। ਉਹਦੀ ਨਜ਼ਰ ਭਾਈ ਸਰਬਜੀਤ ਸਿੰਘ ਦੀ ਲੁੰਜੀ ਬਾਂਹ ਵੱਲ ਸੀ ਜੋ ਅਜੇ ਵੀ ਹਿੱਲ ਰਹੀ ਸੀ। ਉਹਨੂੰ ਲਗਾ ਜਿਵੇਂ ਲੁੰਜੀ ਬਾਂਹ ਭਾਈ ਸਰਬਜੀਤ ਸਿੰਘ ਦੀ ਨਹੀਂ ਸੀ ਉਹਦੀ ਸੀ।

ਕਹਾਣੀ

# ਡਾਕਟਰ ਮਿਹਰਬਾਨ

❑ ਮੂਲ ਡੋਗਰੀ : ਛੱਤਰਪਾਲ
❑ ਪੰਜਾਬੀ ਰੂਪ : ਮਨਜੀਤ ਸਿੰਘ ਕਾਮਰਾ

ਕਿਸੇ ਪਿੰਡ ਦੇ ਇਕ ਬਾਗ ਵਿਚ ਅੰਬ ਦੇ ਰੁੱਖ 'ਤੇ, ਕਿਸੇ ਵੇਲੇ ਇਕ ਤੋਤੇ ਨੇ ਆਪਣੀ ਚੁੰਝ ਨਾਲ ਮੈਨਾ ਦੇ ਫੰਗਾਂ 'ਚ ਪਿਆਰ ਦੇ ਨਿੱਘ ਦਾ ਅਹਿਸਾਸ ਕਰਾਂਦੇ ਹੋਏ ਬੜੀ ਹੀ ਹਲੀਮਗੀ ਨਾਲ ਪੁੱਛਿਆ,

"ਮੇਰੇ ਨਾਲ ਨਾਰਾਜ਼ ਨੇ ਅੱਜ ਸਰਕਾਰਾਂ?"

ਮੈਨਾ ਮੂੰਹ ਫੁਲਾ ਕੇ ਪਰੇ ਖਿਸਕਦੇ ਹੋਏ ਬੋਲੀ,

"ਮਰਦਾਂ ਦੀਆਂ ਕਰਤੂਤਾਂ ਵੇਖ ਕੇ ਕਲੇਜਾ ਸੁਆਹ ਹੋ ਗਿਆ ਹੈ। ਤੂੰ ਵੀ ਉਸੇ ਜਾਤ-ਬਿਰਾਦਰੀ ਦਾ ਹੈਂ, ਜਿਸਦਾ ਡਾਕਟਰ ਮਿਹਰਬਾਨ!"

ਤੋਤਾ ਸ਼ਰਧਾ ਨਾਲ ਬੋਲਿਆ, "ਡਾਕਟਰ ਮਿਹਰਬਾਨ ਤਾਂ ਰਾਜਧਾਨੀ ਦੇ ਮੰਨੇ-ਪਰਮੰਨੇ ਹਾਰਟ ਸਰਜਨ ਨੇ। ਉਨ੍ਹਾਂ ਸੈਂਕੜੇ ਮਰੀਜ਼ਾਂ ਦੇ ਸੁੰਗੜਦੇ ਹੋਏ ਦਿਲ ਦੇ ਦਰਵਾਜੇ ਖੋਲ੍ਹੇ ਨੇ। ਬਾਈਪਾਸ ਸਰਜਰੀ 'ਚ ਉਨ੍ਹਾਂ ਦਾ ਕੋਈ ਸਾਨੀ ਨਹੀਂ ਏ। ਅਜੇ ਤੱਕ ਉਨ੍ਹਾਂ ਕਿਸੇ ਵੀ ਮਰੀਜ਼ ਦੀ ਆਸ ਦੀ ਡੋਰ ਟੁੱਟਣ ਨਹੀਂ ਦਿੱਤੀ! ਕਿਸੇ ਨੂੰ ਨਿਰਾਸ਼ ਨਹੀਂ ਹੋਣ ਦਿੱਤਾ!"

"ਪਰ ਮੈਂ ਬੜੀ ਨਿਰਾਸ਼ ਹੋਈ ਆਂ ਉਨ੍ਹਾਂ ਕੋਲੋਂ ਮੈਨਾਂ" ਨੇ ਠੰਡਾ ਸਾਹ ਲਿਆ।

"ਤੂੰ ਕਿਹੜੀ ਸਰਜਰੀ ਕਰਵਾਣੀ ਹੈ? ਤੇਰਾ ਤਾਂ ਦਿਲ ਹੀ ਨਹੀਂ!" ਤੋਤਾ ਉਲ੍ਹਾਮਾਂ ਦੇਂਦਿਆਂ ਬੋਲਿਆ।

"ਪਰਮਾਤਮਾ ਤੇਰੇ ਵਸ ਨਾ ਪਾਏ ਮੈਨੂੰ! ਨਹੀਂ ਤੇ ਮੇਰਾ ਵੀ ਉਹ ਹੀ ਹਾਲ ਹੋਣਾ ਹੈ, ਜੋ ਮਸਕੀਨ ਗੁੱਜਰ ਦਾ ਡਾ. ਮਿਹਰਬਾਨ ਹੱਥੋਂ ਹੋਇਆ ਸੀ।"

"ਅੱਛਾ ਬੁਝਾਰਤਾਂ ਨਾ ਪਾ, ਗੱਲ ਸੁਣਾ। ਸਾਰੇ ਲੋਕ ਉਡੀਕਦੇ ਪਏ ਨੇ!"

ਮੈਨਾ ਦੀਆਂ ਕਾਲੀਆਂ ਸਿਆਹ ਅੱਖੀਆਂ ਪੀਲੇ ਰੰਗ ਦੀ ਝਲਕ ਮਾਰਨ ਲੱਗੀਆਂ। ਬੋਲੀ,

"ਸੁਣ ਚੰਦਰਿਆ! ਤੈਨੂੰ ਯਾਦ ਹੋਣੈ, ਦੋ ਸਾਲ ਪਹਿਲਾਂ ਬਰਸਾਤੀ ਹੜ੍ਹ ਵਿਚ ਅਸੀਂ ਕਿਸ ਤਰ੍ਹਾਂ ਬੇ-ਆਲ੍ਹਣਾ ਹੋ ਗਏ ਸੀ। ਤਵੀ ਦੇ ਵਿੱਚੋ-ਵਿਚ ਜਿਸ ਬੁੱਢੇ ਅੰਬ 'ਪਰ ਅਸੀ ਰੈਨ-ਬਸੇਰਾ ਕਰਦੇ ਸੀ, ਉਹ ਸਣੇ ਜੜ੍ਹਾਂ ਦੇ ਹੜ੍ਹ ਵਿਚ ਰੁੜ੍ਹ ਗਿਆ ਸੀ। ਤਦ ਅਸੀਂ ਲਹਿੰਦੀ ਝੜੀ ਵਿਚ ਮਸਕੀਨ ਗੁੱਜਰ ਦੇ ਘਰ ਆਸਰਾ ਲਿਆ ਸੀ। ਉਹਦਾ ਕੁੱਲਾ-ਕੋਠਾ ਵੀ ਕਹਿਰ ਦੀ ਮੁਸਲਾਧਾਰ ਬਾਰਿਸ਼ ਵਿਚ ਅੱਧੇ ਕੋਲੋਂ ਜ਼ਿਆਦਾ ਢਹਿ ਗਿਆ ਸੀ। ਪਰ ਫੇਰ ਵੀ ਸਾਡਾ ਕਿੰਨਾ ਖ਼ਿਆਲ ਰੱਖਦਾ ਸੀ।

ਤੋਤੇ ਨੂੰ ਲਹਿ-ਲਹਿ ਕਰਦੀ ਤਵੀ ਦਾ ਜਮਾਲ, ਕਦੇ ਨਾ ਰੁੱਕਣ ਦੀ ਜ਼ਿੱਦ ਉਤੇ ਤੁੱਲੀ ਹੋਈ ਬਾਰਿਸ਼ ਦੇ ਪਾਣੀ ਵਿਚ ਗਿਚ-ਮਿਚ ਹੋਏ ਦੇ ਆਪਣੇ ਫੰਗ ਯਾਦ ਆ ਗਏ। ਜੇ ਆਜ਼ਾਦ ਪੰਛੀਆਂ ਦਾ ਇਹ ਹਾਲ ਹੋਇਆ ਸੀ, ਤਾਂ ਗ਼ਰੀਬ-ਬੇਸਹਾਰਾ ਟੱਬਰਦਾਰਾਂ 'ਤੇ ਕਿੰਨੀ ਬਿਪਤਾ ਟੁੱਟੀ ਹੋਣੀ ਏ!

"ਪਰ ਸੁਣਿਐ, ਮਸਕੀਨ ਗੁੱਜਰ ਨੇ ਸਰਕਾਰੀ ਰਿਲੀਫ ਮਿਲਣ 'ਪਰ ਨਵਾਂ ਕੋਠਾ ਛੱਤ ਲਿਆ ਏ!"

ਮੈਨਾ ਭਖੀ ਹੋਈ ਛਿੜੀ, "ਨਵਾਂ ਕੋਠਾ ਕਿਸਦੀ ਬੇਬੇ ਦਾ ਛੱਤਣ ਹੋਣਾ ਸੀ, ਉਹਦੀ ਤਾਂ ਕਿਸੇ ਬਾਤ ਵੀ ਨਾ ਪੁੱਛੀ! ਹਨ੍ਹੇਰ ਸਾਈਂ ਦਾ, ਕੋਠਾ ਢੱਠਾ ਵਿਚਾਰੇ ਮਸਕੀਨ ਗੁੱਜਰ ਦਾ, ਤੇ ਰਿਲੀਫ ਲੈ ਗਿਆ ਧੂਹ ਕੇ ਪੱਕੇ ਮਕਾਨ ਵਾਲਾ ਚੌਧਰੀ ਕਰਮਦੀਨ!"

"ਪਰ, ਸਰਕਾਰ ਅੰਨ੍ਹੀਂ ਏ? ਉਹਨੂੰ ਨਹੀਂ ਦਿਸਦਾ-ਸੁਣਦਾ ਕਿ ਫੱਟ ਕਿਸਦੇ ਸਿਰ ਵੱਜਾ ਹੈ ਤੇ ਮਰ੍ਹਮ-ਪੱਟੀ ਕਿਸਨੂੰ ਕਰਦੀ ਪਈ ਏ?...ਅਛੱਾ, ਤੂੰ ਗੱਲ ਸੁਣਾ, ਸਰਕਾਰ ਦੀ ਰਹਿਣ ਦੇ। ਅਖੇ, ਜਬ ਸੇ ਜੰਮੇ ਲਾਲ, ਤਬ ਸੇ ਯਹੀ ਹਾਲ! ਉਹਨੇ ਤਾਂ ਕੌਰਵਾਂ ਦੀ ਮਾਂ ਵਾਂਗੂੰ ਅੱਖਾਂ 'ਤੇ ਪੱਟੀ ਬੰਨ ਲਈ ਦੀ ਏ!"

ਮੈਨਾ ਬੋਲੀ, "ਪਿਛਲੇ ਜੁੰਮੇ ਮਸਕੀਨ ਗੁੱਜਰ ਮਰ ਗਿਆ।" ਇਹ ਡਾਇਲਾੱਗ ਮਾਰ ਕੇ ਮੈਨਾ ਚੁੱਪ ਹੋ ਗਈ। ਤੇ ਤੋਤੇ ਦੀ ਨੁਹਾਰ 'ਤੇ ਆਪਣੀ ਗੱਲ ਦਾ ਅਸਰ ਵੇਖਣ ਲਗੀ।

ਤੁਸਾਂ ਵਾਂਗ ਤੋਤੇ ਨੇ ਵੀ ਨਹੀਂ ਸੀ ਸੋਚਿਆ ਕਿ ਕਹਾਣੀ ਦੀ ਤੰਦ ਇਸ ਤਰ੍ਹਾਂ ਇੱਕੋ ਝਟਕੇ ਟੁੱਟ ਜਾਏਗੀ!

"ਮਸਕੀਨ ਗੁੱਜਰ ਨੂੰ ਏਨੀ ਛੇਤੀ ਮਾਰ ਕੇ ਤੂੰ ਤਾਂ ਕਹਾਣੀ ਹੀ ਮੁਕਾ ਦਿੱਤੀ!" ਤੋਤੇ ਨੇ ਮਸ਼ਕਰੀ ਕੀਤੀ।

"ਗੁੱਜਰ ਨੂੰ ਖ਼ਤਮ ਮੈਂ ਨਹੀਂ ਕੀਤਾ ਤੇ ਨਾ ਹੀ ਅਜੇ ਉਸਦੀ ਕਹਾਣੀ ਖ਼ਤਮ ਹੋਈ ਏ।"

ਜ਼ਰਾ ਸਾਹ ਲੈ ਕੇ, ਗੱਲ ਦੀ ਕੜੀ ਜੋੜਦੀ ਹੋਈ ਮੈਨਾ ਬੋਲੀ, "ਆਖਦੇ ਨੇ, ਰੋਗ ਤੇ ਭੂਤ ਲਿੱਸੇ-ਮਾੜੇ ਅਤੇ ਗ਼ਰੀਬ ਆਦਮੀ ਨੂੰ ਹੀ ਜੱਫੀ ਮਾਰਦੇ ਨੇ! ਮਸਕੀਨ ਨੂੰ ਗ਼ਰੀਬੀ ਦੇ ਨਾਲ-ਨਾਲ ਨਾਮੁਰਾਦ ਦਿਲ ਦਾ ਰੋਗ ਵੀ ਸੀ। ਉਸਦੇ ਦਿਲ ਦੀ ਕੋਈ ਨਾੜੀ ਬੰਦ ਹੁੰਦੀ ਜਾ ਰਹੀ ਸੀ। ਬਗੈਰ ਅਪਰੇਸ਼ਨ ਦੇ ਹੋਰ ਚਾਰਾ ਕੋਈ ਨਹੀਂ ਸੀ। ਦਿਲ ਦੇ ਬੰਦ ਦਰਵਾਜ਼ੇ ਦੀ ਥਾਂ ਬਾਹਰੋ-ਬਾਹਰ ਜਾਣੇ ਆਲਾ ਦੂਸਰਾ ਰਸਤਾ ਖੋਲ੍ਹਿਆ ਜਾਂਦਾ ਹੈ, ਜਿਸਨੂੰ ਬਾਈਪਾਸ ਆਖਦੇ ਨੇ।" ਮੈਨਾ ਨੇ ਉਹਨੂੰ ਆਪਣੀ ਸਮਝ ਮੁਤਾਬਕ ਸਮਝਾਇਆ।

ਤੋਤੇ ਨੇ ਆਪਣੀ ਸਮਝ ਮੁਤਾਬਕ ਸਮਝਦੇ ਹੋਏ ਆਖਿਆ,

"ਮੈਂ ਸਮਝ ਗਿਆਂ, ਅੜੀਏ! ਜਿਸ ਤਰ੍ਹਾਂ ਕਸ਼ਮੀਰ ਜਾਂਦਿਆਂ ਨਾਸਰੀ ਨਾਲੇ ਕੋਲ ਬਾਈਪਾਸ ਹੈ, ਜਿਹੜਾ ਪੱਸੀਆਂ ਕਾਰਨ ਰਸਤਾ ਬੰਦ ਹੋਣੇ 'ਪਰ ਖੋਲ੍ਹਿਆ ਜਾਂਦਾ ਹੈ...ਓਹੋ ਜਿਹਾ ਹੋਣੈ ਦਿਲ ਦਾ ਬਾਈਪਾਸ ਵੀ।"

ਮੈਨਾ ਨੇ ਗੱਲ ਜਾਰੀ ਰੱਖੀ, "ਕੋਠਾ ਢਹਿਣੇ 'ਪਰ ਅਗਰ ਮਸਕੀਨ ਨੂੰ ਸਰਕਾਰੀ ਰਿਲੀਫ ਨਹੀਂ ਸੀ ਲੱਭੀ, ਤਾਂ ਸਰਕਾਰੀ ਹਸਪਤਾਲ 'ਚ ਇਲਾਜ ਵੀ ਕਿੱਥੋਂ ਹੋਣਾ ਸੀ, ਉਸਦਾ!

ਉਹਦੇ ਰਿਸ਼ਤੇਦਾਰ ਉਹਨੂੰ ਰਾਜਧਾਨੀ 'ਚ ਡਾਕਟਰ ਮਿਹਰਬਾਨ ਦੇ ਹਸਪਤਾਲ ਲੈ ਗਏ। ਹਸਪਤਾਲ ਵੇਖ ਕੇ ਉਸ ਦੀਆਂ ਅੱਖੀਆਂ ਟੱਡਣ ਗਈਆਂ। ਡਾਕਟਰ ਕਈ ਟੈਸਟ ਕੀਤੇ ਤੇ ਉਹਨੂੰ ਆਪਰੇਸ਼ਨ ਦੀ ਤਰੀਕ ਦੇ ਛੱਡੀ। ਨਾਲ ਹੀ ਕਈ ਹਜ਼ਾਰ ਨੋਟਾਂ ਦਾ ਬੰਦੋਬਸਤ ਕਰ ਰੱਖਣ ਦੀ ਹਿਦਾਇਤ ਕਰ ਦਿੱਤੀ। ਏਨਾ ਪੈਸਾ ਤੇ ਮਸਕੀਨ ਦੇ ਫਰਿਸ਼ਤਿਆਂ ਕੋਲ ਵੀ ਸ਼ਾਇਦ ਨਹੀਂ ਸੀ। ਹਾਂ, ਹੱਜ ਦਾ ਸਵਾਬ ਲੈਣ ਲਈ ਕੁਝ ਰਕਮ ਉਸ ਜ਼ਰੂਰ ਜੋੜ ਰੱਖੀ ਸੀ। ਕੁਝ ਜ਼ਮੀਨ-ਪੈਲੀ ਵੀ ਸੀ ਤੇ ਦੋ-ਤਿੰਨ ਗਾਈਆਂ ਮੱਝਾਂ ਵੀ ਸਨ। ਪਰ ਇਹ ਸਭ ਕੁਝ ਵੇਚ-ਵਟਾ ਕੇ ਵੀ ਰਕਮ ਪੂਰੀ ਨਹੀਂ ਸੀ ਹੋ ਸਕਦੀ। ਤੇ ਫੇਰ, ਜੇ ਇਹ ਸਭ ਕੁਝ ਬੰਨੇ ਲਾ ਛੱਡਿਆ, ਤਾਂ ਪਿੱਛੋਂ ਕੰਮਕਾਰ ਕਿਵੇਂ ਕਰੇਗਾ...ਆਪ ਕੀ ਖਾਏਗਾ ਤੇ ਟੱਬਰ ਦੇ ਮੂੰਹ ਚੋਗਾ ਕੀ ਪਾਏਗਾ...ਮੁੰਡਾ ਵੀ ਦਸਵੀਂ ਪਾਸ ਕਰਕੇ ਵਿਹਲਾ ਖੱਜਲ-ਖੁਆਰ ਫਿਰਦਾ ਪਿਐ। ਚੋਧਰੀ ਕਰਮਦੀਨ ਕੋਲੋਂ ਹੀ ਕਰਜਾ ਲੈਣਾ ਪੈਣਾ ਹੈ। ਅੰਤ ਉਸ ਸੋਚ-ਸੋਚ ਕੇ ਗੱਲ ਇਹ ਮੁਕਾਈ ਕਿ ਜਾਨ ਬਚੀ ਤਾਂ ਜਹਾਨ ਵੀ ਬਚ ਜਾਏਗਾ। ਇਸ ਵੇਲੇ ਤਾਂ ਸਭ ਤੋਂ ਵੱਡਾ ਮਸਲਾ ਜਾਨ ਬਚਾਣ ਦਾ ਹੈ!

ਦਿਲ ਨੂੰ ਬਚਾਣ ਦੀ ਚਿੰਤਾ 'ਚ ਦਿਨ-ਰਾਤ ਤਿਲ-ਤਿਲ ਧੁਖਦੇ ਹੋਏ ਉਸਦਾ ਦਿਲ ਤੇ ਸਾਹ ਹੋਰ ਵੀ ਕਮਜ਼ੋਰ ਤੇ ਲਿੱਸਾ ਹੁੰਦਾ ਜਾ ਰਿਹਾ ਸੀ। ਤੇ ਉਤੋਂ ਕੋੜ੍ਹ ਵਿਚ ਖਾਜ ਵਾਲਾ ਹਿਸਾਬ, ਸੌ ਬਿਮਾਰੀਆਂ ਹੋਰ ਆ ਚੰਬੜੀਆਂ ਸਨ!

ਪੈਸੇ ਦਾ ਬੰਦੋਬਸਤ ਕਰਨ ਲਈ ਜਿਸ ਦਿਨ ਉਸ ਆਪਣੀਆਂ ਮੱਝਾਂ-ਗਾਈਆਂ ਵੇਚੀਆਂ, ਉਸ ਦਿਨ ਦਿਲ ਦੇ ਉੱਪਰ-ਥੱਲੇ ਡਾਢ੍ਹੀਆਂ ਚੰਡਾਂ ਤੇ ਤਰਾਟਾਂ ਉਠੀਆਂ। ਦਿਲ ਦੀਆਂ ਤਮਾਮ ਨਾੜੀਆਂ ਮਾਂਝਾ ਲੱਗੀ ਡੋਰ ਵਾਂਗੂੰ ਕੱਸ ਗਈਆਂ। ਆਖੋ ਜੇ ਜ਼ਰਾ ਜਿੰਨੀ ਵੀ ਲੋਚ-ਲਚਕ ਉਨ੍ਹਾਂ ਵਿਚ ਬਾਕੀ ਰਹਿ ਗਈ ਹੋਵੇ! ਜਿਸ ਦਿਨ ਜਿਮੀਂ-ਪੈਲੀ ਦਾ ਸੌਦਾ ਹੋਇਆ ਸੀ, ਉਸ ਦਿਨ ਮਸਕੀਨ ਦੇ ਦਿਲ ਦੀ ਗੁੱਡੀ ਦੀਆਂ ਤਲਾਮਾਂ ਵਿਚ ਐਨੇ ਗੁੰਝਲ ਪਏ ਸੀ ਕਿ ਉਹ ਮੂੰਹ ਦੇ ਭਾਰ ਜ਼ਮੀਨ 'ਤੇ ਡਿੱਗਣ ਨੂੰ ਹੋ ਗਈ ਸੀ। ਉਹਦੇ ਟੱਬਰ ਉਹਨੂੰ ਹਸਪਤਾਲ ਪਹੁੰਚਾਇਆ, ਪਰ ਡਾਕਟਰਾਂ ਉਹਨੂੰ ਹੱਥ ਲਾਣ ਦਾ ਕਸ਼ਟ ਵੀ ਨਹੀਂ ਕੀਤਾ। ਕਲਰਕਾਂ ਰਾਹੀਂ ਉਸਦੀ ਫਾਈਲ ਉਤੇ ਚਿੜੀ ਮਾਰ ਕੇ ਉਸਨੂੰ ਦੂਸਰੇ ਹਸਪਤਾਲ ਰੈਫਰ ਕਰ ਦਿੱਤਾ। ਜਿਸ ਤਰ੍ਹਾਂ ਕੋਈ ਫਾਈਲ ਇਕ ਟੇਬਲ ਤੋਂ ਦੂਸਰੇ ਟੇਬਲ 'ਪਰ ਜਾਂਦੀ ਏ, ਉਸੇ ਤਰ੍ਹਾਂ ਮਸਕੀਨ ਗੁੱਜਰ ਖੱਜਲ ਹੋਣ ਲੱਗਾ। ਅਖ਼ੀਰ ਉਹਨੂੰ ਡਾਕਟਰ ਮਿਹਰਬਾਨ ਦੇ ਹਸਪਤਾਲ ਪਹੁੰਚਾਇਆ ਗਿਆ, ਜਿਥੇ ਉਹਨੂੰ ਡੇਢ ਮਹੀਨੇ ਬਾਅਦ ਆਣਾ ਸੀ।

ਉਹ ਬਹੁਤ ਹੀ ਸੀਰੀਅਸ ਸੀ। ਡਾਕਟਰ ਨੇ ਉਸਦੀ ਜਾਂਚ ਕਰਕੇ ਫੌਰਨ ਆਪਰੇਸ਼ਨ ਕਰਵਾਣ ਦੀ ਸਲਾਹ ਦਿੱਤੀ ਤੇ ਨਾਲ ਹੀ ਆਪਰੇਸ਼ਨ ਦੀ ਫ਼ੀਸ ਵੀ ਜਮ੍ਹਾਂ ਕਰਵਾਣ ਦੀ ਹਿਦਾਇਤ ਕੀਤੀ। ਮਸਕੀਨ ਦੇ ਘਰ ਦੇ ਡ੍ਹਾਢੇ ਘਬਰਾਏ ਹੋਏ ਸੀ। ਉਨ੍ਹਾਂ ਜਲਦੀ-ਜਲਦੀ ਫ਼ੀਸ ਜਮ੍ਹਾਂ ਕਰਵਾ ਛੱਡੀ। ਡਾਕਟਰ ਨੇ ਮਿਹਰਬਾਨੀ ਕਰਕੇ ਫੌਰਨ ਅਪਰੇਸ਼ਨ ਦੀ ਤਿਆਰੀ ਕੀਤੀ...ਪਰ ਕਰਨੀ ਰੱਬ ਦੀ, ਅਪਰੇਸ਼ਨ ਥਿਏਟਰ ਪੁੱਜਦੇ-ਪੁੱਜਦੇ ਮਸਕੀਨ ਨੂੰ ਅਚਾਨਕ ਦਿਲ ਦਾ ਦੌਰਾ ਪਿਆ ਤੇ ਉਹ ਮਰ ਗਿਆ!" ਮੈਨਾ ਦੀ ਆਵਾਜ਼ ਭਰ੍ਹਾ ਗਈ।

"ਵਿਚਾਰਾ ਮਸਕੀਨ! ਕਿੱਥੇ ਪੁੱਜ ਕੇ ਮਰਿਆ...ਏਨੀ ਹੀ ਲਿਖੀ ਹੋਣੀ ਏ!" ਲੰਮਾਂ ਹੌਕਾ ਭਰਦਿਆਂ ਤੋਤੇ ਨੇ ਅਫ਼ਸੋਸ ਕੀਤਾ, "ਪਰ ਇਸ ਵਿਚ ਡਾਕਟਰ ਮਿਹਰਬਾਨ ਦਾ ਕੀ ਕਸੂਰ? ਉਸ ਥੋੜ੍ਹਾ ਮਾਰਿਐ ਉਹਨੂੰ?"

"ਮੈਂ ਮਸਕੀਨ ਦੀ ਮੌਤ 'ਤੇ ਏਨੀ ਦੁਖੀ ਨਹੀਂ ਹੋਈ ਜਿੰਨੀ ਕਿ ਡਾਕਟਰ ਦੀ ਕਰਨੀ 'ਪਰ! ਡਾਕਟਰ ਨੂੰ ਫੌਰਨ ਪਤਾ ਲੱਗ ਗਿਆ ਸੀ ਕਿ ਉਸਦਾ ਮਰੀਜ਼ ਮਰ ਗਿਆ ਹੈ, ਪਰ ਉਸ ਇਹ ਗੱਲ ਛੁਪਾਈ ਰੱਖੀ। ਫੇਰ ਉਹਨੇ ਆਪਣੀ ਟੀਮ ਨਾਲ ਅਪਰੇਸ਼ਨ ਕਰਨ ਦਾ ਨਾਟਕ ਰਚਿਆ। ਮਸਕੀਨ ਦੀ ਛਾਤੀ 'ਤੇ ਕਈ ਚੀਰੇ ਲਾਏ, ਉਹਦੀ ਲਾਸ਼ ਨੂੰ ਸੀ-ਤਰੁਪ ਕੇ...ਅਪਰੇਸ਼ਨ ਦੇ ਸਾਰੇ ਪਖੰਡ ਕਰਕੇ ਉਹਨੂੰ 'ਇਨਟੈਂਸਿਵ ਕੇਅਰ ਯੂਨਿਟ' ਵਿਚ ਸ਼ਿਫਟ ਕਰ ਦਿੱਤਾ। ਕਿਸੇ ਨੂੰ ਇਜਾਜ਼ਤ ਨਾ ਦਿੱਤੀ, ਮਰੀਜ਼ ਨੂੰ ਡਿਸਟਰਬ ਕਰਨ ਦੀ। ਛੇ ਘੰਟੇ ਸਾਰੇ ਦਾ ਸਾਰਾ ਟੱਬਰ ਸੂਲੀ 'ਤੇ ਟੰਗਿਆ ਰਿਹਾ। ਹੁਣ ਤੱਕ ਉਨ੍ਹਾਂ ਦੀ ਬਸ ਹੋ ਗਈ ਦੀ ਸੀ, ਉਡੀਕ-ਉਡੀਕ ਕੇ। ਡਾਕਟਰ ਨੇ ਉਨ੍ਹਾਂ ਦਾ ਧਿਆਨ ਦੂਏ ਪਾਸੇ ਲਾਣ ਲਈ ਕਿਸੇ ਨੂੰ ਇੰਜੈਕਸ਼ਨ ਲਿਆਣ ਲਈ ਅਤੇ ਕਿਸੇ ਨੂੰ ਹੋਰ ਨਿੱਕਾ-ਮੋਟਾ ਸਾਮਾਨ ਲਿਆਣ ਲਈ ਦੌੜਾਈ ਰੱਖਿਆ।

ਜੂਨੀਅਰ ਡਾਕਟਰ ਇਕ-ਦੋ ਵਾਰੀ ਕਹਿ ਗਿਆ ਸੀ ਕਿ ਆਪਰੇਸ਼ਨ ਕਾਮਯਾਬ ਰਿਹਾ ਹੈ। ਮਰੀਜ਼ ਆਈ.ਸੀ.ਯੂ. 'ਚ ਹੈ। ਪੰਜ-ਸਤ ਘੰਟੇ ਬਾਅਦ ਮਿਲ ਸਕਦੇ ਹੋ।

ਮਸਕੀਨ ਦੀ ਵਹੁਟੀ ਤੋਂ ਸਬਰ ਨਹੀਂ ਸੀ ਹੋ ਰਿਹਾ। ਉਹ ਡਾਕਟਰਾਂ ਦੇ ਮਿੰਨਤਾਂ-ਤਰਲੇ ਕਰਦੀ ਪਈ ਸੀ। ਡਾਕਟਰ ਉਹਨੂੰ ਦਲਾਸਾ ਦੇ ਰਹੇ ਸੀ ਕਿ ਮਸਕੀਨ ਬਿਲਕੁਲ ਠੀਕ-ਠਾਕ ਹੈ। ਬਸ, ਕੁਝ ਚਿਰ ਵਿਚ ਹੋਸ਼ ਆ ਜਾਏਗੀ ਉਹਨੂੰ। ਪਰ ਜਦ ਉਹ ਜ਼ਿਆਦਾ ਹੀ ਜ਼ਿੱਦ ਕਰਨ ਲੱਗੀ ਤਾਂ ਡਾਕਟਰ ਨੇ ਇਕ ਜੂਨੀਅਰ ਨੂੰ ਅੱਗੇ ਲਾਇਆ ਤੇ ਉਹਨੂੰ ਕੁਝ ਸਮਝਾ ਕੇ ਮੈਰ੍ਹੀ ਨੂੰ ਉਸਦੇ ਨਾਲ ਭੇਜ ਦਿੱਤਾ। ਕਈ ਬਰਾਂਡੇ ਪਾਰ ਕਰਕੇ ਉਹ ਇਕ ਕਮਰੇ ਬਾਹਰ ਪੁੱਜੀ। ਜੂਨੀਅਰ ਡਾਕਟਰ ਨੇ ਉਹਨੂੰ ਦਰਵਾਜੇ ਦੇ ਸ਼ੀਸ਼ੇ ਪਾਸੇ ਇਸ਼ਾਰਾ ਕੀਤਾ। ਅੰਦਰ ਪੱਟੀਆਂ ਵਿਚ ਲਪੇਟੇ ਦਾ ਮਸਕੀਨ ਕਈਆਂ ਨਲੀਆਂ ਤੇ ਮਸ਼ੀਨਾਂ ਵਿਚ ਫਸਿਆ, ਮੂੰਹ 'ਤੇ ਘੋਪਾ ਜਿਹਾ ਪਾਏ ਦਾ ਨਜ਼ਰ ਆਇਆ। ਵੈਸੇ, ਉਹਨੂੰ ਉਹ ਪੂਰੀ ਤਰ੍ਹਾਂ ਪਛਾਣ ਨਹੀਂ ਸੀ ਸਕੀ। ਸਾਰੇ ਮਰੀਜ਼ ਇੱਕੋ ਜਿਹੀ ਵਰਦੀ ਵਿਚ ਸਨ। ਸਾਰੇ ਹੀ ਬੇਸੁਰਤ ਸਨ ਤੇ ਸਭ ਦੇ ਮੂੰਹ-ਸਿਰ ਢਕੇ ਹੋਏ ਸਨ। ਮੈਰੀ ਦੇ ਸਾਹ 'ਚ ਸਾਹ ਫਿਰਿਆ...ਭਾਵੇਂ ਕਿ ਉਹ ਆਪਣੇ ਗੁੱਜਰ ਨੂੰ ਪਛਾਣ ਨਹੀਂ ਸੀ ਸਕੀ।"

ਤੋਤੇ ਦੇ ਫੰਗ ਵੱਟ ਖਾਣ ਲੱਗ ਪਏ। ਗੱਜਦੇ ਹੋਏ ਬੋਲਿਆ, "ਤੇਰੇ ਆਖਣੇ ਦਾ ਮਤਲਬ ਇਹ ਹੋਇਆ ਕਿ ਡਾਕਟਰ ਮਿਹਰਬਾਨ ਨੇ ਆਪਣੀ ਫ਼ੀਸ ਟੇਰਨ ਲਈ ਇਕ ਲਾਸ਼ ਦਾ ਆਪਰੇਸ਼ਨ ਕੀਤਾ!"

ਦਿਨ ਢਲਦਿਆਂ ਡਾਕਟਰ ਨੇ ਮੈਰ੍ਹੀ ਨੂੰ ਆਪਣੇ ਦਫ਼ਤਰ ਸੱਦਿਆ ਤੇ ਸੋਗ ਭਰੀ ਆਵਾਜ਼ ਵਿਚ ਆਖਿਆ, "ਸਫ਼ਲ ਆਪਰੇਸ਼ਨ ਦੇ ਬਾਵਜੂਦ ਮਸਕੀਨ ਨੂੰ ਅਚਾਨਕ ਦਿਲ ਦਾ ਦੌਰਾ ਪਿਆ ਤੇ ਉਹ ਖ਼ਤਮ ਹੋ ਗਿਆ। ਅਸੀ ਅਨਥੱਕ ਕੋਸ਼ਿਸ਼ਾਂ ਕਰਕੇ ਵੀ ਉਹਨੂੰ ਬਚਾ ਨਹੀਂ ਸਕੇ।"

ਮੈਰੀ ਨੇ ਢਾਂਅ ਮਾਰੀ ਸੀ। ਡਾਕਟਰ ਉਹਨੂੰ ਸਮਝਾਣ ਲੱਗਾ ਸੀ, " ਸੈਂਕੜੇ ਵਿੱਚੋਂ ਕਿਸੇ ਇਕ ਮਰੀਜ਼ ਨਾਲ ਇਸ ਤਰ੍ਹਾਂ ਹੁੰਦਾ ਹੈ।"

ਮੈਹਰੀ ਡਾਕਟਰ ਕੋਲੋਂ ਹੋਰ ਕੁਝ ਨਹੀਂ ਪੁੱਛ ਸਕੀ। ਡਾਕਟਰ ਕੋਲ ਵੀ ਗੱਲ ਕਰਨ ਦਾ ਟਾਈਮ ਨਹੀਂ ਸੀ। ਬਸ ਏਨਾ ਹੀ ਕਹਿ ਕੇ ਚਲਦਾ ਹੋਇਆ,

"ਲਾਸ਼ ਲਿਜਾਣ ਦਾ ਇੰਤਜ਼ਾਮ ਕਰ ਲਓ। ਜੇ ਸਾਨੂੰ ਕਹਿੰਦੇ ਹੋ ਤਾਂ ਅਸੀਂ ਕਰ ਦੇਂਦੇ ਹਾਂ। ਪਰ ਉਸ ਸੂਰਤ ਵਿਚ ਤੁਹਾਨੂੰ ਹਸਪਤਾਲ ਦੀ ਬਣਦੀ ਕਮੀਸ਼ਨ ਵੀ ਦੇਣੀ ਪਵੇਗੀ।"

ਮੈਨਾ ਦੀ ਗੱਲ ਸੁਣ ਕੇ ਤੋਤੇ ਦੇ ਦੋਵੇਂ ਪੰਜੇ ਟਾਹਣੀ ਨੂੰ ਕੱਸਣ ਲਗੇ। ਗੁੱਸੇ ਨਾਲ ਉਸਦਾ ਪੂਰਾ ਜਿਸਮ ਕੰਬਣ ਲਗਾ। ਦਿਲ ਵਿਚ ਬੇਚੈਨੀ ਠੂੰਗੇ ਮਾਰਨ ਲਗੀ ਤੇ ਦਿਮਾਗ਼ ਫੁੱਲ ਕੇ ਭਕਾਨਾ ਹੋ ਗਿਆ। ਉਹਦੇ ਕੋਲੋਂ ਟਾਹਣੀ 'ਤੇ ਬਹਿਣ ਨਹੀਂ ਹੋਇਆ।

"ਏਨਾ ਕਮੀਨਪੁਣਾ...!!!!"

ਡਾਕਟਰ ਨੂੰ ਮਣ-ਮਣ ਦੇ ਗੱਫੇ ਤੋਲਦਾ ਹੋਇਆ ਤੋਤਾ ਖੁਲ੍ਹੇ ਅਸਮਾਨ ਵੱਲ ਉਡਾਰੀ ਮਾਰ ਗਿਆ। ਆਪਣਾ ਗੁੱਸਾ ਠੰਡਾ ਕਰਨ ਲਈ ਉਹ ਕਿੰਨਾ ਚਿਰ ਹਵਾ ਨਾਲ ਖਹਿੰਦਾ ਰਿਹਾ। ਮੈਨਾ ਉਹਨੂੰ ਕਲਾਬਾਜ਼ੀਆਂ ਮਾਰਦੇ ਦੇਖਦੀ ਰਹੀ 'ਤੇ ਝੂਰਦੀ ਰਹੀ।

ਆਖ਼ਿਰ ਥਕੇਵੇਂ ਨਾਲ ਸਾਹੋ-ਸਾਹ ਹੋਏ ਦਾ ਤੋਤਾ ਟਾਹਣੀ 'ਤੇ ਉਤਰ ਆਇਆ। ਉਸਦਾ ਸਾਰਾ ਗੁੱਸਾ ਥਕੇਵੇਂ 'ਚ ਬਦਲ ਗਿਆ ਸੀ। ਕੁਝ ਚਿਰ ਉਹ ਚੁੱਪ ਰਿਹਾ...ਸੋਚਦਾ ਰਿਹਾ। ਫੇਰ ਉਹ ਦੋ ਵਾਰੀ ਹੱਸਿਆ ਤੇ ਮੈਨਾ ਕੋਲ ਆ ਬੈਠਾ।

ਮੈਨਾ ਨੇ ਹੈਰਾਨ ਹੁੰਦਿਆਂ ਪੁੱਛਿਆ, "ਚੰਦਰਿਆ, ਪਹਿਲੇ ਤੂੰ ਲੋਕ-ਕਥਾਵਾਂ ਦੇ ਪੰਛੀਆਂ ਵਾਂਗ ਇਕ ਵਾਰੀ ਹੱਸਦਾ ਸੀ ਤੇ ਇਕ ਵਾਰੀ ਰੋਂਦਾ ਸੀ, ਅੱਜ ਦੋ ਵਾਰੀ ਕਿਓਂ ਹੱਸਿਐਂ?" ਤੋਤੇ ਨੇ ਜਵਾਬ ਦਿੱਤਾ,

"ਪਹਿਲੀ ਵਾਰੀ ਤੇ ਮੈਂ ਇਹ ਸੋਚ ਕੇ ਹੱਸਿਆਂ ਕਿ ਤੂੰ ਮੈਨੂੰ ਪੱਥਰ ਦਿਲ ਆਖਦੀ ਏਂ, ਇਸ ਲਈ ਮੈਨੂੰ ਕਦੇ ਬਾਈਪਾਸ ਸਰਜਰੀ ਦੀ ਲੋੜ ਹੀ ਨਹੀਂ ਪੈਣੀ! ਤੇ ਦੂਜੀ ਵਾਰੀ ਮੈਂ ਇਹ ਦੇਖ ਕੇ ਹੱਸਿਆਂ ਕਿ ਡਾਕਟਰ ਮਿਹਰਬਾਨ ਮਨੁੱਖਾਂ ਵਿਚ ਹੀ ਹੁੰਦੇ ਨੇ, ਪੰਛੀਆਂ ਵਿਚ ਨਹੀਂ!"

O

# ਫੱਟ ਬਿਰਹਾ ਦੇ

❑ ਬਚਨ ਭਾਰਤੀ

ਇਹ ਫੱਟ ਜੋ ਬਿਰਹਾ ਦੇ, ਗਹਿਰੇ ਕੁਵੱਲੇ,
ਛੇੜੋ ਨਾ ਮੈਨੂੰ, ਜ਼ਖ਼ਮ ਮੇਰੇ ਅੱਲੇ ।
ਮੰਜ਼ਿਲ ਨਾ ਮੇਰੀ, ਨਾ ਰਾਹ ਦਾ ਪਤਾ ਹੈ,
ਉਮਰਾਂ ਦੇ ਸਾਥੀ ਜੋ, ਛੱਡ ਗਏ ਇਕੱਲੇ।
ਕੱਲ੍ਹ ਤੱਕ ਜੋ ਮੇਰੀ, ਆਕਾਸ਼ਾਂ ਸੀ ਗੁੱਡੀ,
ਅੱਜ ਡੋਰੀ ਟੁੱਟੀ ਕੀਤੀ, ਕੰਡਿਆਂ ਹਵਾਲੇ।
ਦਿਲ ਹੀ ਜੇ ਟੁੱਟਿਆ, ਇਹ ਤਨ ਕੀ ਕਰੇਗਾ,
ਹਸਰਤਾਂ ਸਭ ਹੋਈਆਂ, ਚਿਤਾ ਹਵਾਲੇ।
ਪਲ-ਪਲ ਦੀ ਠੋਕਰ ਤੇ ਹਰ ਪਲ ਦੇ ਹੰਝੂ,
ਹੁਣ ਰਹਿ ਗਈ ਪੂੰਜੀ, ਬਸ ਮੇਰੇ ਪੱਲੇ।
ਇਹ ਅਣਸੀਤੇ ਜ਼ਖ਼ਮ, ਅਣਸੀਤੇ ਹੀ ਰਹਿਣੇ।
ਉਹ ਵੈਦ ਮੇਰੇ ਕਾਮਲ, ਜ਼ਿੰਦਾ ਛੱਡ ਚੱਲੇ,
ਮੈਂ ਜਿੰਨਾ ਭੁਲਾਵਾਂ, ਉਨੇ ਯਾਦ ਆਵਣ।
ਹੁਣ ਯਾਦਾਂ ਦਾ ਸਾਗਰ ਹੀ, ਰਿਹਾ ਮੇਰੇ ਪੱਲੇ।
ਦਿਖਾਵਾਂ 'ਬਚਨ', ਦਿਖਾਵਾਂ ਵੀ ਕੀਕਨ,
ਜ਼ਖ਼ਮ ਉਮਰਾਂ ਦੇ , ਇਹ ਅੱਲੇ ਦੇ ਅੱਲੇ।
ਤੁਫ਼ਾਨਾਂ 'ਚੋਂ 'ਬਚਨ' ਬਚਾਉਂਦੇ ਰਹੇ ਜੋ,
ਕੰਢੇ ਪੁਜਾ ਕੇ, ਅੱਜ ਉਹੀ ਰੋਹੜ ਚੱਲੇ।

ੋ

# ਗੱਲਾਂ

ਗੱਲਾਂ, ਗੱਲਾਂ ਦੇ ਵਿੱਚੋਂ ਹੋਰ ਨਿਕਲਣ,
ਬਿਨਾਂ ਦੇਖਿਆਂ ਬੇਸ਼ੁਮਾਰ ਗੱਲਾਂ।
ਗੱਲਾਂ, ਗੱਲਾਂ ਦੇ ਵਿੱਚੋਂ ਵਿਚ ਗੁੱਸੇ,
ਮੂੰਹੋ ਨਿਕਲਦੀਆਂ,ਬਣ ਹਥਿਆਰ ਗੱਲਾਂ।
ਸੀਨੇ ਵੱਜਦੀਆਂ, ਸੀਨਾ ਚੀਰ ਜਾਂਦਾ,
ਅਜਿਹੀਆਂ ਹੁੰਦੀਆਂ ਤੇਜ਼ ਕਟਾਰ ਗੱਲਾਂ।
ਜ਼ਖ਼ਮ ਇਹਦੇ, ਅਣਦਿਸੇ, ਪੀੜਾਂ ਵਾਲੇ,
ਅਜਿਹਾ ਕਰਦੀਆਂ ਨੇ ਡੂੰਘਾ ਵਾਰ ਗੱਲਾਂ।
ਆਵੇ ਇਕ ਜੇ ਉਸਨੂੰ ਪੀ ਜਾਈਏ,
ਹੋਰ ਬਣਨ ਨਾ ਫਿਰ, ਹਜ਼ਾਰ ਗੱਲਾਂ ।
ਫੁੱਲ ਬਣਕੇ ਜੇ ਮੂੰਹ 'ਚੋਂ ਬਾਹਰ ਨਿਕਲਣ,
ਬਚਨ ਬਣਦੀਆਂ ਗਲ਼ੇ ਲਈ ਹਾਰ ਗੱਲਾਂ।

**ਬਸਤੀ ਗੋਬਿੰਦਪੁਰਾ**
**ਸਿੰਬਲ ਮੋੜ, ਜੰਮੂ**
**ਮੋਂ. 84939 87889**

# "ਮੈਂ ਕਿੰਨਰ ਹਾਂ"

❑ ਡਾ. ਮਹਿੰਦਰਪਾਲ ਸਿੰਘ

ਅਣਸੁਣਿਆ ਗੀਤ ਹਾਂ,
ਮੇਰੇ ਪੈਰੀਂ ਪੰਜੇਬ ਤਾਂ ਹੈ
ਪਰ
ਇਹ ਕਿਸੇ ਦੇ ਕਲੇਜੇ 'ਚ ਨਹੀਂ ਵੱਜਦੀ
ਮੈਂ ਲੋਕਾਂ ਦੇ ਘਰ
ਵਿਆਹ ਤੇ ਜੰਮਣ ਦੀਆਂ ਰੌਣਕਾਂ ਲਾਵਾਂ
ਪਰ ਮੇਰੇ ਆਪਣੇ ਘਰ ਰੌਣਕ ਨਹੀਂ ਲੱਗਦੀ।

ਮੈਂ ਲੋਕਾਂ ਨੂੰ ਅਸੀਸ ਦੇਵਾਂ
ਵਧਦੀਆਂ ਰਹਿਣ ਵੇਲਾਂ
ਮੇਰੀ ਅਸੀਸ ਲੋਕਾਂ ਦੀ ਵੇਲ ਵਧਦੀ
ਪਰ ਮੇਰੀ ਖ਼ੁਦ ਦੀ ਵੇਲ
ਹਰ ਰੋਜ਼ ਸੜਦੀ ਤੇ ਘਟਦੀ।

ਮੈਂ ਆਪਣੀ
ਪਹਿਚਾਣ
ਵਜੂਦ
ਉਮੰਗਾਂ
ਤਿਰਸਕਾਰਾਂ
ਹਾਦਸਿਆਂ
ਤੇ ਸਭ ਖ਼ੁਆਬਾਂ ਨੂੰ
ਤਾੜੀ ਦੀ ਮਾਰ ਨਾਲ
ਮਾਰ ਦਿੰਦਾ ਹਾਂ
ਤੇ ਖਿੰਡਾ ਦਿੰਦਾ ਹਾਂ
ਬੋਲਾਂ ਰਾਹੀਂ
ਫਿਜ਼ਾ ਵਿੱਚ

ਮੈਂ
ਰਿਸ਼ਤਿਆਂ 'ਚ ਰਹਿ ਕੇ ਵੀ
ਰਿਸ਼ਤਿਆਂ 'ਚ ਨਹੀ ਹਾਂ।
ਨਦੀਆਂ ਵਾਂਗ
ਮੇਰਾ ਕੋਈ ਸਿਰਨਾਵਾਂ ਨਹੀ ਹੈ,
ਮੰਜ਼ਿਲ ਤੇ ਕੋਈ ਟਿਕਾਣਾ ਨਹੀਂ ਹੈ।

ਪੱਤਝੜ ਦੇ ਪੱਤਿਆਂ 'ਤੇ ਲਿਖੀ
ਬਸ ਇਹੋ ਮੇਰੀ ਦਾਸਤਾਨ ਹੈ।

ਕਿਉਂਕਿ ਮੈਂ ਇਕ ਕਿੰਨਰ ਹਾਂ,
ਤੇ ਸਿਫ਼ਰੋ ਸਿਫ਼ਰ ਹਾਂ।
ਜਿਸ ਵਿੱਚੋਂ
ਹਾਸਿਲ ਕੁਝ ਵੀ ਨਹੀਂ

**ਫ਼ਲੈਟ 206, ਟਾਵਰ 7, ਸੁਸ਼ਾਂਤ ਐਸਟੇਟ,**
**ਸੈਕਟਰ 52, ਗੁਰਗਾਓਂ, ਹਰਿਆਣਾ**

# ਬਾਪੂ ਨਾ ਮੰਗੀ ਮੇਰੇ ਵਿਆਹ 'ਚ ਦਾਜ

❑ ਬਲਵਿੰਦਰ ਸਿੰਘ ਜੰਮੂ

ਬਾਪੂ ਨਾ ਮੰਗੀ ਮੇਰੇ ਵਿਆਹ 'ਚ ਦਾਜ।
ਸਾਦਾ ਕਰੀਂ ਮੇਰੇ ਵਿਆਹ ਦਾ ਕਾਜ।

ਇਕ ਨਵੀਂ ਰੀਤ ਜੱਗ 'ਤੇ ਚਲਾ ਦੇ ਹੁਣ।
ਮੇਰੀ ਅਰਜੋਈ ਧਿਆਨ ਨਾਲ ਸੁਣ।
ਜਿਨ੍ਹਾਂ ਦਿੱਤੀ ਧੀ ਉਹਦੇ ਹਾਂ ਮੁਹਤਾਜ।
ਬਾਪੂ ----।

ਕੱਲ੍ਹ ਤੂੰ ਵੀ ਧੀਆਂ ਨੂੰ ਟੋਰੇਂਗਾ।
ਅੱਜ ਦਾਜ ਲਵੇਂਗਾ ਕੱਲ੍ਹ ਮੋੜੇਂਗਾ।
ਸਦਾ ਨਹੀਂ ਰਹਿਣਾ ਤੇਰਾ ਰਾਜ।
ਬਾਪੂ ਨਾ------।

ਜਿਸ ਪਿਓ ਮੰਜ਼ਿਲ 'ਤੇ ਧੀ ਨੂੰ ਪਹੁੰਚਾਇਆ।
ਉਸ ਤੋਂ ਕਾਹਦਾ ਲੈਣਾਂ ਹੋਰ ਸਰਮਾਇਆ।
ਹੱਥ ਜੋੜ ਕਰਾਂ ਤੈਨੂੰ ਫ਼ਰਿਆਦ।
ਬਾਪੂ ਨਾ------।

ਮਹਿਮਾਨਾਂ ਦੀ ਖ਼ਾਤਰ ਕਰਾਂਗੇ ਜ਼ਰੂਰ।
ਮੈਨੂੰ ਇਹ ਸਭ ਕੁੱਝ ਹੈ ਮਨਜ਼ੂਰ।
ਕਿਸੇ ਦੀ ਧੀ ਹੈ ਸਾਡੇ ਸਿਰ ਦਾ ਤਾਜ।
ਬਾਪੂ ਨਾ--------।

ਸਾਡੇ ਘਰ 'ਚ ਨਹੀਂ ਕਿਸੇ ਦੀ ਥੁੜ੍ਹ ਬਾਪੂ।
ਕੀ ਕਰਨਾ ਲੈ ਕੇ ਦਾਜ ਪਿਛਾਂਹ ਮੁੜ ਬਾਪੂ।

ਲਾਲਚੀ ਸ਼ਿਕਰਿਆਂ ਨੂੰ ਨੋਚ ਬਣ ਕੇ ਬਾਜ਼।
ਬਾਪੂ ਨਾ-------।

ਐਸੀ ਇਕ ਮਿਸਾਲ ਜੱਗ ’ਤੇ ਬਣਾ।
ਹਰ ਕੋਈ ਕਰੇਗਾ ਤੇਰੀ ਵਾਹ ਵਾਹ।
ਫੇਰ ਸੱਚੀਮੁੱਚੀ ਹੋਣਾ ਤੇਰਾ ਹੀ ਰਾਜ।
ਬਾਪੂ ਨਾ-------।

ਤੈਨੂੰ ਮਿਲੇਗਾ ਬੜਾ ਹੀ ਸਤਿਕਾਰ।
ਮੰਨ ਲੈ ਮੇਰੀ ਬੇਨਤੀ ਇਕ ਵਾਰ।
ਹਰ ਕੋਈ ਆਖੇਗਾ ਤੈਨੂੰ ਮਹਾਰਾਜ।
ਬਾਪੂ ਨਾ----------।

ਕਿਸ ਪਾਪੀ ਇਹ ਰੀਤਾਂ ਬਣਾਈਆਂ।
ਕਿਉਂ ਲੋਭੀਆਂ ਧੀਆਂ ਬਲੀ ਚੜ੍ਹਾਈਆਂ।
ਹੁਣ ਤੇਰੇ ਹੱਥ ਹੈ ਧੀਆਂ ਦੀ ਲਾਜ।
ਬਾਪੂ ਨਾ--------।

ਆ ਹੁਣ ਵਿਆਹ ਦੇ ਕਾਰਡ ਛਪਵਾਈਏ।
ਸਾਦਾ ਵਿਆਹ ਬਿਨ ਦਾਜ ਲਿਖਵਾਈਏ।
ਜੱਗ ਵਿਚ ਕਰੀਏ ਇਕ ਨਵੀਂ ਸ਼ੁਰੂਆਤ।
ਬਾਪੂ ਨਾ ਮੰਗੀ ਮੇਰੇ ਵਿਆਹ 'ਚ ਦਾਜ।

**ਮੋ: 9419636562**

○

# ਔਰਤ...

❑ ਵੀਰ ਕੌਰ

ਸੋਚਿਆ ਮੈਂ ਪੜ੍ਹਦਾ ਕਰ ਲਾਂ
ਕਿੰਨ੍ਹ-ਕਿੰਨ੍ਹ ਜ਼ਹਿਨ ਵਿੱਚ ਧਰ ਲਾਂ
ਹਰ ਮਰਦ ਦਾ ਰਿਸ਼ਤਾ ਮੇਰੇ ਨਾਲ ਏ
ਜਿਵੇਂ ਵਰਤੀ ਜਾਂਦੀ ਔਰਤ ਨਾਲ ਕੋਈ ਮਾੜੀ ਚਾਲ ਏ
ਔਰਤ ਦਾ ਦੁਨੀਆਂ ਵਿੱਚ ਰੁਤਬਾ ਹੋਣਾ ਚਾਹੀਦਾ
ਜਿਵੇਂ ਕੁਤਬ ਮੀਨਾਰ ਏ
ਔਰਤ ਤਾਂ ਇਵੇਂ  ਜਿਵੇਂ ਖੰਡੇ ਦੀ ਧਾਰ ਏ
ਔਰਤ ਤਾਂ ਲਿਸ਼ਕਦੀ ਵਾਂਗ ਤਲਵਾਰ ਏ
ਔਰਤ ਨੂੰ ਦਿਓ ਰੁਤਬਾ ਜਿਵੇਂ ਪਵਿੱਤਰ ਕਿਤਾਬ ਏ
ਔਰਤ ਨੂੰ ਦੇਖੇ ਹਰ ਮਰਦ ਨਾਲ ਗੰਦੀ ਨਿਗਾਹ ਏ
ਜਿਵੇਂ ਲਹਿੰਦੇ ਪੰਜਾਬ ਦਾ ਸ਼ਿੰਗਾਰ ਏ
ਔਰਤ ਨੂੰ ਔਰਤ ਹੀ ਮਾੜਾ ਕਹਿ ਜਾਂਦੀ
ਜਾਂਦੀ ਅੰਤ ਨੂੰ ਇਹੋ ਸ਼ਰਮ ਮਾਰ ਏ

ਫ਼ੋਨ: 81465 36967

O

# ਇੱਕੀਵੀਂ ਸਦੀ ਦੇ ਚੌਣਵੇਂ ਪੰਜਾਬੀ ਨਾਵਲਾਂ ਵਿੱਚ ਜਲ ਸੰਕਟ ਦੇ ਵਿਭਿੰਨ ਪਸਾਰ

❑ ਸੋਮਾ ਸਿੰਘ, ਖੋਜਾਰਥੀ
❑ ਡਾ. ਅਮਨਦੀਪ ਸਿੰਘ, ਅਸਿਸਟੈਂਟ ਪ੍ਰੋਫ਼ੈਸਰ

ਪਾਣੀ ਦੀ ਅਣਹੋਂਦ ਵਿੱਚ ਧਰਤੀ ਉੱਤੇ ਮਨੁੱਖੀ ਜੀਵਨ ਅਤੇ ਜੀਵ-ਜੰਤੂਆਂ ਦੀ ਹੋਂਦ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਹੋ ਕਾਰਨ ਹੈ ਕਿ ਆਦਿ ਕਾਲ ਤੋਂ ਹੀ ਮਨੁੱਖ ਨੇ ਆਪਣੇ ਰਹਿਣ ਬਸੇਰੇ ਦਰਿਆਵਾਂ ਜਾਂ ਪਾਣੀ ਦੇ ਹੋਰ ਸ੍ਰੋਤਾਂ ਦੇ ਨੇੜੇ ਬਣਾਏ। ਭਾਰਤੀ ਸਭਿਅਤਾ ਦੇ ਬਹੁਤ ਸਾਰੇ ਮਹਾਨ ਗ੍ਰੰਥ ਪੰਜਾਬ ਦੇ ਦਰਿਆਵਾਂ ਕੰਢੇ ਹੀ ਲਿਖੇ ਗਏ ਹਨ। ਇਨ੍ਹਾਂ ਦਰਿਆਵਾਂ ਦੀ ਬਦੌਲਤ ਹੀ ਇਸ ਖਿੱਤੇ ਦਾ ਨਾਮ ਪੰਜਾਬ ਭਾਵ 'ਪੰਜ ਦਰਿਆਵਾਂ ਦੀ ਧਰਤੀ' ਪਿਆ। ਪੰਜਾਬ ਦਾ ਖੇਤੀ ਆਧਾਰਿਤ ਹੋਣਾ ਵੀ ਇਸ ਅਨਮੋਲ ਸੌਗਾਤ ਪਾਣੀ ਉੱਪਰ ਹੀ ਨਿਰਭਰ ਕਰਦਾ ਹੈ। ਪਾਣੀ ਦੀ ਵਡਿਆਈ ਸੰਸਾਰ ਭਰ ਵਿੱਚ ਪ੍ਰਸਿੱਧ ਚਾਰ ਵੇਦਾਂ 'ਚੋਂ ਪਹਿਲੇ ਵੇਦ ਰਿਗਵੇਦ ਵਿੱਚ ਵੀ ਮਿਲਦੀ ਹੈ। ਇਨ੍ਹਾਂ ਸੂਤਕਾਂ ਵਿੱਚ ਪਾਣੀ ਦੇ ਗੁਣਾਂ ਅਤੇ ਉਸ ਨਾਲ ਸਰੀਰਕ ਅਤੇ ਮਾਨਸਿਕ ਰੋਗਾਂ ਨੂੰ ਸ਼ਾਂਤ ਕਰਨ ਦਾ ਉੱਲੇਖ ਮਿਲਦਾ ਹੈ। ਇਸ ਤੋਂ ਇਲਾਵਾ ਪਾਣੀ ਨੂੰ ਪਿਆਸ ਬੁਝਾਉਣ ਵਾਲੇ ਅਤੇ ਵਹਿੰਦੀਆਂ ਨਦੀਆਂ ਦੇ ਰੂਪ ਵਿਚ ਵੀ ਪੇਸ਼ ਕੀਤਾ ਗਿਆ ਹੈ।

"ਅਪੋਦੇਵੀਰੁਪਹ੍ਵਯੇ ਯਤ੍ਰ ਗਾਵ: ਪਿਬਨ੍ਤਿ ਨ:। ਸਿਨ੍ਧੁਭਜ: ਕਰ੍ਤ੍ਵੰ ਹਵਿ: ॥18॥"

ਅਰਥਾਤ ਜਿਸ ਪਾਣੀ ਨਾਲ ਸਾਡੀਆਂ ਗਾਵਾਂ ਪਿਆਸ ਬੁਝਾਉਂਦੀਆਂ ਹਨ, ਸਾਨੂੰ ਉਸ ਪਾਣੀ ਦੀ ਉਸਤਤ ਕਰਨੀ ਚਾਹੀਦੀ ਹੈ ਅਤੇ ਧਰਤੀ ਉੱਤੇ ਵਹਿੰਦੀਆਂ ਨਦੀਆਂ ਦਾ ਆਦਰ ਕਰਨਾ ਚਾਹੀਦਾ ਹੈ।

ਪੰਜਾਬੀ ਸਾਹਿਤ ਵਿੱਚ ਸ਼ੁਰੂ ਤੋਂ ਹੀ ਪਾਣੀ ਦੀ ਕਿਸੇ ਨਾ ਕਿਸੇ ਰੂਪ ਵਿੱਚ ਚਰਚਾ ਹੁੰਦੀ ਰਹੀ ਹੈ। ਪਾਣੀ ਬਾਰੇ ਇਤਿਹਾਸਕ ਅਧਿਐਨ ਵਰਤਮਾਨ ਸਥਿਤੀਆਂ ਬਾਰੇ ਸਾਡੀ ਸੰਵੇਦਨਸ਼ੀਲਤਾ ਅਤੇ ਜਾਗਰੂਕਤਾ ਵਧਾਉਣ ਦਾ ਵਾਅਦਾ ਕਰਦੇ ਹਨ, ਇਸ ਲਈ ਅਜੋਕੇ ਸਮੇਂ ਮੱਧਕਾਲੀ ਪਾਠਾਂ ਦੀ ਵਾਤਾਵਰਣ ਪੜ੍ਹਤ, ਇਹ ਸਮਝਣ ਵਿੱਚ ਮਦਦ ਕਰਦੀ ਹੈ ਕਿ ਸਦੀਆਂ ਤੋਂ ਮੌਜੂਦਾ ਵਾਤਾਵਰਣ ਪਰਿਸਥਿਤੀਆਂ ਕਿਵੇਂ ਬਣੀਆਂ ਹਨ ਅਤੇ ਪਾਣੀ ਪ੍ਰਤੀ ਸਾਡਾ ਮਾਨਸਿਕ ਅਤੇ ਭੌਤਿਕ ਰਵੱਈਆ ਕਿਵੇਂ ਦਾ ਰਿਹਾ ਹੈ। ਇਸ ਗੱਲ ਨੂੰ ਗੁਰੂ ਨਾਨਕ ਦੇਵ ਜੀ *ਆਸਾ ਦੀ ਵਾਰ* ਵਿੱਚ ਦਰਸਾਉਂਦੇ ਹਨ ਕਿ "ਪਹਿਲਾ ਪਾਣੀ ਜਿਉ ਹੈ ਜਿਤੁ ਹਰਿਆ ਸਭੁ ਕੋਇ ।।" ਅਰਥਾਤ ਸ੍ਰਿਸ਼ਟੀ ਵਿੱਚ ਜੀਵਨ ਦਾ ਆਰੰਭ ਪਾਣੀ ਤੋਂ ਹੋਇਆ ਹੈ ਅਤੇ ਜੀਵਨ ਨੂੰ ਕਾਇਮ ਰੱਖਣ ਵਾਲਾ ਵੀ ਪਾਣੀ ਹੈ। ਪੌਦਿਆਂ ਅਤੇ ਜਾਨਵਰਾਂ ਵਿੱਚ ਸਾਹਾਂ ਦੇ ਨਿਰੰਤਰ ਪ੍ਰਵਾਹ ਲਈ ਇੱਕ ਜ਼ਰੂਰੀ ਤੱਤ ਹੋਣ ਦੇ ਨਾਲ-ਨਾਲ ਹਰਿਆਲੀ ਤੇ ਖ਼ੁਸ਼ਹਾਲੀ ਦਾ ਲਖਾਇਕ ਹੈ। ਦੂਸਰੇ ਸ਼ਬਦਾਂ ਵਿੱਚ ਪਾਣੀ ਹੈ ਤਾਂ ਜੀਵਨ ਹੈ।

ਆਧੁਨਿਕ ਯੁੱਗ ਵਿੱਚ ਵੀ ਪਾਣੀ ਜੀਵਨ ਲਈ ਕਿੰਨਾ ਅਹਿਮ ਹੈ, ਇਸ ਧਾਰਨਾ ਨੂੰ ਸੰਨ 2006 ਵਿੱਚ ਮੈਕਸੀਕੋ ਵਿੱਚ ਰਿਲੀਜ਼ ਹੋਈ 'ਯੂ.ਐਨ. ਵਰਲਡ ਵਾਟਰ ਡਿਵੈਲਪਮੈਂਟ ਰਿਪੋਰਟ' ਨੇ ਹੋਰ ਪੱਕਿਆਂ ਕੀਤਾ। ਇਸ ਰਿਪੋਰਟ ਵਿੱਚ ਕਿਹਾ ਗਿਆ ਹੈ, "ਪ੍ਰਗਤੀ ਅਤੇ ਵਿਕਾਸ ਦੇ ਪਹੀਏ ਨੂੰ ਬਲਦਾਂ ਦੀ ਜੋੜੀ ਤੋਂ ਲੈ ਕੇ ਪਰਮਾਣੂ ਊਰਜਾ ਤੱਕ ਕਿਸੇ ਵੀ ਜਰੀਏ ਚਲਦਾ ਰੱਖਿਆ ਜਾ ਸਕਦਾ ਹੈ। ਪ੍ਰੰਤੂ ਜ਼ਿੰਦਗੀ ਦਾ ਪਹੀਆ ਸਿਰਫ਼ ਅਤੇ ਸਿਰਫ਼ ਪਾਣੀ ਦੇ ਆਸਰੇ ਹੀ ਚੱਲੇਗਾ" (ਨਾਭਾ 20 ਵਿਚੋਂ ਉਧਰਿਤ)।

ਆਧੁਨਿਕ ਸਾਹਿਤ ਦੇ ਵਿਭਿੰਨ ਸਾਹਿਤ ਰੂਪਾਂ ਵਿੱਚ ਪਾਣੀ ਦੀ ਕਿਸੇ ਨਾ ਕਿਸੇ ਰੂਪ ਵਿੱਚ ਪੇਸ਼ਕਾਰੀ ਮਿਲਦੀ ਹੈ। ਸਮਕਾਲੀ ਪੰਜਾਬੀ ਨਾਵਲ ਪਾਣੀ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਸਿਰਫ਼ ਇੱਕ ਵੱਖਰੇ ਨੁਕਤੇ ਤੋਂ ਵਿਚਾਰਦਾ ਹੀ ਨਹੀਂ ਬਲਕਿ ਇਨ੍ਹਾਂ ਸਮੱਸਿਆਵਾਂ ਦੇ ਸਥਾਈ ਹੱਲ ਸੁਝਾਉਣ ਲਈ ਵੀ ਯਤਨਸ਼ੀਲ ਹੈ।

ਜਸਵੀਰ ਰਾਣਾ ਦਾ ਨਾਵਲ *ਇੱਥੋਂ ਰੇਗਿਸਤਾਨ ਦਿਸਦਾ ਹੈ* (2017) ਪੰਜਾਬੀ ਦਾ ਅਜਿਹਾ ਨਾਵਲ ਹੈ ਜੋ ਵਿਭਿੰਨ ਮਸਲਿਆਂ ਨੂੰ ਬਿਆਨ ਕਰਦਿਆਂ ਭਾਸ਼ਾ, ਸਭਿਆਚਾਰ ਅਤੇ ਵਾਤਾਵਰਣ ਦੀ ਸਾਂਭ ਸੰਭਾਲ ਬਾਰੇ ਸਮਾਜ ਨੂੰ ਸੁਚੇਤ ਕਰਦਾ ਹੈ। ਹਰਿੰਦਰ ਸਿੰਘ ਅਨੁਸਾਰ, "ਨਾਵਲ ਵਿੱਚ ਪੰਜਾਬ ਦੇ ਸੁਨਹਿਰੀ ਇਤਿਹਾਸ ਨੂੰ ਸੰਕੇਤਕ ਰੂਪ ਵਿੱਚ ਪੇਸ਼ ਕਰਦੇ ਹੋਏ ਇਸਦੇ ਕਾਲਖ ਵਿੱਚ ਵਟਣ ਅਤੇ ਧਰਤੀ ਦੀ ਜਰਖੇਜ਼ਤਾ ਦੇ ਰੇਗਿਸਤਾਨ ਬਣ ਜਾਣ ਦਾ ਰੁਦਨ ਹੈ" (84)। ਇਸ ਤੋਂ ਇਲਾਵਾ ਰਾਮ ਸਰੂਪ ਅਣਖੀ ਦਾ ਨਾਵਲ *ਕਣਕਾਂ ਦਾ ਕਤਲਾਮ* (2007), ਬਲਬੀਰ ਪਰਵਾਨਾ ਦੇ ਨਾਵਲ *ਗਹਿਰ ਚੜ੍ਹੀ ਅਸਮਾਨ* (2010) ਅਤੇ *ਕਥਾ ਇਸ ਯੁੱਗ ਦੀ* (2011), ਜਸਵੀਰ ਮੰਡ ਦਾ ਨਾਵਲ *ਖਾਜ* (2010), ਬਲਦੇਵ ਸਿੰਘ ਦਾ ਨਾਵਲ *ਖਾਕੁ ਜੇਡੁ ਨ ਕੋਇ* (2013), ਜਸਵੰਤ ਸਿੰਘ ਗੱਜਣਮਾਜਰਾ ਦਾ ਨਾਵਲ *ਸਵਰਗ ਦੀ ਮੌਤ* (2019) ਆਦਿ ਰਚਨਾਵਾਂ ਵਿੱਚ ਵੀ ਜਲ ਸੰਕਟ ਬਾਰੇ ਸਿੱਧੇ-ਅਸਿੱਧੇ ਰੂਪ ਵਿੱਚ ਪੇਸ਼ਕਾਰੀ ਕੀਤੀ ਮਿਲਦੀ ਹੈ। ਪੰਜਾਬ ਦੇ ਅਤੀਤ, ਵਰਤਮਾਨ ਅਤੇ ਭਵਿੱਖ ਦੇ ਸੰਦਰਭ ਵਿੱਚ ਪਾਣੀ ਦੇ ਵਿਭਿੰਨ ਰੂਪਾਂ ਨੂੰ ਇਕ ਮੈਟਾਫਰ ਵਜੋਂ ਪ੍ਰਗਟ ਕੀਤਾ ਹੈ। ਇਨ੍ਹਾਂ ਨਾਵਲਕਾਰਾਂ ਦੁਆਰਾ ਆਪਣੇ ਨਾਵਲਾਂ ਵਿੱਚ ਪਾਣੀ ਦੀ ਭਰਪੂਰਤਾ, ਪਾਣੀ ਦੀ ਘਾਟ, ਪਾਣੀ ਦੀ ਘਾਟ ਦੇ ਕਾਰਨ ਅਤੇ ਪ੍ਰਭਾਵ, ਪਾਣੀ ਨੂੰ ਬਚਾਉਣ ਦੇ ਸੁਝਾਅ ਆਦਿ ਬਿੰਦੂਆਂ ਨੂੰ ਮੁੱਖ ਰੱਖਦੇ ਹੋਏ ਵਾਤਾਵਰਣ ਦੇ ਅਨਮੋਲ ਤੱਤ ਪਾਣੀ ਨੂੰ ਅਧਿਐਨ ਦਾ ਵਸਤੂ ਬਣਾਇਆ ਗਿਆ ਹੈ।

**ਪਾਣੀ ਦੀ ਭਰਪੂਰਤਾ**:

ਪੰਜਾਂ ਦਰਿਆਵਾਂ ਦੀ ਧਰਤੀ ਵਜੋਂ ਜਾਣੇ ਜਾਣ ਵਾਲੇ ਸੂਬੇ ਪੰਜਾਬ ਵਿੱਚ ਕਿਸੇ ਸਮੇਂ ਪਾਣੀ ਦੀ ਕੋਈ ਕਮੀ ਨਹੀਂ ਸੀ। ਪਾਣੀ ਦੀ ਇਸ ਮਾਤਰਾ ਕਰਕੇ ਹੀ ਪੰਜਾਬ ਵਿੱਚ ਖੇਤੀ ਦੀ ਉਪਜ ਵਿੱਚ ਹਮੇਸ਼ਾ ਵਾਧਾ ਹੁੰਦਾ ਰਿਹਾ ਹੈ। ਨਾਵਲਾਂ ਵਿੱਚ ਇਸ ਪਾਣੀ ਦਾ ਜ਼ਿਕਰ ਭੂਮੀਗਤ, ਬਰਸਾਤੀ, ਨਦੀਆਂ, ਦਰਿਆਵਾਂ, ਝੀਲਾਂ, ਕੂਲ੍ਹਾਂ ਆਦਿ ਦੇ ਰੂਪ ਵਿੱਚ ਮਿਲਦਾ ਹੈ। ਜਸਵੀਰ ਸਿੰਘ ਰਾਣਾ ਅਤੇ ਰਾਮ ਸਰੂਪ ਅਣਖੀ ਆਪਣੇ ਨਾਵਲਾਂ *ਇੱਥੋਂ ਰੇਗਿਸਤਾਨ ਦਿਸਦਾ ਹੈ* ਅਤੇ *ਕਣਕਾਂ ਦਾ ਕਤਲਾਮ* ਰਾਹੀਂ ਧਰਤੀ ਹੇਠਲੇ ਪਾਣੀ ਦੀ ਵਿਭਿੰਨ ਪਰਿਸਥਿਤੀਆਂ ਵਿੱਚ ਪੇਸ਼ਕਾਰੀ ਕਰਦੇ ਹਨ। ਜਸਵੀਰ ਰਾਣਾ ਵੇਦਾਂ ਅਤੇ ਰਿਸ਼ੀ-ਮੁਨੀਆਂ ਦੇ ਸਮੇਂ ਤੋਂ ਪਾਣੀ ਦੀ ਵਿਸ਼ਾਲਤਾ ਨੂੰ ਪ੍ਰਗਟ ਕਰਦਾ ਹੈ। ਨਾਵਲ ਦੇ ਪਾਤਰ ਗੁਰਮੁਖ ਸਿੰਘ ਦੁਆਰਾ ਆਪਣੇ ਦਾਦੇ-ਪੜਦਾਦੇ ਵੇਲੇ ਅਰਥਾਤ ਦੋ ਪੀੜ੍ਹੀਆਂ ਪਹਿਲਾਂ ਦੇ ਸਮੇਂ ਨੂੰ ਯਾਦ ਕਰਦਿਆਂ, ਹਰਦੇਵ ਸਿੰਘ ਨੂੰ ਕਹੇ ਗਏ ਇਹ ਬੋਲ ਅਤੀਤ ਵਿੱਚ ਪਾਣੀ ਦੀ ਗੌਰਵਮਈ ਪਰੰਪਰਾ ਨੂੰ ਮੂਰਤੀਮਾਨ ਕਰਦੇ ਹਨ, "ਆਪਣੇ ਪੁਰਖੇ ਤਾਂ ਧਰਤੀ 'ਚ ਗੋਡਾ ਮਾਰ ਕੇ ਈ ਪਾਣੀ ਕੱਢ ਲੈਂਦੇ ਤੀ" (62)। ਨਾਵਲ

ਵਿੱਚ ਆਈਆਂ ਇਹ ਸਤਰਾਂ ਇਸ ਗੱਲ ਵੱਲ ਇਸ਼ਾਰਾ ਕਰਦੀਆਂ ਹਨ ਕਿ ਧਰਤੀ ਹੇਠਲੇ ਪਾਣੀ ਦੀਆਂ ਤਿੰਨੋਂ ਪਰਤਾਂ ਹੀ ਪਾਣੀ ਨਾਲ ਭਰਪੂਰ ਸਨ। ਧਰਤੀ ਹੇਠਲੇ ਪਾਣੀ ਦੀਆਂ ਇਨ੍ਹਾਂ ਪਰਤਾਂ ਦੀ ਅਮੀਰੀ ਨੂੰ ਰਾਮ ਸਰੂਪ ਅਣਖੀ ਨੇ ਵੀ ਆਪਣੇ ਨਾਵਲ *ਕਣਕਾਂ ਦਾ ਕਤਲਾਮ* ਵਿੱਚ ਬਾਖ਼ੂਬੀ ਪੇਸ਼ ਕੀਤਾ ਹੈ, "ਕੰਜ਼ਰ ਦੀ ਮੋਟਰ ਪਾਣੀ ਬੜਾ ਸਿੱਟਦੀ ਐ। ਕਿਆਰਾ ਬਿੰਦ 'ਚ ਹੀ ਭਰ ਜਾਂਦੇ। ਮੈਂ ਅਗਲਾ ਨੱਕਾ ਹੁਣੇ ਵੱਢ ਕੇ ਆਇਆ" (26)। ਇਸ ਤਰ੍ਹਾਂ ਪਾਣੀ ਦਾ ਸੰਬੰਧ ਪੰਜਾਬ ਦੀ ਆਰਥਿਕਤਾ ਨਾਲ ਵੀ ਜੁੜਿਆ ਹੋਇਆ ਹੈ। ਕਿਉਂਕਿ ਪਾਣੀ ਦੀ ਅਨੁਕੂਲਤਾ ਖੇਤੀਬਾੜੀ ਨੂੰ ਪਹਿਲੇ ਪੱਧਰ 'ਤੇ ਪ੍ਰਭਾਵਿਤ ਕਰਦੀ ਹੈ ਅਤੇ ਖੇਤੀਬਾੜੀ ਪੰਜਾਬ ਦੀ ਆਰਥਿਕਤਾ ਦੀ ਚੂਲ ਹੈ।

ਧਰਤੀ ਹੇਠਲੇ ਪਾਣੀ ਤੋਂ ਬਾਅਦ ਧਰਤੀ ਉੱਪਰਲੇ ਸਾਫ਼ ਪਾਣੀ ਦੇ ਵਗਦੇ ਰਹੱਸਮਈ ਭੰਡਾਰਾਂ ਨੂੰ ਬਲਬੀਰ ਪਰਵਾਨਾ ਦੁਆਰਾ ਕੂਲ੍ਹਾਂ, ਨਦੀਆਂ, ਨਹਿਰਾਂ, ਤਲਾਬਾਂ ਆਦਿ ਰਾਹੀਂ ਦਰਸਾਇਆ ਗਿਆ ਹੈ। ਹਰਵਿੰਦਰ ਭੰਡਾਲ ਅਨੁਸਾਰ, "ਪਰਵਾਨਾ ਦਾ ਨਾਵਲ ਜਗਤ, ਭੂਗੋਲਿਕ ਪੱਖ ਤੋਂ ਸ਼ਿਵਾਲਕ ਦੀਆਂ ਪਹਾੜੀਆਂ ਦੇ ਪੈਰਾਂ ਹੇਠ ਵਿਛੇ ਦੁਆਬੇ ਦੇ ਉਸ ਭਾਗ ਨਾਲ ਜੁੜਦਾ ਹੈ, ਜੋ ਬਰਸਾਤੀ ਚੋਆਂ ਦੀ ਧਰਤੀ ਹੈ। ਬਰਸਾਤ ਦੇ ਦਿਨਾਂ ਵਿੱਚ ਭਰ ਵਗਣ ਵਾਲੇ ਚੋਅ ਅਤੇ ਹੋਰਨਾਂ ਮੌਸਮਾਂ ਵਿੱਚ ਉਸ ਪਾਣੀ ਨੂੰ ਸੰਭਾਲ ਕੇ ਰੱਖਣ ਵਾਲੀਆਂ ਕੂਲ੍ਹਾਂ ਇਸ ਧਰਤੀ ਨੂੰ ਰਮਣੀਕ ਬਣਾਉਂਦੀਆਂ ਹਨ" (89)। ਪਾਣੀ ਦੇ ਇਸ ਰੂਪ ਨੂੰ ਬਲਬੀਰ ਪਰਵਾਨਾ ਨੇ ਆਪਣੇ ਨਾਵਲ *ਗਹਿਰ ਚੜ੍ਹੀ ਅਸਮਾਨ* ਵਿੱਚ ਦਿਆਲ ਸਿੰਘ ਅਤੇ ਕਰਮ ਸਿੰਘ ਆਦਿ ਪਾਤਰਾਂ ਦੇ ਵਾਰਤਾਲਾਪ ਰਾਹੀਂ ਦਰਸਾਉਂਦੇ ਹੋਏ ਸਮਾਜ-ਸਭਿਆਚਾਰਕ ਭਾਈਚਾਰੇ ਦੇ ਸੰਕਲਪ ਨੂੰ ਵੀ ਪੇਸ਼ ਕੀਤਾ ਹੈ ਕਿ ਕਿਸ ਤਰ੍ਹਾਂ ਪਾਣੀ ਦੀ ਵਿਸ਼ਾਲ ਮਾਤਰਾ ਹੋਣ ਸਦਕਾ ਆਪਸੀ ਭਾਈਚਾਰਾ ਰੱਖਣ ਵਿੱਚ ਕੋਈ ਮੁਸ਼ਕਿਲ ਨਹੀਂ ਆਉਂਦੀ ਸੀ ਅਤੇ ਲੋੜ ਪੈਣ ਉੱਤੇ ਉਹ ਇਕ-ਦੂਜੇ ਨਾਲ ਖੜੇ ਨਜ਼ਰ ਆਉਂਦੇ ਸਨ। ਪਾਣੀ ਵਾਲਾ ਖਾਲ ਸਦਾ ਭਰਿਆ ਵਗਦਾ ਰਹਿੰਦਾ ਸੀ, ਜੋ ਖੇਤੀ ਲਈ ਬਹੁਤ ਹੀ ਲਾਹੇਵੰਦ ਸਿੱਧ ਹੁੰਦਾ,

"ਤਾਂ ਫਿਰ ਜੇ ਤੁਹਾਡਾ ਕਿਆਰਾ ਭਰ ਗਿਆ ਹੋਇਆ ਤਾਂ ਪਿੱਛਿਓਂ ਬਾਘ ਬੱਚੇ ਤੋਂ ਬੰਨ੍ਹ ਨਾ ਤੋੜੀ... ਅਗਾਂਹ ਨਾਲੇ 'ਚ ਹੀ ਛੱਡ ਦੇਵੀਂ। ਅਸੀਂ ਚਰੀ ਨੂੰ ਬੰਨ੍ਹ ਲਵਾਂਗੇ।"

"ਮੈਂ ਤਾਂ ਛੱਡ ਦਿੰਨਾ ਭਾਅ, ਪਰ ਇਹ ਨਾ ਹੋਵੇ ਕਿ ਅੱਗਿਓਂ ਤੁਸੀਂ ਜਾ ਕੇ ਬੰਨ੍ਹੋ ਨਾ ਤੇ ਪਾਣੀ ਲੋਕਾਂ ਦੇ ਵਾਹਣ ਭਿਉਂਦਾ ਫਿਰੇ!" (14)

ਇਸ ਤਰ੍ਹਾਂ ਕੂਲ੍ਹਾਂ, ਨਦੀਆਂ 'ਚੋਂ ਪਾਣੀ ਦਾ ਸਦਾ ਵਹਾਓ ਪੰਜਾਬ ਦੇ ਕਿਸਾਨਾਂ ਲਈ ਵਰਦਾਨ ਸਿੱਧ ਹੁੰਦਾ ਸੀ। ਪਾਣੀ ਦੀ ਇਸ ਭਰਪੂਰਤਾ ਨਾਲ ਸਮੇਂ ਦੀ ਅਮੀਰ ਪਰੰਪਰਾ ਦਾ ਦ੍ਰਿਸ਼ ਸਾਹਮਣੇ ਆਉਂਦਾ ਹੈ। ਭੂ-ਤਲ ਤੋਂ ਕੂਲ੍ਹਾਂ, ਨਦੀਆਂ, ਸਾਗਰਾਂ, ਮੀਂਹ, ਪਾਣੀ ਦੇ ਆਦਿ ਰੂਪਾਂ ਨੂੰ ਦ੍ਰਿਸ਼ਟਮਾਨ ਕੀਤਾ ਹੈ। ਜਸਵੀਰ ਮੰਡ ਨੇ *ਖਾਜ* ਨਾਵਲ ਵਿੱਚ ਆਜ਼ਾਦੀ ਦੌਰਾਨ ਪਹਾੜੀ ਖੇਤਰ ਵਿੱਚ ਕੁਦਰਤੀ ਚਿੱਟੇ ਬੱਦਲਾਂ 'ਚੋਂ ਝਰਨਿਆਂ ਦੇ ਰੂਪ ਵਿੱਚ ਵਗਦੇ ਪਾਣੀ ਦਾ ਚਿੱਤਰ ਉਲੀਕਿਆ ਹੈ। ਝਰਨੇ ਦਾ ਸਦਾ ਵਗਦਾ ਪਾਣੀ ਉਸ ਖੇਤਰ ਨੂੰ ਖ਼ੁਸ਼ਹਾਲੀ ਪ੍ਰਦਾਨ ਕਰਦਾ ਹੈ ਕਿਉਂਕਿ ਇਸੇ ਪਾਣੀ ਉੱਪਰ ਉਸ ਇਲਾਕੇ ਦਾ ਜੀਵਨ ਨਿਰਭਰ ਕਰਦਾ ਹੈ। ਮੰਡ ਇਸ ਸਾਫ਼ ਨਿੱਤਰੇ ਪਾਣੀ ਨੂੰ ਸ਼ਹਿਦ ਦਾ ਨਾਮ ਦਿੰਦਾ ਹੈ।

**ਪਾਣੀ ਦੀ ਘਾਟ**:

ਪੰਜਾਬ ਵਿੱਚ ਜੰਮੇ ਪਲੇ ਕਿਸੇ ਵੀ ਇਨਸਾਨ ਨੇ ਕਦੇ ਇਹ ਕਲਪਨਾ ਵੀ ਨਹੀਂ ਕੀਤੀ ਹੋਣੀ ਕਿ ਉਸਨੂੰ ਵੀ ਕਦੇ ਪਾਣੀ ਦੀ ਘਾਟ ਮਹਿਸੂਸ ਹੋਵੇਗੀ। ਪਰ ਪਿਛਲੇ ਸਾਲਾਂ ਦੌਰਾਨ ਸਮਾਜਿਕ,

ਰਾਜਨੀਤਿਕ, ਆਰਥਿਕ ਖੇਤਰਾਂ ਵਿੱਚ ਵਧ ਰਹੇ ਵਿਕਾਸ ਦੇ ਨਾਂ 'ਤੇ ਹੋ ਰਹੀਆਂ ਤਬਦੀਲੀਆਂ ਨੇ ਸਾਡੇ ਸਮਾਜ ਨੂੰ ਜਲ ਸੰਕਟ ਵੱਲ ਤੋਰ ਦਿੱਤਾ ਹੈ। ਹੁਣ ਸਾਨੂੰ ਪੰਜਾਬ 'ਚ ਪਾਣੀ ਦੀ ਬਹੁਲਤਾ ਵਾਲੀ ਸੋਚ ਤੋਂ ਹਟ ਕੇ ਇਸਦੀ ਘਾਟ ਬਾਰੇ ਸੋਚਣਾ ਪੈ ਰਿਹਾ ਹੈ। ਕੁਦਰਤੀ ਸਾਧਨਾਂ ਦੀ ਹੁੰਦੀ ਅੰਨ੍ਹੇਵਾਹ ਵਰਤੋਂ ਕਾਰਨ ਪਾਣੀ ਲਗਾਤਾਰ ਘਟਦਾ ਜਾ ਰਿਹਾ ਹੈ। ਧਰਤੀ ਹੇਠਲਾ ਪਾਣੀ, ਮੀਂਹ ਦਾ ਪਾਣੀ, ਦਰਿਆਵਾਂ, ਨਦੀਆਂ, ਨਹਿਰਾਂ, ਸਾਗਰਾਂ ਆਦਿ ਕੁਦਰਤੀ ਸਰੋਤਾਂ ਦੇ ਪਾਣੀ ਦੀ ਘਾਟ ਪੰਜਾਬ ਲਈ ਗੰਭੀਰ ਚੁਨੌਤੀ ਬਣਦੀ ਜਾ ਰਹੀ ਹੈ। ਇਸ ਗੰਭੀਰ ਚੁਨੌਤੀ ਨੂੰ ਜਸਵੀਰ ਰਾਣਾ ਨੇ ਆਪਣੇ ਨਾਵਲ *ਇੱਥੋਂ ਰੇਗਿਸਤਾਨ ਦਿਸਦਾ ਹੈ* ਵਿੱਚ ਵਿਸਥਾਰ ਸਹਿਤ ਪੇਸ਼ ਕੀਤਾ ਹੈ। ਪਾਣੀ ਦੀ ਘਾਟ ਦਾ ਚਿੱਤਰ ਉਲੀਕਦੇ ਹੋਏ ਹਰਦੇਵ ਤਾਇਆ ਕਹਿੰਦਾ ਹੈ, "ਅਜੇ ਕੱਲ ਸਮਰਸੀਬਲ ਬੋਰ ਕਰਵਾਇਆ ਤੀ!... ਦਿਨੋਂ ਦਿਨ ਉਹਦਾ ਪਾਣੀ ਵੀ ਘਟਦਾ ਜਾਂਦਾ...!" (102) ਇਸੇ ਤਰ੍ਹਾਂ ਪੀਣ ਯੋਗ ਪਾਣੀ ਦੇ ਘਟਣ ਕਰਕੇ ਵੀ ਗੁਰਮੁਖ ਸਿੰਘ ਇਹ ਗੱਲ ਹਰਦੇਵ ਸਿੰਘ ਨੂੰ ਕਹਿੰਦਾ ਹੈ, "ਨਾ ਆਖ਼ਰ ਆਪਣੇ ਹਿੱਸੇ ਦਾ ਪਾਣੀ ਕੌਣ ਪੀ ਗਿਆ" (62)। ਇਸ ਤਰ੍ਹਾਂ ਜਸਵੀਰ ਰਾਣਾ ਵਿਅੰਗਾਤਮਿਕ ਜੁਗਤ ਰਾਹੀਂ ਪੰਜਾਬੀ ਸਮਾਜ ਦੇ ਸਨਮੁਖ ਇਕ ਪ੍ਰਸ਼ਨ ਚਿੰਨ੍ਹ ਖੜ੍ਹਾ ਕਰਦਾ ਹੈ ਕਿ ਪੰਜਾਬ ਦੀ ਇਸ ਪਰੰਪਰਾਗਤ ਵਿਰਾਸਤੀ ਜੀਵਨ ਦੀ ਖ਼ੁਸ਼ਹਾਲੀ-ਹਰਿਆਲੀ ਦੇ ਨਸ਼ਟ ਹੋਣ ਲਈ ਕਸੂਰਵਾਰ ਕੌਣ ਹੈ। ਕੌਣ ਇੱਥੇ ਮਹੱਤਵਪੂਰਨ ਪਹੇਲੀ ਹੈ ਜੋ ਬੌਧਿਕ ਵਰਗ ਨੂੰ ਸੋਚਣ ਲਈ ਮਜ਼ਬੂਰ ਕਰਦੀ ਹੈ ਕਿ ਉਹ ਇਸ ਵਿਨਾਸ਼ ਦਾ ਕਾਰਨ ਲੱਭ ਸਕਣ।

ਮੀਂਹ ਦਾ ਸਿੱਧਾ ਪ੍ਰਭਾਵ ਧਰਤੀ ਉੱਤੇ ਵਹਿੰਦੇ ਪਾਣੀਆਂ ਉੱਪਰ ਪੈਂਦਾ ਹੈ। ਬਲਬੀਰ ਪਰਵਾਨਾ ਆਪਣੇ ਨਾਵਲ *ਗਹਿਰ ਚੜ੍ਹੀ ਅਸਮਾਨ* ਵਿੱਚ ਇਸੇ ਤਰ੍ਹਾਂ ਦੇ ਦ੍ਰਿਸ਼ ਨੂੰ ਪ੍ਰਗਟਾਉਂਦਾ ਹੈ। ਸਮੇਂ ਅਨੁਸਾਰ ਮੀਂਹ ਦੇ ਸੀਮਿਤ ਰੂਪ ਧਾਰਨ ਕਰ ਜਾਣ ਕਰਕੇ ਕੂਲ੍ਹਾਂ ਵਿਚ ਨਿਰੰਤਰ ਵਗਦਾ ਪਾਣੀ ਖੜੋਤ ਦੀ ਸਥਿਤੀ ਵਿੱਚ ਆ ਗਿਆ ਹੈ, ਜਿਸ ਕਰਕੇ ਖੇਤੀ ਲਈ ਇਸ ਪਾਣੀ ਦਾ ਵਾਰੀਆਂ ਦੇ ਰੂਪ ਵਿੱਚ ਬੰਨ੍ਹਿਆ ਜਾਣਾ, ਪਾਣੀ ਦੀ ਘਾਟ ਨੂੰ ਦਰਸਾਉਂਦਾ ਹੈ, "ਕਣਕ ਦੀ ਪਿਛਲੀ ਫ਼ਸਲ ਸਲ੍ਹਿਆ ਆ ਜਾਣ ਕਰਕੇ ਚਰੁੰਡੀ ਗਈ ਸੀ ਤੇ ਇਸ ਵਾਰ ਧਾਨ ਮੀਂਹ ਘੱਟ ਪੈਣ ਕਰਕੇ ਰੁਲ ਰਹੇ ਸਨ। ਲੋਕ ਵਾਰੀਆਂ ਬੰਨ੍ਹ ਕੇ ਕੂਲ੍ਹ ਦਾ ਪਾਣੀ ਲਾ ਰਹੇ ਸਨ" (87)। ਜਿੱਥੇ ਅਤੀਤ ਵਿੱਚ ਪਾਣੀ ਖੁੱਲ੍ਹੇ ਰੂਪ ਵਿੱਚ ਦਿਖਾਈ ਦਿੰਦਾ ਹੈ ਤੇ ਹੁਣ ਖੁੱਲ੍ਹੇ ਪਾਣੀ ਦਾ ਵਾਰੀਆਂ ਦੇ ਵਿੱਚ ਬੰਨੇ ਜਾਣਾ ਪਾਣੀ ਦੀ ਘਾਟ ਦਾ ਅਹਿਸਾਸ ਕਰਵਾਉਂਦਾ ਹੈ।

ਬਲਦੇਵ ਸਿੰਘ ਆਪਣੇ ਨਾਵਲ *ਖਾਕੂ ਜੇਡੂ ਨਾ ਕੋਈ* ਵਿੱਚ ਖੂਹ ਜੋ ਪੰਜਾਬ ਵਿੱਚ ਪਾਣੀ ਦਾ ਕੁਦਰਤੀ ਸਰੋਤ ਅਤੇ ਪਿੰਡਾਂ ਦੀ ਸਾਂਝ ਦਾ ਪ੍ਰਤੀਕ ਰਿਹਾ ਹੈ ਪਾਣੀ ਦੀ ਇਸ ਵਿਰਾਸਤ ਦੇ ਖ਼ਾਲੀ ਹੋਣ ਦੀ ਕਥਾ ਨੂੰ ਬਿਆਨ ਕਰਦਾ ਹੈ। ਇਸੇ ਤਰ੍ਹਾਂ ਦੇ ਸੰਕਟ ਨੂੰ ਜਸਵੀਰ ਮੰਡ ਆਪਣੇ ਨਾਵਲ *ਖਾਜ* ਵਿੱਚ ਪੇਸ਼ ਕਰਦਾ ਦਿਖਾਈ ਦਿੰਦਾ ਹੈ। ਆਜ਼ਾਦੀ ਸਮੇਂ ਪਿੰਡਾਂ ਵਿੱਚ ਖੇਤੀ ਪਾਣੀ ਦੇ ਦੋ ਸ੍ਰੋਤਾਂ ਮੀਂਹ ਅਤੇ ਖੂਹਾਂ ਉੱਪਰ ਨਿਰਭਰ ਰਹੀ ਹੈ। ਲੋਕ ਖੂਹਾਂ ਨੂੰ ਖੁਆਜਾ ਪੀਰ ਮੰਨ ਕੇ ਉਸਦੀ ਪੂਜਾ ਕਰਦੇ ਰਹੇ ਸਨ। ਬਦਲਦੇ ਸਮੇਂ ਦੌਰਾਨ ਖੂਹਾਂ ਦਾ ਪਾਣੀ ਨਿਰੰਤਰ ਘਟਦਾ ਗਿਆ ਹੈ। ਨਾਵਲ ਵਿੱਚ ਖੂਹ ਦੇ ਘਟਦੇ ਪਾਣੀ ਨੂੰ ਖੁਆਜਾ ਪੀਰ ਮੰਨ ਕੇ ਪਿੰਡ ਦਾ ਵਡੇਰਾ ਰੱਤੂ ਖੁਆਜਾ ਅੱਗੇ ਇਹ ਅਰਦਾਸ ਕਰਦਾ ਹੈ, "ਖੁਆਜਾ ਜੀ ਥੋੜ੍ਹਾ ਜਾ ਉੱਪਰ ਨੂੰ ਆਉ...।" (71) ਇਸ ਤਰ੍ਹਾਂ ਧਰਤੀ ਦੀ ਗੋਦ 'ਚੋਂ ਪਾਣੀ ਦੀ ਇਹ ਸਮਾਪਤੀ ਮਨੁੱਖੀ ਹੁੰਗਾਰਾ ਲੈਣ ਲਈ ਬਾਤ ਪਾਉਂਦੀ ਨਜ਼ਰ ਆਉਂਦੀ ਹੈ ਅਤੇ ਅਜਿਹੀ ਘਾਟ ਨੂੰ ਪੂਰਾ ਕਰਨਾ ਅਸੰਭਵ ਹੈ।

**ਪਾਣੀ ਦੀ ਘਾਟ ਦੇ ਕਾਰਨ:**

ਪੰਜਾਬ ਵਿੱਚ ਪਾਣੀ ਦੀ ਘਾਟ ਦੇ ਕਾਰਨਾਂ ਨੂੰ ਲੈ ਕੇ ਪੰਜਾਬੀ ਨਾਵਲ ਵਿੱਚ ਬਹੁਤ ਸਾਰੇ ਪੱਖਾਂ

ਨੂੰ ਵਾਚਿਆ ਗਿਆ ਹੈ। ਪਾਣੀ ਦੀ ਘਾਟ ਨੇ ਮਨੁੱਖ ਤੋਂ ਲੈ ਕੇ ਜਾਨਵਰ, ਪੰਛੀ, ਜੀਵ-ਜੰਤੂ, ਖੇਤੀ, ਮਿੱਟੀ, ਹਵਾ, ਆਦਿ ਸਭ ਨੂੰ ਪ੍ਰਭਾਵਿਤ ਕੀਤਾ ਹੈ। ਪਾਣੀ ਦੀ ਘਟਦੀ ਮਾਤਰਾ ਪਿੱਛੇ ਸਮਰਸੀਬਲ ਮੋਟਰਾਂ ਦੀ ਵਧਦੀ ਗਿਣਤੀ, ਘਰੇਲੂ ਕੰਮਾਂ ਲਈ ਪਾਣੀ ਦੀ ਨਾਜਾਇਜ਼ ਵਰਤੋਂ, ਫ਼ੈਕਟਰੀਆਂ ਵੱਲੋਂ ਕੈਮੀਕਲ ਯੁਕਤ ਪਾਣੀ ਦਾ ਵਹਾਅ, ਰਾਜਨੀਤਿਕ ਅਤੇ ਆਰਥਿਕ ਆਦਿ ਕਾਰਨ ਮੰਨੇ ਗਏ ਹਨ। ਜਸਵੀਰ ਸਿੰਘ ਰਾਣਾ ਦੁਆਰਾ ਸਮਰਸੀਬਲ ਮੋਟਰਾਂ ਦੀ ਵਧਦੀ ਗਿਣਤੀ ਕਰਕੇ ਧਰਤੀ ਹੇਠਲੇ ਪਾਣੀ ਦੀ ਖਪਤ ਦੇ ਗੰਭੀਰ ਸੰਕਟ ਨੂੰ ਪੇਸ਼ ਕੀਤਾ ਗਿਆ ਹੈ। ਅਜਿਹੇ ਬੋਰ ਕਰਾਉਣੇ ਖੇਤੀ ਲਈ ਕਿਸਾਨਾਂ ਦੀ ਮਜ਼ਬੂਰੀ ਵੀ ਹੈ ਪਰ ਪਾਣੀ ਦੀ ਘਾਟ ਦਾ ਦੋਸ਼ ਵੀ ਉਨ੍ਹਾਂ ਉੱਪਰ ਹੀ ਥੋਪਿਆ ਜਾਂਦਾ ਹੈ। ਰਾਣਾ ਆਪਣੇ ਪਾਤਰ ਰੁਪਿੰਦਰ ਉਰਫ਼ ਰੋਕੀ ਰਾਹੀਂ ਖੇਤੀ ਅਤੇ ਜ਼ਮੀਨਾਂ ਲਈ ਸਮਰਸੀਬਲ ਮੋਟਰਾਂ ਦੀ ਵਰਤੋਂ ਦੀ ਮਜ਼ਬੂਰੀ ਸਪਸ਼ਟ ਕਰਦੇ ਹੋਏ ਦੱਸਦਾ ਹੈ, "ਪੁਰਾਣੇ ਬੋਰ ਪਾਣੀ ਨਹੀਂ ਚੁੱਕਦੇ!... ਪਾਣੀ ਬਿਨਾਂ ਕੋਈ ਜ਼ਮੀਨ ਠੇਕੇ 'ਤੇ ਨਹੀਂ ਲੈਂਦਾ... ਪਤਾ ਨਹੀਂ ਕਿੰਨੀ ਕੁ ਵਾਰ ਸਮਰਸੀਬਲ ਬੋਰ ਕਰਾਉਣੇ ਪੈਣਗੇ...! ਤੂੰ ਇਸਨੂੰ ਆਪਣੀ ਮਜ਼ਬੂਰੀ ਹੀ ਸਮਝ ਲੈ....!" (31) ਇਸ ਤਰ੍ਹਾਂ ਰਾਣਾ ਇਹ ਸੰਕੇਤ ਕਰਦਾ ਹੈ, ਕਿ ਪੰਜਾਬ ਵਰਗੇ ਪਾਣੀ ਦੀ ਬਹੁਤਾਤ ਵਾਲੇ ਰਾਜ 'ਚ ਭਾਵੇਂ ਅੱਜ ਦੀ ਤਰੀਕ 'ਚ ਡੂੰਘੇ ਬੋਰਾਂ ਦੀ ਮਦਦ ਨਾਲ ਪੀਣ ਲਈ ਤੇ ਸਿੰਚਾਈ ਲਈ ਪਾਣੀ ਮਿਲ ਤਾਂ ਜ਼ਰੂਰ ਰਿਹਾ ਹੈ, ਪਰ ਜਿਸ ਤੇਜ਼ੀ ਨਾਲ ਇਸ ਖੇਤੀ ਪ੍ਰਧਾਨ ਸੂਬੇ 'ਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਦਿਨ-ਬ-ਦਿਨ ਡੂੰਘਾ ਹੋ ਰਿਹਾ ਹੈ, ਜਿਸ ਲਾਪਰਵਾਹੀ ਨਾਲ ਪੰਜਾਬ 'ਚ ਪਾਣੀ ਦੀ ਦੁਰਵਰਤੋਂ ਹੋ ਰਹੀ ਹੈ, ਇਸ ਹਾਲਾਤ ਮੁਤਾਬਕ ਇਸ ਖੇਤਰ ਦੇ ਵਸਨੀਕ ਵੀ ਪਾਣੀ ਦੀ ਬੂੰਦ-ਬੂੰਦ ਨੂੰ ਤਰਸਣ ਲਈ ਮਜ਼ਬੂਰ ਹੋ ਜਾਣਗੇ। ਘਰੇਲੂ ਕਾਰਜਾਂ ਵਿੱਚ ਬਿਨਾਂ ਸੋਚੇ-ਸਮਝੇ ਕੀਤੀ ਗਈ ਪਾਣੀ ਦੀ ਨਾਜਾਇਜ਼ ਵਰਤੋਂ ਵੀ ਪਾਣੀ ਨੂੰ ਖ਼ਤਮ ਕਰਨ ਦਾ ਕਾਰਨ ਬਣਦੀ ਹੈ। ਨਾਵਲ ਦੀ ਪਾਤਰ ਨੀਤੀ ਆਪਣੀ ਭਾਬੀ ਰੂਪਰੇਖਾ ਨੂੰ ਪਾਣੀ ਦੀ ਘਰੇਲੂ ਕਾਰਜਾਂ ਦੌਰਾਨ ਗ਼ਲਤ ਵਰਤੋਂ ਕਰਨ ਤੋਂ ਰੋਕਦੇ ਹੋਏ ਆਉਣ ਵਾਲੇ ਕੱਲ੍ਹ ਲਈ ਫ਼ਿਕਰ ਜ਼ਾਹਿਰ ਕਰਦੀ ਹੈ।

ਇਸੇ ਤਰ੍ਹਾਂ ਹੀ ਵਿਕਾਸ ਦੇ ਨਾਂਅ ਉੱਪਰ ਫ਼ੈਕਟਰੀਆਂ, ਕਾਰਖ਼ਾਨਿਆਂ, ਸੀਵਰੇਜ ਦਾ ਗੰਦਾ ਪਾਣੀ ਵਹਿੰਦੇ ਕੁਦਰਤੀ ਸਰੋਤਾਂ ਵਿੱਚ ਸੁੱਟ ਦੇਣ ਕਾਰਨ ਉਹ ਪਾਣੀ ਮਨੁੱਖਾਂ ਅਤੇ ਹੋਰ ਜੀਵਾਂ ਲਈ ਵਰਤਣਯੋਗ ਨਹੀਂ ਰਹਿੰਦਾ। ਵੱਡੇ-ਵੱਡੇ ਉਦਯੋਗਾਂ ਦੁਆਰਾ ਨਦੀਆਂ, ਨਾਲਿਆਂ ਦਾ ਪਾਣੀ ਬੁਰੀ ਤਰ੍ਹਾਂ ਪ੍ਰਦੂਸ਼ਿਤ ਕੀਤਾ ਜਾ ਰਿਹਾ ਹੈ। ਕਾਰਖ਼ਾਨਿਆਂ, ਫ਼ੈਕਟਰੀਆਂ ਦਾ ਕੈਮੀਕਲ ਯੁਕਤ ਪਾਣੀ ਕੁਦਰਤੀ ਸਰੋਤਾਂ ਦੇ ਪਾਣੀ ਨੂੰ ਪੀਣ ਯੋਗ ਤਾਂ ਕੀ ਹੱਥ ਧੋਣ ਯੋਗ ਵੀ ਨਹੀਂ ਛੱਡਦਾ। ਇਸ ਤਰ੍ਹਾਂ ਦਾ ਦ੍ਰਿਸ਼ ਬਲਬੀਰ ਪਰਵਾਨਾ *ਕਥਾ ਇਸ ਯੁੱਗ ਦੀ* ਅਤੇ ਰਾਮ ਸਰੂਪ ਅਣਖੀ *ਕਣਕਾਂ ਦਾ ਕਤਲਾਮ* ਵਿੱਚ ਦ੍ਰਿਸ਼ਟਮਾਨ ਕਰਦਾ ਹੈ। *ਕਥਾ ਇਸ ਯੁੱਗ ਦੀ* ਨਾਵਲ ਅਨੁਸਾਰ ਵੱਡੇ-ਵੱਡੇ ਸੀਵਰੇਜ ਅਤੇ ਰਿਜੋਰਟਾਂ 'ਚੋਂ ਨਿਕਲਦਾ ਗੰਦਾ ਪਾਣੀ, ਸਾਫ਼ ਪਾਣੀ ਨੂੰ ਪ੍ਰਦੂਸ਼ਿਤ ਕਰਨ ਦਾ ਸਾਧਨ ਬਣਿਆ ਹੋਇਆ ਹੈ। ਨਾਵਲ ਵਿੱਚ ਸਿੱਧੇ ਰੂਪ ਵਿੱਚ ਪਾਣੀ ਦੇ ਪ੍ਰਦੂਸ਼ਣ ਦਾ ਕਾਰਨ ਇਨ੍ਹਾਂ ਰਸਾਇਣਾਂ ਨੂੰ ਮੰਨਿਆ ਗਿਆ ਹੈ, "ਆ ਤਾਂ ਦੋ ਕੁ ਸਾਲ ਤੋਂ ਹੀ ਸ਼ੁਰੂ ਹੋਇਆ... ਉੱਪਰ ਸੜਕ ਕੰਢੇ ਜਿਹੜਾ ਗਿੱਲ ਰਿਸੋਰਟ ਹੈ, ਇਹ ਉਹਦਾ ਗੰਦ ਐ" (ਪਰਵਾਨਾ 159)। ਇਸ ਤਰ੍ਹਾਂ ਪਰਵਾਨਾ ਵੱਡੇ-ਵੱਡੇ ਰਿਜੋਰਟਾਂ ਅਤੇ ਫ਼ੈਕਟਰੀਆਂ ਨੂੰ ਪਾਣੀ ਪ੍ਰਦੂਸ਼ਣ ਲਈ ਦੋਸ਼ੀ ਠਹਿਰਾਉਂਦਾ ਹੈ।

ਜਸਵੀਰ ਮੰਡ ਪਾਣੀ ਸੰਕਟ ਦਾ ਦੋਸ਼ੀ ਆਧੁਨਿਕ ਯੁੱਗ ਦੇ ਪੂੰਜੀਪਤੀ ਲੋਕਾਂ ਨੂੰ ਠਹਿਰਾਉਂਦਾ ਹੈ। ਉਹ ਇਤਿਹਾਸ ਨੂੰ ਬਿਆਨ ਕਰਦੇ ਹੋਏ ਸਿੰਘਾਂ ਦੇ ਸਰਸਾ ਨਦੀ ਪਾਰ ਕਰਨ ਦੇ ਦ੍ਰਿਸ਼ ਨੂੰ ਅਜੋਕੇ ਦੌਰ ਦੇ ਪ੍ਰਸੰਗ ਰਾਹੀਂ ਚਿਤਰਦਾ ਹੈ। ਉਸ ਸਮੇਂ ਸਰਸਾ ਨਦੀ ਦਾ ਸਾਫ਼ ਪਾਣੀ ਵਿਸ਼ਾਲ ਮਾਤਰਾ ਵਿੱਚ ਪੇਸ਼ ਹੋਇਆ ਹੈ ਪਰ ਹੁਣ ਪੈਸੇ ਦੀ ਹੋੜ ਅਤੇ ਲਾਲਚ ਨੇ ਇਸ ਨਦੀ ਨੂੰ ਖਾਲ਼ ਦਾ ਰੂਪ ਦੇ ਦਿੱਤਾ ਹੈ।

ਉਦਯੋਗਿਕ ਖੇਤਰਾਂ ਨੇ ਸਰਸਾ ਨਦੀ ਨੂੰ ਰੇਤਾ-ਬੱਜਰੀ ਅਤੇ ਮਸ਼ੀਨਰੀ ਤੱਕ ਸੀਮਿਤ ਕਰ ਦਿੱਤਾ ਹੈ।

ਪੰਜਾਬ ਦੇ ਪਾਣੀਆਂ ਦੇ ਰਾਖੇ ਅਖਵਾਉਣ ਵਾਲੇ ਰਾਜਨੀਤਿਕ ਦਲ ਹੀ ਵਾਸਤਵ ਵਿੱਚ ਪਾਣੀ ਦੀ ਬਰਬਾਦੀ ਦਾ ਕਾਰਨ ਬਣੇ ਹੋਏ ਹਨ। ਸਮੁੱਚੀ ਲੋਕਾਈ ਸਾਹਮਣੇ ਤਾਂ ਇਹ ਰਾਜਨੀਤਿਕ ਪਾਰਟੀਆਂ ਪਾਣੀ ਨੂੰ ਬਚਾਉਣ ਦਾ ਰਾਗ ਅਲਾਪਦੀਆਂ ਨਜ਼ਰ ਆਉਂਦੀਆਂ ਹਨ, ਪਰ ਇਹ ਗੱਲਾਂ ਸਿਰਫ਼ ਕਾਗ਼ਜ਼ੀ ਸੰਬੋਧਨ ਤੱਕ ਹੀ ਸੀਮਿਤ ਰਹਿ ਜਾਂਦੀਆਂ ਹਨ। ਵੱਡੇ-ਵੱਡੇ ਉਦਯੋਗਪਤੀਆਂ ਨਾਲ ਸਾਂਝ ਪਾ ਕੇ ਆਪਣੇ ਸਵਾਰਥ ਨੂੰ ਮੁੱਖ ਰੱਖਦੇ ਹੋਏ, ਇਹ ਰਾਜਨੀਤਿਕ ਪਾਰਟੀਆਂ ਪਾਣੀ ਨੂੰ ਪ੍ਰਦੂਸ਼ਿਤ ਕਰਨ ਵੱਲ ਉੱਲਰੀਆਂ ਹੋਈਆਂ ਹਨ। ਰਾਮ ਸਰੂਪ ਅਣਖੀ ਪਾਣੀ ਪ੍ਰਦੂਸ਼ਣ ਦੀ ਇਸੇ ਤਰ੍ਹਾਂ ਦੀ ਸਮੱਸਿਆ ਨੂੰ ਪੇਸ਼ ਕਰਦਾ ਨਜ਼ਰ ਆਉਂਦਾ ਹੈ। ਪਿੰਡ ਵਿੱਚ ਰਾਜਨੀਤਿਕ ਦਲ ਉਦਯੋਗਪਤੀ ਨਾਲ ਮਿਲ ਕੇ ਪੇਪਰ ਫ਼ੈਕਟਰੀ ਦਾ ਨਿਰਮਾਣ ਕਰਦੇ ਹਨ ਅਤੇ ਇਸਦਾ ਬੁਰਾ ਪ੍ਰਭਾਵ ਆਲੇ-ਦੁਆਲੇ ਦੇ ਖੇਤਰ ਉੱਤੇ ਪੈਂਦਾ ਹੈ। ਪਿੰਡ ਦੇ ਨਿਕਾਸੀ ਨਾਲੇ ਦਾ ਪਾਣੀ ਫ਼ੈਕਟਰੀ ਦੇ ਕੈਮੀਕਲ ਯੁਕਤ ਪਾਣੀ ਰਾਹੀਂ ਬੁਰੀ ਤਰ੍ਹਾਂ ਪ੍ਰਦੂਸ਼ਿਤ ਕਰ ਦਿੱਤਾ ਜਾਂਦਾ ਹੈ, "ਸਫ਼ਾਈ ਤੋਂ ਬਾਅਦ ਜੋ ਗੰਦਾ ਪਾਣੀ ਨਿਕਲਦਾ, ਚਾਹੇ ਉਹਦੇ ਵਿੱਚੋਂ ਸੋਡਾ ਮੁੜ ਕੇ ਕੱਢ ਲਿਆ ਜਾਂਦਾ ਸੀ, ਪਰ ਬਚਦਾ ਪਾਣੀ ਫੇਰ ਵੀ ਬਹੁਤ ਜ਼ਹਿਰੀਲਾ ਸੀ। ਇਹ ਜ਼ਹਿਰੀਲਾ ਪਾਣੀ ਜੋ ਰੰਗ ਵਿੱਚ ਕਾਲਾ ਸਿਆਹ ਹੁੰਦਾ, ਫ਼ੈਕਟਰੀ ਦੇ ਨਾਲ ਲੱਗਦੇ ਨਿਕਾਸੀ ਨਾਲੇ ਵਿੱਚ ਰੋੜ੍ਹ ਦਿੱਤਾ ਜਾਂਦਾ, ਚਾਹੇ ਫ਼ੈਕਟਰੀ ਵਾਲਿਆਂ ਨੇ ਸੋਡਾ ਰਿਕਵਰੀ ਪਲਾਂਟ ਲਾਇਆ ਹੋਇਆ ਸੀ ਪਰ ਨਾਲੇ ਦਾ ਪਾਣੀ ਫੇਰ ਵੀ ਬਹੁਤ ਖ਼ਤਰਨਾਕ ਸੀ" (ਅਣਖੀ)। ਇਸ ਤਰ੍ਹਾਂ ਅਣਖੀ ਭ੍ਰਿਸ਼ਟ ਰਾਜਨੀਤੀ ਅਤੇ ਪੂੰਜੀਪਤੀ ਲੋਕਾਂ ਨੂੰ ਪਾਣੀ ਦੀ ਬਰਬਾਦੀ ਦੇ ਅਸਲੀ ਦੁਸ਼ਮਣ ਮੰਨਦਾ ਹੈ।

ਬਲਦੇਵ ਸਿੰਘ *ਖਾਕੂ ਜੇਡੁ ਨਾ ਕੋਇ* ਨਾਵਲ ਵਿੱਚ ਪਾਣੀ ਪ੍ਰਦੂਸ਼ਣ ਅਤੇ ਪਾਣੀ ਦੀ ਘਾਟ ਨੂੰ ਵਿਸ਼ਾਲ ਸੰਕਟ ਦੇ ਰੂਪ ਵਿੱਚ ਦੇਖਦੇ ਹੋਏ ਪੰਜਾਬ ਦੇ ਵੱਡੇ-ਵੱਡੇ ਜ਼ਿਮੀਂਦਾਰਾਂ ਨੂੰ ਧਰਤੀ ਹੇਠਲੇ ਪਾਣੀ ਦੀ ਘਾਟ ਦੇ ਦੋਸ਼ੀ ਠਹਿਰਾਉਂਦਾ ਹੈ। ਝੋਨੇ ਅਤੇ ਕਣਕ ਦੀ ਫ਼ਸਲ ਦਾ ਲਗਾਤਾਰ ਬੀਜੇ ਜਾਣਾ ਪਾਣੀ ਦੀ ਘਾਟ ਦਾ ਕਾਰਨ ਦਿਖਾਈ ਦਿੰਦਾ ਹੈ। ਵੱਧ ਜ਼ਮੀਨਾਂ ਵਾਲੇ ਜ਼ਿਮੀਂਦਾਰ ਸਬਮਰਸੀਬਲ ਮੋਟਰਾਂ ਦੀ ਅੰਨ੍ਹੇਵਾਹ ਵਰਤੋਂ ਨਾਲ ਧਰਤੀ ਹੇਠਲੇ ਪਾਣੀ ਨੂੰ ਹੜੱਪਦੇ ਜਾ ਰਹੇ ਹਨ। ਕਿਸਾਨ ਨੇਤਾ ਦੇ ਭਾਸ਼ਣ ਨਾਲ ਪਾਣੀ ਦੀ ਘਾਟ ਦੇ ਕਾਰਨਾਂ ਵੱਲ ਸੰਕੇਤ ਕੀਤਾ ਗਿਆ ਹੈ,

"ਹੁਣ ਇੱਕ ਏਕੜ ਵਾਲੇ ਨੂੰ ਜਾਂ ਹੱਦ 5 ਏਕੜ ਵਾਲੇ ਨੂੰ ਬਿਜਲੀ-ਪਾਣੀ ਮੁਫ਼ਤ ਦਾ ਕੀ ਲਾਭ ਹੋਣੈ? ਵੱਡੇ ਘਰਾਣਿਆਂ ਦੀਆਂ ਹਰ ਦੂਜੇ-ਤੀਜੇ ਕਿਲ੍ਹੇ ਵਿੱਚ ਮੋਟਰਾਂ ਚਲਦੀਆਂ ਹਨ। ਸੌ ਸੌ ਮੋਟਰਾਂ। ਦਿਨ ਰਾਤ ਪਾਣੀ ਕੁਲੰਜੀ ਜਾਓ ਧਰਤੀ ਹੇਠੋਂ। ਪੰਜਾਬ ਨੂੰ ਰੇਗਿਸਤਾਨ ਤਾਂ ਇਨ੍ਹਾਂ ਘਰਾਣਿਆਂ ਨੇ ਬਣਾਉਣਾ। ਇੱਕ ਦੋ ਜਾਂ ਚਾਰ ਏਕੜ ਵਾਲਾ ਕਿੰਨਾ ਕੁ ਪਾਣੀ ਕੱਢ ਲਊ। ਇਨ੍ਹਾਂ ਵੱਡਿਆਂ ਨੇ ਸੌ-ਸੌ ਕਿੱਲਾ ਝੋਨਾ ਲਾਇਆ ਹੁੰਦਾ ਹੈ ਜੇ ਕਣਕ-ਝੋਨੇ ਦਾ ਫ਼ਸਲੀ ਚੱਕਰ ਐਵੇਂ ਰਿਹਾ ਤਾਂ ਧਰਤੀ ਦੇ ਪੱਧਰ ਦਾ ਪਾਣੀ ਚਿੜੀਆਂ ਦਾ ਦੁੱਧ ਬਣ ਜਾਣੈ।" (29-30)

ਪਰਵਾਨਾ ਪੀਣ ਯੋਗ ਪਾਣੀ ਦੀ ਘਾਟ ਨੂੰ *ਕਥਾ ਇਸ ਯੁੱਗ ਦੀ* ਨਾਵਲ ਦੇ ਬਿਰਤਾਂਤ ਰਾਹੀਂ ਦਰਸਾਉਂਦੇ ਹੋਏ ਮਨੁੱਖੀ ਸਮਾਜ ਉੱਪਰ ਆਈ ਸਮੱਸਿਆ ਨੂੰ ਪ੍ਰਗਟ ਕਰਦਾ ਹੈ। ਸਾਫ਼ ਪਾਣੀ ਦੇ ਪ੍ਰਦੂਸ਼ਿਤ ਹੋਣ ਦੇ ਨਾਲ ਪੀਣ ਯੋਗ ਪਾਣੀ ਦੀ ਘਾਟ ਕਰਕੇ ਲੋਕਾਂ ਨੂੰ ਕਈ ਵਾਰ ਪਿਆਸੇ ਮਰਨਾ ਪੈਂਦਾ ਹੈ। ਲੋਕ ਪੀਣ ਯੋਗ ਪਾਣੀ ਨੂੰ ਕਈ-ਕਈ ਦਿਨ ਇਕੱਠਾ ਕਰਕੇ ਰੱਖਦੇ ਹਨ। ਪਰਵਾਨਾ ਆਪਣੇ ਪਾਤਰ ਕਾਮਰੇਡ ਸ਼ਮਸ਼ੇਰ ਦੇ ਸੰਵਾਦ ਰਾਹੀਂ ਪੀਣ ਵਾਲੇ ਪਾਣੀ ਦੇ ਸੰਕਟ ਨੂੰ ਇਸ ਤਰ੍ਹਾਂ ਪ੍ਰਸਤੁਤ ਕਰਦਾ ਹੈ, "ਆ ਖੱਡ ਵੱਲ ਜੰਗਲ ਪਾਣੀ ਹੋ ਆਂਦੇ ਹਾਂ, ਨਾਲੇ ਨਹਾ ਲਵਾਂਗੇ...ਆਹ ਉੱਪਰ ਤਾਂ ਦੋ ਦਿਨ ਹੋ ਗਏ ਐ, ਸਪਲਾਈ

ਦਾ ਪਾਣੀ ਹੀ ਨਹੀਂ ਆਇਆ..." (130)।

ਸਮੁੰਦਰੀ ਪਾਣੀ ਸੰਸਾਰ ਦੀਆਂ ਵਿਭਿੰਨ ਪ੍ਰਜਾਤੀਆਂ ਦੇ ਜੀਵਨ ਵਿਚ ਅਹਿਮ ਭੂਮਿਕਾ ਨਿਭਾਉਂਦਾ ਰਿਹਾ ਹੈ ਪਰ ਅਜੋਕੇ ਸਮੇਂ ਦੌਰਾਨ ਮਨੁੱਖੀ ਕਿਰਿਆਵਾਂ ਕਰਕੇ ਇਹ ਪਾਣੀ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਗਿਆ ਹੈ। ਇਨ੍ਹਾਂ ਪਾਣੀਆਂ ਵਿੱਚ ਰਹਿਣ ਵਾਲੇ ਜੀਵ-ਜੰਤੂ ਵਹੇਲ ਮਛਲੀ, ਕੱਛੂਕੁੰਮੇ ਅਤੇ ਹੋਰ ਵੱਡੇ-ਛੋਟੇ ਜੀਵਾਂ ਦੀ ਹੋਂਦ ਨੂੰ ਖ਼ਤਰਾ ਪੈਦਾ ਹੋ ਗਿਆ ਹੈ। ਵਿਗਿਆਨ ਦੀਆਂ ਵੱਡੀਆਂ-ਵੱਡੀਆਂ ਖੋਜਾਂ ਦੇ ਸਮੁੰਦਰ ਵਿਚ ਹੋਣ ਵਾਲੇ ਪ੍ਰਯੋਗਾਂ ਨੇ ਪਾਣੀ ਦੀ ਸ਼ੁੱਧਤਾ ਨੂੰ ਖ਼ਤਮ ਕਰ ਦਿੱਤਾ ਹੈ। ਜਸਵੰਤ ਸਿੰਘ ਗੱਜਣਮਾਜਰਾ ਆਪਣੇ ਨਾਵਲ *ਸਵਰਗ ਦੀ ਮੌਤ* ਵਿੱਚ ਕਲਪਨਾ ਅਤੇ ਹਕੀਕਤ ਦੇ ਸੁਮੇਲ ਰਾਹੀਂ ਸਮੁੰਦਰੀ ਪਾਣੀ ਨੂੰ ਪ੍ਰਦੂਸ਼ਣ ਦੀ ਚਪੇਟ ਵਿਚ ਘਿਰਿਆ ਦਿਖਾਉਂਦਾ ਹੈ। ਨਾਵਲ ਵਿਚ ਸਮੁੰਦਰੀ ਪਾਣੀ ਪ੍ਰਦੂਸ਼ਣ ਦੇ ਦੋਸ਼ੀ ਵਿਗਿਆਨੀਆਂ ਨੂੰ ਠਹਿਰਾਇਆ ਗਿਆ ਹੈ, ਇਸ ਗੱਲ ਦੀ ਪੁਸ਼ਟੀ ਸਮੁੰਦਰ ਦੁਆਰਾ ਮਨੁੱਖਾਂ ਦੀ ਸ਼ਿਕਾਇਤ ਕਰਨ ਸਮੇਂ ਹੁੰਦੀ ਹੈ, "ਰੱਬ ਜੀ! ਕਿਸੇ ਮਿਜ਼ਾਈਲ ਦਾ ਪ੍ਰੀਖਣ ਕਰਨਾ ਹੋਵੇ ਤਾਂ ਉਸਦਾ ਮੂੰਹ ਮੇਰੇ ਵੱਲ ਕਰ ਦਿੱਤਾ ਜਾਂਦੈ। ਪਰਮਾਣੂ ਬੰਬ ਦਾ ਪ੍ਰੀਖਣ ਕਰਨਾ ਹੋਵੇ ਤਾਂ ਉਸਦਾ ਮੂੰਹ ਮੇਰੇ ਵੱਲ ਕਰ ਦਿੱਤਾ ਜਾਂਦੈ। ਇਸਨੇ ਕਦੇ ਸੋਚਿਐ ਕੀ ਉਸ ਸਮੇਂ ਸਮੁੰਦਰ ਵਿਚਲੇ ਅਨੇਕਾਂ ਜੀਵ ਮੌਤ ਦੇ ਮੂੰਹ ਜਾ ਪੈਂਦੇ ਨੇ" (55)। ਇਸ ਤਰ੍ਹਾਂ ਪਾਣੀ ਦੀ ਘਾਟ ਅਤੇ ਪਾਣੀ ਪ੍ਰਦੂਸ਼ਣ ਕਾਰਨ ਮਨੁੱਖੀ ਅਤੇ ਗ਼ੈਰ-ਮਨੁੱਖੀ ਹੋਂਦਾਂ ਉੱਤੇ ਪੈਂਦੇ ਪ੍ਰਭਾਵਾਂ ਨੂੰ ਪ੍ਰਗਟ ਕੀਤਾ ਹੈ।

**ਪਾਣੀ ਦੀ ਘਾਟ ਦੇ ਪ੍ਰਭਾਵ**:

ਪਾਣੀ ਦੀ ਘਾਟ ਕਰਕੇ ਪੂੰਜੀਵਾਦ ਦੇ ਇਸ ਯੁੱਗ ਵਿੱਚ ਪਾਣੀ ਦਾ ਨਿੱਜੀਕਰਨ ਹੋਣਾ ਸ਼ੁਰੂ ਹੋ ਗਿਆ ਹੈ, ਪਰਿਵਾਰਕ ਭਾਈਚਾਰਕ ਸਾਂਝ ਟੁੱਟਦੀ ਜਾ ਰਹੀ ਹੈ। ਜਿਸਦਾ ਸਭਿਆਚਾਰ ਵਿੱਚ ਨਕਾਰਾਤਮਕ ਪ੍ਰਭਾਵ ਦਿਖਾਈ ਦਿੰਦਾ ਹੈ। *ਇੱਥੋਂ ਰੇਗਿਸਤਾਨ ਦਿਸਦਾ ਹੈ* ਨਾਵਲ ਵਿੱਚ ਪਾਣੀ ਨੂੰ ਬੋਤਲ ਬੰਦ ਰੂਪ ਵਿਚ ਪੇਸ਼ ਕੀਤਾ ਗਿਆ ਹੈ, ਜੋ ਸਾਡੇ ਸਮਾਜ ਲਈ ਇਕ ਚਿੰਤਾਜਨਕ ਵਿਸ਼ਾ ਹੈ। ਪਾਣੀ ਦੇ ਬਾਜ਼ਾਰੀ ਵਸਤੂ ਬਣ ਜਾਣ ਕਰਕੇ ਇਕ-ਦੂਸਰੇ ਪ੍ਰਤੀ ਅਪਣਾਪਨ ਗੁਆਚ ਗਿਆ ਹੈ। ਅਜੋਕੇ ਸਮੇਂ ਪਾਣੀ ਨੂੰ ਵਿਭਿੰਨ ਕਿਸਮਾਂ ਐਕਯੂਫਿਨਾ, ਬਿਸਲੇਰੀ, ਵੈਲੀ, ਆਵਾ, ਇਕਸਾ, ਪੇਰੀਅਰ ਆਦਿ ਵਿੱਚ ਵੰਡ ਦਿੱਤਾ ਗਿਆ ਹੈ ਅਤੇ ਇਨ੍ਹਾਂ ਕਿਸਮਾਂ ਅਨੁਸਾਰ ਹੀ ਪਾਣੀ ਦੀਆਂ ਵਿਭਿੰਨ ਕੀਮਤਾਂ ਲਗਦੀਆਂ ਹਨ। ਨਾਵਲ ਵਿਚ ਇਹ ਸਥਿਤੀ ਸਪਸ਼ਟ ਦਿਖਾਈ ਦਿੰਦੀ ਹੈ, "ਇਹ ਪਾਣੀ ਨਹੀਂ ਬਿਸਲੇਰੀ ਬਾਟਰ ਐ!...ਬੋਤਲ ਲੈਣੀ ਐਂ ਤਾਂ ਪੈਸੇ ਕੱਢੋ...!" (97) ਇਸੇ ਤਰ੍ਹਾਂ ਭਾਈਚਾਰੇ ਸਾਂਝ ਵਿੱਚ ਆ ਰਹੀਆਂ ਤਰੇੜਾਂ ਪੇਸ਼ ਹੋਈਆਂ ਹਨ, ਜਿਵੇਂ ਜਦੋਂ ਹਰਦੇਵ ਸਿੰਘ ਦੋ ਘਰਾਂ ਦੀ ਪਾਣੀ ਲਈ ਹੋ ਰਹੀ ਲੜਾਈ ਵਿੱਚ ਸ਼ਾਮਲ ਹੁੰਦਾ ਹੋਇਆ ਖ਼ੁਦ ਲਈ ਪਾਣੀ ਦੀ ਮੰਗ ਕਰਦਾ ਹੈ, "ਉਏ ਤੁਸੀਂ ਬਾਅਦ 'ਚ ਲੜਿਉ।...ਪਹਿਲਾਂ ਮੈਨੂੰ ਪਾਣੀ ਦਿਓ।...ਮੇਰੀ ਫ਼ਸਲ ਮਰ ਰਹੀ ਐ...!" (143)

ਇਸ ਤਰ੍ਹਾਂ ਰਿਸ਼ਤਿਆਂ ਦਾ ਟੁੱਟਣਾ, ਫ਼ਸਲਾਂ ਦਾ ਮਰਨਾ, ਸੱਭਿਆਚਾਰ ਰਸਮਾਂ ਦਾ ਖ਼ਤਮ ਹੋਣਾ, ਆਦਿ ਸਮੱਸਿਆਵਾਂ ਪਾਣੀ ਦੀ ਘਾਟ ਕਰਕੇ ਪੈਦਾ ਹੁੰਦੀਆਂ ਹਨ। ਇਸੇ ਤਰ੍ਹਾਂ ਦਾ ਸੰਕਟ ਹੀ ਪਾਣੀ ਦੇ ਘਟਣ ਕਰਕੇ ਬਲਬੀਰ ਪਰਵਾਨਾ ਨੇ ਦਰਸਾਇਆ ਹੈ। ਪੰਜਾਬ ਵਿੱਚ ਹੋਈ ਮੁਰੱਬੇਬੰਦੀ ਤੋਂ ਬਾਅਦ ਕੂਲ੍ਹ ਦਾ ਪਾਣੀ ਬੰਨ੍ਹਿਆ ਜਾਣ ਕਰਕੇ ਆਪਸੀ ਸਬੰਧਾਂ ਵਿੱਚ ਵੀ ਤਕਰਾਰ ਵਧਣ ਲਗ ਪਿਆ। ਪਾਣੀ ਦੇ ਵੰਡੇ ਜਾਣ ਕਰਕੇ ਜਦੋਂ ਇਕ ਘਰ ਦੀ ਜ਼ਮੀਨ ਲਈ ਵਗਦੀ ਕੂਲ੍ਹ ਦਾ ਪਾਣੀ ਰੋਕਿਆ ਜਾਂਦਾ ਤਾਂ ਦੂਸਰੀਆਂ ਜ਼ਮੀਨਾਂ ਜਿੱਥੇ ਪਾਣੀ ਦੀ ਪਹੁੰਚ ਨਹੀਂ ਹੁੰਦੀ, ਉਸ ਥਾਂ ਵਿੱਚ ਸੇਮ (ਗਿੱਲ) ਘਟਣ ਲਗਦੀ, ਜਿਸ ਕਰਕੇ ਪਹਿਲਾਂ ਖੱਬੀਆਂ ਸੱਜੀਆਂ ਬਾਂਹਾਂ ਬਣ ਕੇ ਨਾਲ ਖੜਨ ਵਾਲਾ ਭਾਈਚਾਰਾ ਹੁਣ ਵਿਰੋਧੀ

ਰੂਪ ਧਾਰਨ ਕਰ ਗਿਆ। ਨਾਵਲ ਵਿੱਚ ਪਿੰਡ ਵਾਲੇ ਇਕੱਠੇ ਹੋ ਕੇ ਬਹੁਤ ਸਾਲ ਪਹਿਲਾਂ ਤੋਂ ਲੱਗੇ ਘਰਾਟ ਨੂੰ ਲਪੇਟੇ ਵਿੱਚ ਲੈਂਦੇ ਹਨ ਅਤੇ ਇਸਦਾ ਰਾਖਾ ਪਿੰਡ ਵਾਲਿਆਂ ਨੂੰ ਰੋਕਣ ਦਾ ਯਤਨ ਕਰਦਾ ਹੈ, "ਮੇਰੇ ਬਾਬੇ ਵੇਲੇ ਦਾ ਸੀ ਘਰਾਟ ਇੱਥੇ? ਕਦੀ ਕਿਸੇ ਨੂੰ ਬੰਨ੍ਹ 'ਤੇ ਤਰਾਜ ਨਹੀਂ ਸੀ ਹੋਇਆ ਪਿੰਡ 'ਚ....ਇਹ ਤਾਂ ਸਿੱਧਾ ਹੀ ਹਿੱਕ-ਧੱਕਾ ਐ...." (96)। ਜਸਵੀਰ ਮੰਡ ਵੀ ਪਾਣੀ ਦੀ ਘਾਟ ਕਰਕੇ ਸਮਾਜਿਕ ਰਿਸ਼ਤਿਆਂ ਦੇ ਜੁੜਨ ਅਤੇ ਟੁੱਟਣ ਵੱਲ ਇਸ਼ਾਰਾ ਕਰਦਾ ਹੈ। ਮੰਡ ਪਾਣੀ ਨੂੰ ਇਕ ਅਜਿਹੇ ਧਨ ਦੇ ਰੂਪ ਵਿੱਚ ਪੇਸ਼ ਕਰਦਾ ਹੈ ਜਿਹੜਾ ਰਿਸ਼ਤਿਆਂ ਨੂੰ ਗੰਢਣ ਵਿੱਚ ਬਹੁਤ ਵੱਡਾ ਰੋਲ ਅਦਾ ਕਰਦਾ ਰਿਹਾ ਹੈ। ਬਹੁਤ ਸਾਰੇ ਦੇਸ਼ਾਂ, ਰਾਜਾਂ ਅਤੇ ਪਰਿਵਾਰਾਂ ਵਿੱਚ ਪਾਣੀ ਭਾਈਚਾਰਾ ਬਣਾਏ ਰੱਖਣ ਦਾ ਸਾਧਨ ਬਣਦਾ ਹੈ। ਇੱਥੇ ਪਾਣੀ ਸਾਂਝੀਵਾਲਤਾ ਦੇ ਪ੍ਰਤੀਕ ਵਜੋਂ ਹੋਂਦ ਗ੍ਰਹਿਣ ਕਰਦਾ ਹੈ। *ਖਾਜ* ਨਾਵਲ ਵਿੱਚ ਬਰਦਾਰ ਤੇ ਘਾੜ ਦੋਵੇਂ ਪਿੰਡਾ ਦੇ ਆਪਸੀ ਰਿਸ਼ਤੇ ਨੂੰ ਪੇਸ਼ ਕੀਤਾ ਹੈ ਕਿ ਇਹ ਪਿੰਡਾਂ ਦੇ ਲੋਕ ਪਾਣੀ ਦੀ ਮਾਤਰਾ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੇ ਧੀਆਂ-ਪੁੱਤਰਾਂ ਦੇ ਵਿਆਹ ਕਾਰਜ ਰਚਾਉਂਦੇ ਸਨ। ਧੀ-ਪੁੱਤਰ ਵਿੱਚ ਕਿਸੇ ਤਰ੍ਹਾਂ ਦੀ ਸਰੀਰਕ, ਮਾਨਸਿਕ ਘਾਟ ਹੋਣ ਦੇ ਬਾਵਜੂਦ ਵੀ ਪਾਣੀ ਦੀ ਅਨੁਕੂਲਤਾ ਕਰਕੇ ਰਿਸ਼ਤੇ ਮੁਕੰਮਲ ਹੋ ਜਾਂਦੇ ਸਨ। ਜਿਵੇਂ ਨਾਵਲ ਵਿੱਚ ਕੁੜੀ ਦੇ ਗ਼ੁਸੈਲੇ ਸੁਭਾ ਦਾ ਪਤਾ ਹੋਣ ਤੋਂ ਬਾਅਦ ਵੀ ਪਾਣੀ ਦੇ ਖੂਹਾਂ ਦੀ ਭਰਮਾਰ ਕਰਕੇ ਰਿਸ਼ਤਾ ਹੁੰਦਾ ਹੈ, "ਕੁੜੀ ਬਹੁਤ ਗ਼ੁਸੈਲੀ ਏ... ਪੈਰ ਪਰ ਪੈਰ ਖੂਹ ਏ" (78)।

ਰਾਮ ਸਰੂਪ ਅਣਖੀ ਦਰਸਾਉਂਦਾ ਹੈ ਕਿ ਪੰਜਾਬ ਦੇ ਪਿੰਡਾਂ ਵਿੱਚ ਨਵੇਂ ਉਦਯੋਗ ਲੱਗਣ ਕਰਕੇ ਪਾਣੀ ਦੇ ਸਰੋਤਾਂ ਉੱਪਰ ਬਹੁਤ ਬੁਰਾ ਪ੍ਰਭਾਵ ਪਿਆ ਹੈ। ਇਹ ਪ੍ਰਭਾਵ ਮਨੁੱਖਾਂ ਦੇ ਨਾਲ ਪੰਛੀਆਂ, ਜਾਨਵਰਾਂ, ਖੇਤੀ, ਧਰਤੀ ਹੇਠਲੇ ਪਾਣੀ ਉੱਪਰ ਵੀ ਦਿਖਾਈ ਦਿੰਦਾ ਹੈ। ਪਿੰਡ ਵਿੱਚ ਲੱਗੀ ਪੇਪਰ ਫ਼ੈਕਟਰੀ ਪੂੰਜੀਵਾਦੀ ਯੁੱਗ ਦੀ ਆਮਦ ਦਾ ਪ੍ਰਤੀਕ ਹੈ। ਇਹ ਪੇਪਰ ਫ਼ੈਕਟਰੀ ਸ਼ੁਰੂਆਤ ਵਿੱਚ ਪਿੰਡ ਵਾਲਿਆਂ ਲਈ ਆਸਾਂ ਦੇ ਮਹਿਲ ਉਸਾਰਦੀ ਹੈ ਪਰ ਸਮੇਂ ਨਾਲ ਇਸਦੇ ਬਹੁਤ ਬੁਰੇ ਪ੍ਰਭਾਵ ਨਜ਼ਰ ਆਉਂਦੇ ਹਨ। ਫ਼ੈਕਟਰੀ 'ਚੋਂ ਉੜਦਾ ਧੂੰਆਂ, ਨਿਕਾਸੀ ਦਾ ਗੰਦਾ ਪਾਣੀ, ਸ਼ੋਰ ਭਰੀ ਮਸ਼ੀਨਾਂ ਦੀ ਆਵਾਜ਼ ਉਸ ਖੇਤਰ ਲਈ ਸਰਾਪ ਬਣ ਜਾਂਦੀ ਹੈ ਜਿਵੇਂ, "ਉਸਦਾ ਮੁਸ਼ਕ ਆਉਣ ਜਾਣ ਵਾਲਿਆਂ ਲਈ ਖ਼ਤਰਾ ਸੀ, ਜ਼ਹਿਰੀਲਾ ਪਾਣੀ ਨਾਲੇ ਵਿੱਚ ਜਿੱਥੇ ਤੱਕ ਜਾਂਦਾ ਦੋਵੇਂ ਪਾਸੇ ਦੀਆਂ ਫ਼ਸਲਾਂ ਮਾਰੀਆਂ ਜਾਂਦੀਆਂ, ਬੋਰਾਂ ਦੇ ਪਾਣੀ ਦਾ ਸੁਆਦ ਬਦਲ ਗਿਆ, ਪਾਣੀ ਸੰਘ ਨੂੰ ਖ਼ੁਸ਼ਕ ਕਰਦਾ, ਚਮੜੀ ਰੋਗ, ਦਮੇ ਦੇ ਰੋਗ ਲੱਗਦੇ" (15-16)। ਜਿੱਥੇ ਅਣਖੀ ਜ਼ਹਿਰੀਲੇ ਪਾਣੀ ਦੇ ਪ੍ਰਭਾਵ ਨੂੰ ਬੋਰਾਂ ਦੇ ਪਾਣੀ ਅਤੇ ਮਨੁੱਖਾਂ ਉੱਪਰ ਹਮਲਾ ਕਰਦੀਆਂ ਬਿਮਾਰੀਆਂ ਦੇ ਰੂਪ ਵਿੱਚ ਪੇਸ਼ ਕਰਦਾ ਹੈ ਉੱਥੇ ਹੀ ਮੀਂਹ ਨਾ ਪੈਣ ਕਰਕੇ ਫ਼ਸਲਾਂ ਨਾ ਹੋਣ ਦਾ ਚਿੱਤਰ ਉਲੀਕਦਾ ਹੈ ਅਤੇ ਲੋਕਾਂ ਦੀ ਸਥਿਤੀ ਨੂੰ ਬਿਆਨ ਕਰਦਾ ਹੈ, "ਮੀਂਹ ਪੈਂਦਾ ਤਾਂ ਮਾਰੂ ਫ਼ਸਲਾਂ ਚੰਗੀਆਂ ਹੋ ਜਾਂਦੀਆਂ ਨਹੀਂ ਤਾਂ ਉਹ ਖ਼ਾਲੀ ਹੱਥ ਬੈਠੇ ਰਹਿੰਦੇ" (10-11)। ਇੱਥੇ ਅਣਖੀ ਇਹ ਗੱਲ ਸਪਸ਼ਟ ਕਰਦਾ ਹੈ ਕਿ ਮੀਂਹ ਖੇਤੀ ਪ੍ਰਧਾਨ ਇਲਾਕਿਆਂ ਦੀ ਆਰਥਿਕਤਾ ਨੂੰ ਸਿੱਧੇ ਰੂਪ ਵਿੱਚ ਪ੍ਰਭਾਵਿਤ ਕਰਦਾ ਹੈ। ਅਣਖੀ ਨਾਲੇ ਵਿੱਚੋਂ ਆਉਂਦੀ ਗੰਧ ਨੂੰ ਫ਼ੈਕਟਰੀ ਦੇ ਧੂੰਏਂ ਦੇ ਰੂਪ ਵਿੱਚ ਰੂਪਮਾਨ ਕਰਦਾ ਹੈ, ਇਸੇ ਦ੍ਰਿਸ਼ ਨੂੰ ਜਸਵੀਰ ਰਾਣਾ ਤੇਜ਼ਾਬੀ ਮੀਂਹ ਦੇ ਰੂਪ ਰਾਹੀਂ ਸਪਸ਼ਟ ਕਰਦਾ ਹੈ ਜਦੋਂ ਹਰਦੇਵ ਤਾਇਆ ਮੀਂਹ ਦੀ ਚਪੇਟ ਵਿੱਚ ਆਉਂਦਾ ਹੈ। ਤੇਜ਼ਾਬੀ ਮੀਂਹ ਦਾ ਮਾਰੂ ਪ੍ਰਭਾਵ ਉਸ ਉੱਪਰ ਨਜ਼ਰ ਆਉਂਦਾ ਹੈ, "ਇਹ ਕਿਹਾ ਜਿਹਾ ਮੀਂਹ ਤੀ ਸਾਲਾ...!" (117) ਇਸ ਤਰ੍ਹਾਂ ਪਾਣੀ ਦੀ ਘਾਟ ਦੇ ਅਨੇਕਾਂ ਵਿਨਾਸ਼ਕ ਪ੍ਰਭਾਵ ਮਨੁੱਖੀ ਅਤੇ ਗ਼ੈਰ-ਮਨੁੱਖੀ ਹੋਂਦਾਂ ਨੂੰ ਮੌਤ ਦੇ ਰਾਹੇ ਪਾ ਦਿੰਦੇ ਹਨ।

**ਪਾਣੀ ਬਚਾਉਣ ਦੇ ਸੁਝਾਅ:**

ਖ਼ੁਸ਼ਹਾਲ ਪੰਜਾਬ ਦੀ ਧਰਤੀ ਨੂੰ ਰੇਗਿਸਤਾਨ ਬਣਨ ਤੋਂ ਰੋਕਣ ਲਈ ਸਾਹਿਤਕਾਰ,

ਸਾਇੰਸਦਾਨ, ਇਤਿਹਾਸਕਾਰ ਆਪੋ-ਆਪਣੀ ਬਣਦੀ ਭੂਮਿਕਾ ਨਿਭਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਜਿੱਥੇ ਪੰਜਾਬੀ ਨਾਵਲਕਾਰ ਪਾਣੀ ਦੀ ਭਰਪੂਰਤਾ, ਪਾਣੀ ਦੀ ਘਾਟ, ਘਾਟ ਦੇ ਕਾਰਨ ਅਤੇ ਪ੍ਰਭਾਵ ਨੂੰ ਦਰਸਾਉਂਦਾ ਹੈ ਉੱਥੇ ਹੀ ਪਾਣੀ ਨੂੰ ਬਚਾਉਣ ਅਤੇ ਸਾਂਭਣ ਬਾਰੇ ਸੁਝਾਅ ਵੀ ਦਿੰਦਾ ਹੈ। ਅਜਿਹੇ ਹੀ ਲੇਖਕਾਂ ਵਿੱਚ ਜਸਵੀਰ ਰਾਣਾ ਦਾ ਨਾਮ ਆਉਂਦਾ ਹੈ ਜਦੋਂ ਉਹ ਵਿਭਿੰਨ ਧਰਮਾਂ ਦੇ ਪੀਰਾਂ ਫ਼ਕੀਰਾਂ ਦੇ ਬੋਲਾਂ ਰਾਹੀਂ ਪਾਣੀ ਦੀ ਉਪਯੋਗਤਾ ਨੂੰ ਦਰਸਾਉਂਦੇ ਹੋਏ ਪਾਣੀ ਨੂੰ ਸਾਂਭਣ ਉੱਪਰ ਜ਼ੋਰ ਦਿੰਦਾ ਹੈ। ਅਥਰਵਵੇਦ, ਯਜੁਰਵੇਦ, ਇਸਲਾਮ, ਇਸਾਈ, ਜੈਨ, ਸਿੱਖ ਆਦਿ ਧਾਰਮਿਕ ਗ੍ਰੰਥਾਂ ਅਤੇ ਧਰਮਾਂ ਦੇ ਭਿੰਨ-ਭਿੰਨ ਰੂਪਾਂ ਵਿੱਚ ਪਾਣੀ ਦੀ ਸੰਭਾਲ ਬਾਰੇ ਉਦਾਹਰਨਾਂ ਰਾਹੀਂ ਪਾਠਕ ਨੂੰ ਪਾਣੀ ਦੇ ਮਹੱਤਵ ਬਾਰੇ ਜਾਗਰੂਕ ਕਰਦਾ ਹੈ। ਉਦਾਹਰਨ ਲਈ ਉਸਦੇ ਨਾਵਲ ਵਿਚੋਂ ਕੁਝ ਕਥਨ ਦੇਖੇ ਜਾ ਸਕਦੇ ਹਨ,

"ਜੋ ਜਲ ਤਲਾਬ ਵਿੱਚ ਹੁੰਦਾ ਹੈ।....ਜੋ ਪਾਣੀ ਘੜੇ ਵਿੱਚ ਹੁੰਦਾ ਹੈ।...ਜੋ ਜਲ ਵਰਖਾ ਤੋਂ ਪ੍ਰਾਪਤ ਹੁੰਦਾ ਹੈ।...ਉਹ ਸਾਰਾ ਪਾਣੀ ਸਾਡੇ ਲਈ ਕਲਿਆਣਕਾਰੀ ਹੋਵੇ... !"

"ਹੈ ਜਲ...ਸੰਸਾਰ ਦੇ ਜੀਵ ਸ੍ਰਿਸ਼ਟੀ ਨੂੰ ਆਪਣੇ ਜਿਸ ਅੰਸ਼ ਨਾਲ ਤ੍ਰਿਪਤ ਕਰਦੇ ਹੋ!... ਉਹ ਸੰਪੂਰਨ ਜਲ ਸਾਨੂੰ ਪ੍ਰਾਪਤ ਹੋਵੇ।"

"ਬਿਨ ਪਾਨੀ ਸਭ ਸੂਨ ਹਰੇ ਪ੍ਰਾਣੀ ਬਿਨ ਪਾਨੀ ਸਭ ਸੂਨ...!"

"ਪਰਮ ਆਤਮਾ ਪਾਣੀ ਉੱਪਰ ਬਿਰਾਜਮਾਨ ਹੈ...ਜਲ ਦਾ ਉਪਯੋਗ ਘੀ ਦੇ ਉਪਯੋਗ ਦੀ ਤਰ੍ਹਾਂ ਕਰਨਾ ਚਾਹੀਦਾ ਹੈ...।"

"ਪਵਨ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹਤੁ...।" (24)

ਇਸ ਤੋਂ ਇਲਾਵਾ ਨਾਵਲ ਦੀ ਪਾਤਰ ਰੂਪ ਰੇਖਾ ਨੂੰ ਘਰੇਲੂ ਕੰਮਾਂਕਾਰਾਂ ਵਿੱਚ ਪਾਣੀ ਦੀ ਹੱਦ ਤੋਂ ਵੱਧ ਵਰਤੋਂ ਕਰਨ ਤੋਂ ਰੋਕਦੇ ਹੋਏ, ਰਾਣਾ ਨਾਵਲ ਦੀ ਆਦਰਸ਼ ਪਾਤਰ ਨੀਤੀ ਰਾਹੀਂ ਪਾਣੀ ਦਾ ਸੰਜਮਤਾ ਨਾਲ ਉਪਯੋਗ ਕਰਨ ਪ੍ਰਤੀ ਸੁਚੇਤ ਕਰਦਾ ਹੈ, "ਐਨਾ ਪਾਣੀ ਨਾ ਡੋਲ੍ਹਿਆ ਕਰ ਭਾਬੀ!...ਇਕ ਦਿਨ ਨੱਕ ਡੁਬੋਣ ਲਈ ਵੀ ਪਾਣੀ ਨਹੀਂ ਲੱਭਣਾ...!" (67) ਇਸ ਤਰ੍ਹਾਂ ਸੰਜਮ ਨੂੰ ਇਕ ਅਜਿਹੀ ਸ਼ਕਤੀ ਦੇ ਰੂਪ ਵਿਚ ਦਿਖਾਇਆ ਗਿਆ ਹੈ, ਜਿਸ ਨਾਲ ਕਿਸੇ ਵੀ ਸਮੱਸਿਆ ਨੂੰ ਹੱਲ ਕੀਤਾ ਜਾ ਸਕਦਾ ਹੈ। ਜਸਵੀਰ ਰਾਣਾ ਵਾਂਗ ਹੀ ਬਲਬੀਰ ਪਰਵਾਨਾ ਵੀ ਆਪਣੇ ਪ੍ਰੇਰਨਾਮਈ ਪਾਤਰਾਂ ਰਾਹੀਂ ਪਾਣੀ ਦੀ ਸਾਂਭ-ਸੰਭਾਲ ਦਾ ਸੁਝਾਅ ਦਿੰਦਾ ਹੈ। ਮੁੱਖ ਪਾਤਰ ਗਿੰਦਰ ਇੰਸਪੈਕਟਰ ਦੀ ਸਲਾਹ ਨੂੰ ਮੰਨਦਾ ਹੋਇਆ ਵਿਉਂਤਾਂ ਉਲੀਕ ਰਿਹਾ ਸੀ। ਉਹ ਬਰਸਾਤ ਦੇ ਪਾਣੀ ਨੂੰ ਛੱਪੜ ਪੁੱਟ ਕੇ ਇਕੱਠਾ ਕਰਨ ਦੇ ਯਤਨ ਕਰਦਾ ਹੈ, ਜੋ ਸਿਰਫ਼ ਮਨੁੱਖ ਲਈ ਹੀ ਨਹੀਂ ਹੋਰ ਜੀਵ ਹੋਂਦਾਂ ਦੇ ਜੀਵਨ ਲਈ ਵੀ ਪਾਣੀ ਦੇ ਮਹੱਤਵ ਨੂੰ ਸਵੀਕਾਰਦਾ ਹੋਇਆ, ਪਾਣੀ ਦੀਆਂ ਵਿਭਿੰਨ ਸਮੱਸਿਆਵਾਂ ਨੂੰ ਹੱਲ ਕਰਦਾ ਦਿਖਾਈ ਦਿੰਦਾ ਹੈ, "ਜੇ ਇੰਜ ਹਰ ਕੋਈ ਆਪਣੇ ਆਪਣੇ ਖੇਤ 'ਚ ਛੱਪੜ ਪੁੱਟ ਲਵੇ, ਖੱਡਾਂ 'ਚ ਪੈਂਦੇ ਨਾਲਿਆਂ ਮੂਹਰੇ ਛੋਟੇ-ਛੋਟੇ ਰੋਕ ਬੰਨ੍ਹ ਬਣਾ ਦਿੱਤੇ ਜਾਣ ਤਾਂ ਕੰਢੀ ਖੇਤਰ 'ਚ ਪਾਣੀ ਦੀ ਪੰਝੱਤਰ ਫ਼ੀਸਦੀ ਸਮੱਸਿਆ ਹੱਲ ਹੋ ਸਕਦੀ ਹੈ" (148)। ਬਰਸਾਤੀ ਪਾਣੀ ਦੀ ਸੰਭਾਲ ਦੇ ਨਾਲ ਹੀ ਪਾਣੀ ਦੇ ਖੁੱਲ੍ਹੇ ਕੁਦਰਤੀ ਸਰੋਤਾਂ ਨਦੀਆਂ, ਨਾਲਿਆਂ ਦੇ ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਵੀ ਪਰਵਾਨਾ ਸਮਾਜ ਤੋਂ ਹੁੰਗਾਰਾ ਮੰਗਦਾ ਪ੍ਰਤੀਤ ਹੁੰਦਾ ਹੈ। ਧਾਰਮਿਕ ਸਥਾਨਾਂ, ਫ਼ੈਕਟਰੀਆਂ, ਕਾਰਖ਼ਾਨਿਆਂ ਦੇ ਪਾਣੀ ਨੂੰ ਸੋਧਕੇ ਬਾਹਰ ਛੱਡਣ ਦੇ ਸੁਝਾਅ ਨਾਲ ਉਹ ਸੋਸ਼ਲ ਮੀਡੀਆ ਰਾਹੀਂ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਮੁਹਿੰਮ ਸਿਰਜਦਾ ਹੈ। ਅਫ਼ਸਰਸ਼ਾਹੀ, ਠੇਕੇਦਾਰਾਂ, ਰਾਜਨੀਤੀਵਾਨਾਂ ਅਤੇ ਉਦਯੋਗਪਤੀਆਂ ਖ਼ਿਲਾਫ਼ ਖ਼ਾਸ ਤਰ੍ਹਾਂ

ਦੀਆਂ ਨੀਤੀਆਂ ਬਣਾ ਕੇ ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਸੁਪਨੇ ਸਿਰਜਦਾ ਹੈ। ਬਲਬੀਰ ਪਰਵਾਨਾ ਵਾਂਗ ਹੀ ਨਦੀਆਂ ਨਾਲਿਆਂ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਰਾਮ ਸਰੂਪ ਅਣਖੀ ਆਪਣੇ ਨਾਵਲ ਵਿੱਚ ਕਾਮਰੇਡ ਚਿੰਤਕਾਂ ਦੀ ਸਿਰਜਣਾ ਕਰਦਾ ਹੈ ਅਤੇ ਉਨ੍ਹਾਂ ਰਾਹੀਂ ਪਾਣੀ ਨੂੰ ਸਾਫ਼-ਸੁਥਰਾ ਰੱਖਣ ਲਈ ਵੱਖਰੇ ਸੁਝਾਅ ਸਿਰਜਦਾ ਹੋਇਆ ਇੱਕ ਅੰਦੋਲਨ ਰਾਹੀਂ ਫ਼ੈਕਟਰੀਆਂ, ਕਾਰਖ਼ਾਨਿਆਂ ਵਿਚੋਂ ਨਿਕਲਦੇ ਗੰਦੇ ਪਾਣੀ ਨੂੰ ਰੋਕਣ ਦੀ ਮੰਗ ਕਰਦਾ ਹੈ। ਪਿੰਡ ਵਿੱਚ ਲੱਗੀ ਪੇਪਰ ਫ਼ੈਕਟਰੀ ਨਾਲ ਵਿਕਾਸ ਦੀ ਲੀਹਾਂ 'ਤੇ ਤੁਰਿਆ ਸਮਾਜ ਵਾਤਾਵਰਣ ਲਈ ਕਿੰਨਾ ਹਾਨੀਕਾਰਕ ਸਿੱਧ ਹੋ ਸਕਦਾ ਹੈ, ਇਸਦਾ ਪ੍ਰਮਾਣ ਭਵਿੱਖ ਵਿਚ ਪਿਆ ਹੈ, ਜਿਸ ਵਿਚ ਵਾਤਾਵਰਣ ਪ੍ਰਦੂਸ਼ਣ ਦੀ ਸਮੱਸਿਆ ਜੀਵਨ ਦੇ ਹਰ ਖੇਤਰ ਵਿੱਚ ਪ੍ਰਵੇਸ਼ ਕਰ ਸਕਦੀ ਹੈ।

ਝੋਨੇ ਅਤੇ ਕਣਕ ਤੋਂ ਇਲਾਵਾ ਹੋਰ ਫ਼ਸਲਾਂ ਦੀ ਪੈਦਾਵਾਰ ਦੇ ਨਾਲ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ ਇਹ ਸੰਭਾਵਨਾ ਬਲਦੇਵ ਸਿੰਘ *ਖਾਕੂ ਜੇਡੁ ਨ ਕੋਇ* ਨਾਵਲ ਵਿਚ ਸਿਰਜਦਾ ਹੈ। ਬੇਸ਼ੱਕ ਸਾਰੀਆਂ ਫ਼ਸਲਾਂ ਲਈ ਪਾਣੀ ਦੀ ਲੋੜ ਰਹਿੰਦੀ ਹੈ, ਪਰ ਫਿਰ ਵੀ ਕਿਸੇ ਹੱਦ ਤੱਕ ਪਾਣੀ ਦੀ ਵਰਤੋਂ ਨੂੰ ਘੱਟ ਕੀਤਾ ਜਾ ਸਕਦਾ ਹੈ। ਕਣਕ ਅਤੇ ਝੋਨੇ ਰਾਹੀਂ ਫ਼ਸਲੀ ਵਿਭਿੰਨਤਾ ਦੇ ਖ਼ਤਮ ਹੋਣ ਦੇ ਨਾਲ-ਨਾਲ ਪਾਣੀ ਸੰਕਟ ਵਿੱਚ ਵੀ ਵਾਧਾ ਹੋਇਆ ਹੈ। ਇਸ ਲਈ ਨਾਵਲਕਾਰ ਇਸ ਸੰਕਟ ਨੂੰ ਦੂਰ ਕਰਨ ਲਈ ਝੋਨੇ ਅਤੇ ਕਣਕ ਦੇ ਨਾਲ ਸਬਜ਼ੀਆਂ ਬੀਜਣ ਦੀ ਸਲਾਹ ਦਿੰਦਾ ਹੈ। ਰਾਜਪਾਲ ਪਾਤਰ ਰਾਹੀਂ ਪਾਣੀ ਦੀ ਬੱਚਤ ਦਾ ਸਵਾਲ ਖੜ੍ਹਾ ਕਰਦਾ ਹੋਇਆ, ਸਮਾਜ ਨੂੰ ਹੋਰਨਾਂ ਧੰਦਿਆਂ ਵਿੱਚ ਲੀਨ ਕਰਦਾ ਹੈ, ਤਾਂ ਜੋ ਝੋਨੇ ਦੀ ਫ਼ਸਲ ਤੋਂ ਇਲਾਵਾ ਹੋਰਨਾਂ ਧੰਦਿਆਂ ਵਿੱਚ ਜੁੜਨ ਨਾਲ ਪਾਣੀ ਦੀ ਵਰਤੋਂ ਨੂੰ ਘੱਟ ਕੀਤਾ ਜਾ ਸਕੇ। ਰਾਜਪਾਲ ਆਪਮੁਹਾਰੇ ਗੱਲਾਂ ਕਰਦਾ ਹੋਇਆ ਬੋਲ ਰਿਹਾ ਹੈ, "10 ਫ਼ੀਸਦੀ ਅਜਿਹੇ ਲੋਕ ਹਨ, ਜਿਹੜੇ ਖੇਤੀ ਤੋਂ ਬਿਨਾਂ ਹੋਰ ਧੰਦਿਆਂ ਵਿੱਚ ਪੈ ਗਏ ਹਨ। ਕਿਸੇ ਨੇ ਡੇਅਰੀ ਖੋਲ੍ਹ ਲਈ ਹੈ, ਕਿਸੇ ਨੇ ਮੁਰਗੀਖ਼ਾਨਾ ਬਣਾ ਲਿਆ ਹੈ, ਕੋਈ ਸੂਰ ਪਾਲਣ ਲੱਗਾ ਹੈ...। ਰਾਜਪਾਲ ਨੇ ਆਪ ਨੂੰ ਹੀ ਕਿਹਾ, ਕੋਈ ਕੱਦੂ, ਤੋਰੀਆਂ, ਗੋਭੀ ਬੀਜਣ ਲੱਗਾ ਹੈ" (18)। ਬਲਦੇਵ ਸਿੰਘ ਪਾਣੀ ਦੀ ਕਮੀ ਕਰਕੇ ਲੋਕਾਂ ਨੂੰ ਹੋਰਨਾਂ ਧੰਦਿਆਂ ਵਿੱਚ ਲੱਗਣ ਲਈ ਪ੍ਰੇਰਿਤ ਕਰਦਾ ਹੈ, ਪਰ ਨਾਲ ਹੀ ਹੋਰਾਂ ਧੰਦਿਆਂ ਦੀ ਸਿਖਲਾਈ ਦੀ ਕਮੀ ਅਤੇ ਅਣਜਾਣਪੁਣੇ ਵੱਲ ਵੀ ਧਿਆਨ ਦਿੰਦਾ ਹੈ। ਉਹ ਝੋਨਾ ਲਾਉਣ ਦੇ ਬਿਲਕੁਲ ਵਿਰੋਧ ਵਿੱਚ ਵੀ ਨਹੀਂ, ਸਗੋਂ ਝੋਨੇ ਦੇ ਨਾਲ ਹੋਰ ਫ਼ਸਲਾਂ ਬੀਜਣ ਨੂੰ ਤਰਜੀਹ ਦਿੰਦਾ ਹੈ। ਇਸ ਗੱਲ ਦੀ ਪੁਸ਼ਟੀ ਉਦੋਂ ਹੁੰਦੀ ਹੈ ਜਦੋਂ ਪ੍ਰਤਾਪ, ਰਾਜਪਾਲ ਨੂੰ ਖੇਤੀਬਾੜੀ ਬਾਰੇ ਇਹ ਗੱਲਾਂ ਦੱਸਦਾ ਹੈ, "ਕਣਕ, ਝੋਨਾ ਵੀ ਲਾਉਂਦੇ ਐਂ ਪਰ ਆਪਣੇ ਪਰਿਵਾਰਾਂ ਦੇ ਖਾਣ ਜੋਗਾ। ਬਾਕੀ ਪੈਲੀ ਵਿੱਚ ਰੁੱਤ ਅਨੁਸਾਰ ਸਬਜ਼ੀ ਬੀਜਦੈ ਐਂ" (35-36)।

ਗੱਜਣਮਾਜਰਾ ਕੁਦਰਤ ਅਤੇ ਵਿਗਿਆਨ ਦੇ ਸੰਘਰਸ਼ ਵਿਚ ਵਿਗਿਆਨ ਨੂੰ ਕੁਦਰਤ ਲਈ ਹਾਨੀਕਾਰਕ ਠਹਿਰਾਉਂਦਾ ਪ੍ਰਤੀਤ ਹੁੰਦਾ ਹੈ ਕਿਉਂਕਿ ਵਿਗਿਆਨ ਕੁਦਰਤ ਉੱਤੇ ਭਾਰੂ ਹੋ ਗਿਆ ਹੈ। ਉਹ ਵਿਗਿਆਨਕ ਖੋਜਾਂ ਦੇ ਗ਼ਲਤ ਪ੍ਰਯੋਗਾਂ ਨੂੰ ਪ੍ਰਦੂਸ਼ਣ ਦਾ ਅਹਿਮ ਕਾਰਨ ਮੰਨਦਾ ਹੈ, ਇਸ ਲਈ ਪਰਮਾਣੂ ਬੰਬਾਂ ਦੀ ਖੋਜ ਕਰਨ ਵਾਲੇ ਰਾਬਰਟ, ਉਪਨ ਹੈਮਰ, ਆਇਨਸਟਾਈਨ ਵਰਗੇ ਵਿਗਿਆਨੀਆਂ ਨੂੰ ਮਾਫ਼ੀ ਮੰਗਦੇ ਦਿਖਾਉਂਦਾ ਹੋਇਆ ਇਨ੍ਹਾਂ ਨੂੰ ਸਮੁੰਦਰੀ ਪਾਣੀ ਅਤੇ ਪਾਣੀ ਦੇ ਜੀਵਾਂ ਉੱਪਰ ਪ੍ਰਤੀਕੂਲ ਪ੍ਰਭਾਵ ਲਈ ਜ਼ਿੰਮੇਵਾਰ ਦਰਸਾਉਂਦਾ ਹੈ। *ਸਵਰਗ ਦੀ ਮੌਤ* ਨਾਵਲ ਦੇ ਬਿਰਤਾਂਤ ਵਿੱਚ ਪਰਮਾਣੂ ਬੰਬਾਂ ਦੇ ਸਮੁੰਦਰਾਂ ਵਿੱਚ ਕੀਤੇ ਜਾਂਦੇ ਅਭਿਆਸ ਰਾਹੀਂ ਪਾਣੀ ਪ੍ਰਦੂਸ਼ਣ ਤੋਂ ਬਾਅਦ ਵਿਗਿਆਨੀਆਂ ਦੇ ਪਛਤਾਵੇ ਨਾਲ ਪਾਣੀ ਨੂੰ ਪ੍ਰਦੂਸ਼ਣ ਤੋਂ ਬਚਾਉਣ ਦੇ ਉਪਰਾਲੇ ਕਰਦਾ ਹੈ। ਸਮੁੰਦਰ ਦੀ ਅਰਜ਼ ਤੋਂ ਬਾਅਦ ਵਿਗਿਆਨੀਆਂ ਨੂੰ ਰੱਬ ਦੀ ਕਚਹਿਰੀ ਵਿੱਚ ਬੁਲਾਇਆ ਜਾਂਦਾ ਹੈ, "ਰੱਬ ਜੀ! ਤੂੰ ਸਾਡਾ ਦਿਮਾਗ਼ ਜਨਮ

ਸਮੇਂ ਤੋਂ ਹੀ ਗੰਦਾ ਕਿਉਂ ਕੀਤਾ। ਸਾਡਾ ਨਾਮ ਹਮੇਸ਼ਾ ਧਰਤੀ ਮਾਂ ਨੂੰ ਨਸ਼ਟ ਕਰਨ ਵਾਲਿਆਂ ਦੁਸ਼ਟਾਂ 'ਚ ਗਿਣਿਆ ਜਾਵੇਗਾ। ਹੁਣ ਮੈਂ ਧਰਤੀ 'ਤੇ ਰਹਿਣ ਵਾਲੇ ਸਾਰੇ ਜੀਵਾਂ ਤੇ ਪ੍ਰਾਣੀਆਂ ਤੋਂ ਮਾਫ਼ੀ ਮੰਗਦਾ ਹਾਂ। ਮੇਰੀ ਖੋਜ 'ਤੇ ਮੈਨੂੰ ਰੱਜ-ਰੱਜ ਕੇ ਜੁੱਤੀਆਂ ਮਾਰੋ" (103)। ਇਸ ਤਰ੍ਹਾਂ ਨਾਵਲ ਵਿਚ ਸੁਝਾਅ ਦਿੱਤਾ ਹੈ ਕਿ ਵਿਗਿਆਨੀਆਂ ਦੁਆਰਾ ਕੀਤੀਆਂ ਗਈਆਂ ਖੋਜਾਂ ਦਾ ਪ੍ਰਯੋਗ ਵਾਤਾਵਰਣ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤਾ ਜਾਣਾ ਚਾਹੀਦਾ ਹੈ। ਪਾਣੀ ਵਿੱਚ ਕੀਤੇ ਜਾਣ ਵਾਲੇ ਪ੍ਰਯੋਗ ਸਿਰਫ਼ ਪਾਣੀ ਲਈ ਹੀ ਨਹੀਂ ਸਗੋਂ ਮਨੁੱਖ ਅਤੇ ਪਾਣੀ ਵਿੱਚ ਰਹਿਣ ਵਾਲੇ ਹਜ਼ਾਰਾਂ ਜਲਧਾਰੀ ਜੀਵ-ਜੰਤੂਆਂ ਲਈ ਵੀ ਖ਼ਤਰਨਾਕ ਸਿੱਧ ਹੁੰਦੇ ਹਨ। ਇਸ ਲਈ ਸਾਨੂੰ ਇਨ੍ਹਾਂ ਪ੍ਰਯੋਗਾਂ ਨੂੰ ਰੋਕਣ ਲਈ ਵਿਸ਼ੇਸ਼ ਕਦਮ ਚੁੱਕਣੇ ਚਾਹੀਦੇ ਹਨ।

ਉਪਰੋਕਤ ਚਰਚਾ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਰਾਮ ਸਰੂਪ ਅਣਖੀ, ਜਸਵੀਰ ਰਾਣਾ, ਬਲਬੀਰ ਪਰਵਾਨਾ, ਜਸਵੰਤ ਸਿੰਘ ਗੱਜਣਮਾਜਰਾ, ਬਲਦੇਵ ਸਿੰਘ, ਜਸਵੀਰ ਮੰਡ ਆਦਿ ਵਿਭਿੰਨ ਲੇਖਕਾਂ ਨੇ ਕੁਦਰਤ ਦੀ ਅਮੁੱਲ ਦਾਤ ਪਾਣੀ ਨੂੰ ਧਰਤੀ ਹੇਠਲੇ ਪਾਣੀ, ਨਦੀਆਂ, ਨਹਿਰਾਂ, ਕੂਲ੍ਹਾਂ, ਸਮੁੰਦਰ, ਬਰਸਾਤ ਦਾ ਪਾਣੀ, ਬਰਫ਼ੀਲਾ ਪਾਣੀ, ਖੂਹਾਂ ਦਾ ਪਾਣੀ ਆਦਿ ਰੂਪਾਂ ਵਿਚ ਪੇਸ਼ ਕੀਤਾ ਹੈ। ਪਾਣੀ ਦੇ ਇਨ੍ਹਾਂ ਵਿਭਿੰਨ ਰੂਪਾਂ ਦੀ ਪੇਸ਼ਕਾਰੀ ਰਾਹੀਂ ਪਾਣੀ ਦੀ ਬਹੁਤਾਤ, ਘਾਟ, ਪਾਣੀ ਪ੍ਰਦੂਸ਼ਣ ਦੇ ਕਾਰਨ ਤੇ ਪ੍ਰਭਾਵ ਅਤੇ ਪਾਣੀ ਨੂੰ ਬਚਾਉਣ ਦੇ ਸੁਝਾਅ ਆਦਿ ਮਸਲਿਆਂ ਨੂੰ ਛੋਹਿਆ ਹੈ। ਪੂੰਜੀਵਾਦੀ ਯੁੱਗ ਵਿਚ ਉਦਯੋਗਿਕ, ਭੂਗੋਲਿਕ, ਸਮਾਜਿਕ, ਸਭਿਆਚਾਰਕ, ਰਾਜਨੀਤਕ, ਅਤੇ ਵਿਅਕਤੀਗਤ ਸਵਾਰਥੀ ਸੋਚ ਵਿਚ ਆਈਆਂ ਤਬਦੀਲੀਆਂ ਨੇ ਕੁਦਰਤੀ ਦਾਤ ਪਾਣੀ ਦਾ ਘਾਣ ਕੀਤਾ ਹੈ। ਮਨੁੱਖ ਦੀ ਪਦਾਰਥਵਾਦੀ ਪਹੁੰਚ ਨੇ ਮਨੁੱਖ ਨੂੰ ਗ਼ੁਲਾਮ ਬਣਾ ਦਿੱਤਾ ਹੈ ਅਤੇ ਮਨੁੱਖ ਇਹ ਭੁੱਲ ਗਿਆ ਹੈ ਕਿ ਪਰਮਾਤਮਾ ਵੱਲੋਂ ਦਿੱਤੀਆਂ ਪਾਣੀ ਵਰਗੀਆਂ ਕੁਦਰਤੀ ਦਾਤਾਂ ਦਾ ਅਨੰਦ ਕਿਵੇਂ ਮਾਣਨਾ ਹੈ। ਅਜੋਕਾ ਪੰਜਾਬੀ ਨਾਵਲ ਮਨੁੱਖੀ ਚੇਤਨਾ ਅਤੇ ਵਾਤਾਵਰਨ ਦੀ ਸੰਭਾਲ ਲਈ ਨਵੀਂ ਦਿਸ਼ਾ ਵੀ ਪ੍ਰਦਾਨ ਕਰਦਾ ਹੈ। ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਜਿੱਥੇ ਸਮਾਜ ਸ਼ਾਸਤਰੀ, ਵਾਤਾਵਰਣ ਪ੍ਰੇਮੀ ਆਪੋ-ਆਪਣੇ ਪੱਧਰ 'ਤੇ ਪਾਣੀ ਪ੍ਰਤੀ ਜ਼ਿੰਮੇਵਾਰੀ ਨਿਭਾ ਰਹੇ ਹਨ, ਉੱਥੇ ਪੰਜਾਬੀ ਸਾਹਿਤਕਾਰ ਵੀ ਆਪਣਾ ਬਣਦਾ ਯੋਗਦਾਨ ਪਾ ਰਹੇ ਹਨ।

## ਹਵਾਲਾ ਪੁਸਤਕ ਸੂਚੀ


1. ਅਣਖੀ, ਰਾਮ ਸਰੂਪ, *ਕਣਕਾਂ ਦਾ ਕਤਲਾਮ,* ਲੋਕਗੀਤ ਪ੍ਰਕਾਸ਼ਨ, 2007
2. ਹਰਿੰਦਰ ਸਿੰਘ, 'ਰੀਵਿਊ ਇੱਥੋਂ ਰੇਗਿਸਤਾਨ ਦਿਸਦਾ ਹੈ (ਨਾਵਲ) ਜਸਵੀਰ ਸਿੰਘ ਰਾਣਾ', *ਸਿਰਜਨਾ,* ਅਪ੍ਰੈਲ-ਜੂਨ 2018, ਅੰਕ 188, ਪੰਨੇ 84-86
3. ਗੱਜਣਮਾਜਰਾ, ਜਸਵੰਤ ਸਿੰਘ, *ਸਵਰਗ ਦੀ ਮੌਤ,* ਨਵਰੰਗ ਪਬਲੀਕੇਸ਼ਨ, 2019
4. ਨਾਭਾ, ਚਰਨਜੀਤ ਸਿੰਘ, 'ਜਲ, ਜਲ ਪ੍ਰਦੂਸ਼ਣ ਅਤੇ ਉਪਾਅ', *ਵਾਤਾਵਰਣੀ ਮਸਲੇ ਅਤੇ ਸਮਾਧਾਨ,* ਬਲਦੇਵ ਸਿੰਘ ਚੀਮਾ ਅਤੇ ਡਾ. ਡੀ.ਪੀ. ਸਿੰਘ (ਸੰਪਾ), ਪਬਲੀਕੇਸ਼ਨ ਬਿਊਰੋ, 2011
5. ਪਰਵਾਨਾ, ਬਲਬੀਰ, *ਕਥਾ ਇਸ ਯੁੱਗ ਦੀ,* ਲੋਕਗੀਤ ਪ੍ਰਕਾਸ਼ਨ, 2011
6. ਪਰਵਾਨਾ, ਬਲਬੀਰ, *ਗਹਿਰ ਚੜ੍ਹੀ ਅਸਮਾਨ,* ਲੋਕਗੀਤ ਪ੍ਰਕਾਸ਼ਨ, 2010
7. ਬਲਦੇਵ ਸਿੰਘ, *ਖਾਕੂ ਜੋੜੂ ਨ ਕੋਇ,* ਲੋਕਗੀਤ ਪ੍ਰਕਾਸ਼ਨ, 2013
8. ਭੰਡਾਲ, ਹਰਵਿੰਦਰ, 'ਸੰਕ੍ਰਾਂਤੀ ਸਮੇਂ ਦਾ ਬਿਰਤਾਂਤ-ਗਹਿਰ ਚੜ੍ਹੀ ਅਸਮਾਨ', *ਬਲਬੀਰ ਪਰਵਾਨਾ ਦਾ ਸਿਰਜਣੀ ਵਰਤਾਰਾ,* ਰਜਨੀਸ਼ ਬਹਾਦਰ, ਯੂਨੀਸਟਾਰ ਬੁਕਸ, *2017*
9. ਮੰਡ, ਜਸਵੀਰ, *ਖਾਜ,* ਆਟਮ ਆਰਟ, 2010

10. ਰਾਣਾ, ਜਸਵੀਰ ਸਿੰਘ, *ਇੱਥੋਂ ਰੇਗਿਸਤਾਨ ਦਿਸਦਾ ਹੈ,* ਆਟਮ ਆਰਟ, 2017

**ਸੋਮਾ ਸਿੰਘ,**
**ਖੋਜਾਰਥੀ, ਪੰਜਾਬੀ ਵਿਭਾਗ,**
**ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ**
**ਡਾ. ਅਮਨਦੀਪ ਸਿੰਘ,**
**ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ,**
**ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ**

# ਪੰਜਾਬੀ ਲੋਕ ਗੀਤ : ਸਭਿਆਚਾਰਕ ਸੰਦਰਭ

## (‘ਮਾਝੇ ਦੇ ਲੋਕ ਗੀਤ’ ਪੁਸਤਕ ਦੇ ਅਧਾਰ ’ਤੇ)

❑ ਡਾ. ਜਸਪਾਲ ਸਿੰਘ

ਲੋਕਧਾਰਾ ਇਕ ਨਿਰੰਤਰ ਅਤੇ ਗਤੀਸ਼ੀਲ ਵਰਤਾਰਾ ਹੈ। ਜਿਸ ਅਧੀਨ ਕਈ ਅਨੁਸ਼ਾਸਨ ਆਉਂਦੇ ਹਨ। ਲੋਕ ਸਾਹਿਤ, ਲੋਕ ਧਰਮ, ਲੋਕ ਧੰਦੇ, ਲੋਕ ਮਨੋਰੰਜਨ ਆਦਿ ਅਨੇਕ ਖੇਤਰ ਹਨ। ਜਿਨ੍ਹਾਂ ਨੂੰ ਲੋਕਧਾਰਾ ਅਧੀਨ ਰੱਖ ਕੇ ਵਿਚਾਰਿਆ ਜਾਂਦਾ ਹੈ। ਲੋਕ ਸਾਹਿਤ, ਲੋਕਧਾਰਾ ਦਾ ਅਜਿਹਾ ਅਨੁਸ਼ਾਸਨ ਹੈ, ਜਿਸ ਵਿਚੋਂ ਕਿਸੇ ਕੌਮ ਅਤੇ ਸਭਿਆਚਾਰ ਦੇ ਲੋਕਾਂ ਦੇ ਜੀਵਨ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਲੋਕ ਸਾਹਿਤ ਸਮੇਂ ਦੇ ਪ੍ਰਵਾਹ ਨਾਲ ਵਧਦਾ ਅਤੇ ਰੂਪਾਂਤਰਿਤ ਹੁੰਦਾ ਰਹਿੰਦਾ ਹੈ। ਲੋਕ ਸਾਹਿਤ ਨੂੰ ਦੋ ਹਿੱਸਿਆਂ ਲੋਕ ਵਾਰਤਕ ਅਤੇ ਲੋਕ ਕਾਵਿ ਰੂਪਾਂ ਵਿੱਚ ਵੰਡਿਆ ਜਾਂਦਾ ਹੈ। ਲੋਕ ਕਾਵਿ ਦੀਆਂ ਅੱਗੇ ਅਨੇਕ ਵੰਨਗੀਆਂ ਹਨ, ਜਿਵੇਂ ਲੋਕ ਗੀਤ, ਸੁਹਾਗ, ਘੋੜੀਆਂ, ਟੱਪੇ, ਸਿੱਠਣੀਆਂ, ਬੁਝਾਰਤਾਂ, ਢੋਲੇ, ਮਾਹੀਏ, ਹੇਅਰੇ, ਅਖਾਣ ਆਦਿ ਹੁੰਦੇ ਹਨ।

ਲੋਕ ਗੀਤ ਕਿਸੇ ਸਮਾਜ, ਕੌਮ ਅਤੇ ਸਭਿਆਚਾਰ ਦਾ ਦਰਪਣ ਹੁੰਦੇ ਹਨ। ਜਿਸ ਵਿਚ ਉਥੋਂ ਦੇ ਲੋਕਾਂ ਦੀ ਜੀਵਨ-ਜਾਂਚ ਅਤੇ ਮਨੋਭਾਵ, ਜਜ਼ਬਾਤ, ਇੱਛਾਵਾਂ, ਅਨੁਭਵ ਸ਼ਾਮਿਲ ਹੁੰਦੇ ਹਨ। “ਪੰਜਾਬੀ ਲੋਕ ਗੀਤਾਂ ਦਾ ਘੇਰਾ ਬਹੁਤ ਵਿਸ਼ਾਲ ਹੈ। ਜਨਮ ਤੋਂ ਲੈ ਕੇ ਮਰਨ ਤੱਕ ਪੰਜਾਬੀਆਂ ਦੇ ਲੋਕ ਜੀਵਨ ਦੀ ਕੋਈ ਵੀ ਅਜਿਹੀ ਝਾਕੀ ਨਹੀਂ, ਜਿਸ ਸੰਬੰਧੀ ਲੋਕ ਗੀਤ ਨਾ ਮਿਲਦੇ ਹੋਣ ਇਸੇ ਲਈ ਇਹ ਆਮ ਕਿਹਾ ਜਾਂਦਾ ਹੈ ਕਿ ਪੰਜਾਬੀ ਗੀਤਾਂ ਵਿਚ ਜੰਮਦਾ, ਲੋਰੀਆਂ ਥਾਲਾਂ, ਕਿੱਕਲੀਆਂ ਵਿਚ ਪਲਦਾ ਅਤੇ ਘੋੜੀਆਂ, ਸਿੱਠਣੀਆਂ, ਛੰਦਾਂ ਤੇ ਗਿੱਧਿਆਂ ਵਿਚ ਵਿਆਹਿਆ ਜਾਂਦਾ ਹੈ, ਇਸਦਾ ਅੰਤਿਮ ਸੰਸਕਾਰ ਵੀ ਅਲਾਹੁਣੀਆਂ ਤੇ ਕੀਰਨਿਆਂ ਦੇ ਰੂਪ ਵਿਚ ਲੋਕਾਂ ਦੁਆਰਾ ਹੁੰਦਾ ਹੈ।”[1]

ਪੰਜਾਬੀ ਲੋਕ ਗੀਤਾਂ ਨੂੰ ਭੂਗੋਲਿਕ ਹੱਦਾਂ ਅਨੁਸਾਰ ਵੰਡਿਆਂ ਜਾਂਦਾ ਹੈ। ਮਾਝੇ ਦੇ ਲੋਕ ਗੀਤ, ਮਾਲਵੇ ਦੇ ਲੋਕ ਗੀਤ, ਦੁਆਬੇ ਦੇ ਲੋਕ ਗੀਤ, ਪੋਠੋਹਾਰ ਦੇ ਲੋਕ ਗੀਤ, ਪੁਆਧ ਦੇ ਲੋਕ ਗੀਤ ਅਤੇ ਮੁਲਤਾਨੀ ਲੋਕ ਗੀਤ ਵਰਗ ਵੰਡ ਕੀਤੀ ਜਾਂਦੀ ਹੈ। ਲੋਕ ਗੀਤ ਕਿਸੇ ਵਿਸ਼ੇਸ਼ ਖਿੱਤੇ ਦੇ ਲੋਕਾਂ ਦੇ ਮਨਾਂ ਦੀ ਉਪਜ ਹੁੰਦੇ ਹਨ। ਬਿਆਸ ਅਤੇ ਸਤਲੁਜ ਦਰਿਆ ਦੇ ਵਿਚਕਾਰਲੇ ਇਲਾਕੇ/ਖੇਤਰ ਨੂੰ ਮਾਝਾ ਕਿਹਾ ਜਾਂਦਾ ਹੈ। ਇਸ ਤਰ੍ਹਾਂ ਮਾਝੇ ਨਾਲ ਸੰਬੰਧਿਤ ਨੌਜਵਾਨਾਂ, ਮੁਟਿਆਰਾਂ, ਬਜ਼ੁਰਗ, ਸੁਆਣੀਆਂ ਦੀ ਜੀਵਨ-ਜਾਂਚ ਅਤੇ ਮਨੋਭਾਵ, ਇੱਛਾਵਾਂ, ਚਾਅ, ਰੀਝਾਂ, ਜਜ਼ਬਾਤ, ਅਨੁਭਵ ਵਿਛੋੜੇ ਦਾ ਦਰਦ ਪ੍ਰਤੱਖ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਪੰਜਾਬ ਦੇ ਲੋਕ ਗੀਤ ਪੰਜਾਬੀ ਜੀਵਨ ਵਿਹਾਰ ਦੀ ਮੂੰਹ ਬੋਲਦੀ ਤਸਵੀਰ ਹਨ। ਇਹ ਸਾਡੇ ਸਭਿਆਚਾਰ ਦਾ ਅਨਿੱਖੜਵਾਂ ਅੰਗ ਹਨ। ਇਨ੍ਹਾਂ ਦੀ ਸਾਹਿਤਕ ਇਤਿਹਾਸਕ ਤੇ ਸਮਾਜਿਕ ਮਹੱਤਵ ਨੂੰ ਮੁੱਖ ਰੱਖ ਕੇ ਹੀ ਪੰਜਾਬ ਦੇ ਕੁਝ ਵਿਦਵਾਨਾਂ ਨੇ ਪੰਜਾਬ ਦੇ ਚੱਪੇ-ਚੱਪੇ ਤੇ ਖਿਲਰੇ ਇਨ੍ਹਾਂ ਅਨਮੋਲ ਰਤਨਾਂ ਨੂੰ ਇਕੱਤਰ ਕਰਕੇ ਵੱਖ-ਵੱਖ ਪੁਸਤਕਾਂ ਦੇ ਨਾਮ ਹੇਠ

ਪ੍ਰਕਾਸ਼ਿਤ ਕਰਵਾਇਆ ਹੈ। ਕੁਲਵੰਤ ਸਿੰਘ ਔਲਖ ਇਕ ਅਜਿਹੀ ਸ਼ਖ਼ਸੀਅਤ ਹੈ, ਜਿਸਨੇ ਆਪਣੀ ਉਮਰ ਦਾ ਜ਼ਿਆਦਾ ਹਿੱਸਾ ਲੋਕਧਾਰਾ ਨੂੰ ਸਮਰਪਿਤ ਕੀਤਾ ਹੈ। ਕੁਲਵੰਤ ਸਿੰਘ ਔਲਖ ਦੇ ਮਾਝੇ ਨਾਲ ਸੰਬੰਧਿਤ ਹੋਣ ਕਾਰਨ ਉਸਨੇ ਮਾਝੇ ਨਾਲ ਸੰਬੰਧਿਤ ਲੋਕ ਕਹਾਣੀਆਂ ਤੇ ਲੋਕ ਗੀਤਾਂ ਨੂੰ ਬੜੀ ਸੰਜ਼ੀਦਗੀ ਨਾਲ ਇਕੱਤਰ ਕੀਤਾ ਹੈ ਅਤੇ ਇਨ੍ਹਾਂ ਨੂੰ ਪੁਸਤਕਾਂ ਦੇ ਰੂਪ ਵਿਚ ਪ੍ਰਕਾਸ਼ਿਤ ਕਰਵਾਇਆ ਹੈ। ਜੋ ਅੱਜ ਵੀ ਲੋਕਧਾਰਾ ਦੇ ਅਧਿਐਨ ਕਾਰਜ ਵਿਚ ਸਹਾਇਕ ਹੁੰਦੀਆਂ ਹਨ। 'ਮਾਝੇ ਦੇ ਲੋਕ ਗੀਤ' ਪੁਸਤਕ ਕੁਲਵੰਤ ਸਿੰਘ ਔਲਖ ਨੇ 1989 ਵਿਚ ਪ੍ਰਕਾਸ਼ਿਤ ਕਰਵਾਈ ਹੈ। ਇਸ ਪੁਸਤਕ 'ਤੇ ਔਲਖ ਨੇ ਬਹੁਤ ਮਿਹਨਤ ਕਰਦਿਆਂ ਪੂਰੇ 12 ਸਾਲ ਸਮੱਗਰੀ ਨੂੰ ਇਕੱਤਰ ਕਰਨ ਵਿਚ ਲਾਏ ਹਨ। ਹਥਲੇ-ਖੋਜ-ਪੱਤਰ ਦਾ ਮਨੋਰਥ 'ਮਾਝੇ ਦੇ ਲੋਕ ਗੀਤ' ਪੁਸਤਕ ਵਿਚ ਪੇਸ਼ ਹੋਏ ਸਭਿਆਚਾਰਕ ਪੱਖਾਂ ਨੂੰ ਉਭਾਰਨਾ ਹੈ।

ਪੰਜਾਬੀ ਲੋਕਾਂ ਦਾ ਖੁੱਲ੍ਹਾ ਖਾਣ-ਪੀਣ ਪੰਜਾਬੀ ਸਭਿਆਚਾਰ ਦਾ ਅਹਿਮ ਅੰਗ ਹੈ। ਪੰਜਾਬੀਆਂ ਦੇ ਚਰਿੱਤਰ, ਸੁਭਾਅ ਅਤੇ ਸਮੁੱਚੇ ਜੀਵਨ ਵਿਹਾਰ ਨੂੰ ਨਿਰਧਾਰਿਤ ਕਰਨ ਵਾਲੀ ਉਨ੍ਹਾਂ ਦੀ ਪੌਸ਼ਟਿਕ ਘਰੇਲੂ ਖ਼ੁਰਾਕ ਹੈ। ਭਾਰਤ ਇਕ ਖੇਤੀ ਪ੍ਰਧਾਨ ਦੇਸ਼ ਹੈ। ਲੋਕ ਖੇਤੀ ਪਸ਼ੂਆਂ ਨਾਲ ਕਰਦੇ ਸਨ, ਇਨ੍ਹਾਂ ਪਸ਼ੂਆਂ ਵਿਚ ਪਾਲਤੂ ਪਸ਼ੂ ਅਤੇ ਦੁੱਧ ਦੇਣ ਵਾਲੇ ਪਸ਼ੂ ਬਹੁ-ਗਿਣਤੀ ਵਿਚ ਹੁੰਦੇ ਹਨ। ਇਸ ਤਰ੍ਹਾਂ ਪੁਰਾਤਨ ਸਮੇਂ ਤੋਂ ਹੀ ਪੰਜਾਬੀ ਲੋਕ ਦੁੱਧ, ਦਹੀਂ, ਲੱਸੀ, ਪਨੀਰ, ਅਤੇ ਮੱਖਣ ਦੇ ਸ਼ੌਕੀਨ ਹਨ। ਇਹ ਖ਼ੁਰਾਕ ਪੌਸ਼ਟਿਕ ਸੀ ਅਤੇ ਉਨ੍ਹਾਂ ਨੂੰ ਤਾਕਤ ਪ੍ਰਦਾਨ ਕਰਦੀ ਸੀ। ਪੰਜਾਬ ਦੀਆਂ ਹੱਦਾਂ ਬਾਹਰਲੇ ਦੇਸ਼ਾਂ ਨਾਲ ਲੱਗਦੀਆਂ ਸਨ, ਇਸ ਕਰਕੇ ਹਮਲਾਵਰ ਇੱਥੇ ਹਮਲਾ ਕਰਦੇ ਰਹਿੰਦੇ ਸਨ, ਇਨ੍ਹਾਂ ਭੂਗੋਲਿਕ ਕਾਰਨਾਂ ਕਰਕੇ ਵੀ ਪੰਜਾਬੀ ਲੋਕ ਖੁੱਲ੍ਹਾ-ਖਾਣ ਪੀਣ ਵਿਚ ਵਿਸ਼ਵਾਸ ਰੱਖਦੇ ਸਨ। ਸਿਆਣੇ ਕਹਿੰਦੇ ਹਨ, ਕਿ ਪੰਜਾਬੀ ਲੋਕ ਆਪਣੇ ਪੁੱਤਾਂ ਨੂੰ ਲੋਰੀਆਂ ਵੀ ਦੁੱਧ-ਘਿਉ ਤੇ ਮਲਾਈਆਂ ਨਾਲ ਦਿੰਦੇ ਸਨ। ਪੰਜਾਬੀ ਲੋਕਾਂ ਦੇ ਖਾਣ-ਪੀਣ ਦੀ ਗੱਲ ਹਰੇਕ ਵਿਸ਼ੇਸ਼ ਸਾਹਿਤਕ ਰਚਨਾ ਅਤੇ ਲੋਕ ਸਾਹਿਤ 'ਚ ਕਿਸੇ ਨਾ ਕਿਸੇ ਰੂਪ ਵਿਚ ਹੋਈ ਮਿਲਦੀ ਹੈ। 'ਮਾਝੇ ਦੇ ਲੋਕ ਗੀਤ' ਪੁਸਤਕ 'ਚ ਬਹੁਤ ਸਾਰੇ ਅਜਿਹੇ ਗੀਤ ਮਿਲਦੇ ਹਨ, ਜਿਸ ਵਿਚ ਪੰਜਾਬੀਆਂ ਦੇ ਖਾਣ-ਪੀਣ ਦੇ ਵਿਲੱਖਣ ਢੰਗਾਂ, ਤਰੀਕਿਆਂ ਨੂੰ ਪ੍ਰਸਤੁਤ ਕੀਤਾ ਗਿਆ ਹੈ:

"ਹੇਠਾ ਚਾਟੀ ਲੱਸੀ ਵੇ ਉਤੇ ਚੂਨੀ ਛੰਨਾਂ"
ਮੈ ਤੇ ਲੈ ਕੇ ਚੱਲੀ ਵਿਚ ਹਾਲੀਆਂ ਦੇ
ਲੱਸੀ ਡੋਲ੍ਹ ਆਈ ਤੇ ਚੂਰੀ ਮੋੜ ਲਿਆਈ
ਤੈਨੂੰ ਢੂੰਡ ਆਈ ਵਿਚ ਹਾਲੀਆਂ ਦੇ[2]

ਇਸ ਲੋਕ ਗੀਤ ਵਿਚ ਪੰਜਾਬ ਦਾ ਉਹ ਅਮੀਰ ਵਿਰਸਾ ਦ੍ਰਿਸ਼ਟੀਗੋਚਰ ਹੁੰਦਾ ਹੈ, ਜੋ 19ਵੀਂ ਤੇ 20ਵੀਂ ਸਦੀ ਵਿਚ ਪੰਜਾਬ ਦੇ ਕਿਸਾਨਾਂ ਨੇ ਖ਼ੂਬ ਮਾਣਿਆਂ ਹੈ। ਵਿਸ਼ਵੀਕਰਨ ਦੇ ਸਮੇਂ ਵੀ ਚਾਟੀ ਦੀ ਲੱਸੀ ਅਤੇ ਦੇਸੀ ਘਿਉ ਦੀ ਚੂਰੀ ਦਾ ਆਪਣਾ ਵਿਸ਼ੇਸ਼ ਸਥਾਨ ਹੈ। ਇਸ ਤੋਂ ਇਲਾਵਾ ਪੰਜਾਬੀ ਲੋਕ ਸਿਆਲ ਦੀ ਰੁੱਤ ਵਿਚ ਸਰ੍ਹੋਂ ਦੇ ਸਾਗ ਅਤੇ ਮੱਕੀ ਦੀ ਰੋਟੀ ਨੂੰ ਬਹੁਤ ਤਵੱਜੋਂ ਦੇਂਦੇ ਹਨ। ਸਾਗ ਅਤੇ ਮੱਕੀ ਦੀ ਰੋਟੀ ਨੂੰ ਅੱਜ ਵੀ ਉਨਾ ਹੀ ਪਸੰਦ ਕੀਤਾ ਜਾਂਦਾ ਹੈ, ਜਿੰਨਾ ਕਿ ਮੱਧਕਾਲ ਵਿਚ ਕੀਤਾ ਜਾਂਦਾ ਸੀ। ਇਸ ਤਰ੍ਹਾਂ ਪੰਜਾਬੀ ਲੋਕ ਗੀਤਾਂ ਵਿਚ ਗੰਧਲਾਂ ਦੇ ਸਾਗ ਦਾ ਵਰਨਣ ਇੰਝ ਮਿਲਦਾ ਹੈ-

ਨੀ ਮਾਏ ਰਿੰਨ ਚਲਾਈ ਦਾ ਸਾਗ
ਨਿੱਕੜਾ ਨਿੱਕੜਾ ਚੀਰ ਕੇ ਨੀ

ਨੀ ਮਾਏ ਸੇਰ ਕੁ ਮੱਖਣ ਪਾ
ਜੇ ਧੀ ਆਵੇ ਕੱਤ ਕੇ ਨੀ
ਨੀ ਮਾਏ ਸੇਰ ਕੁ ਮੱਖਣ ਪਾ[3]

ਇਸ ਤੋਂ ਇਲਾਵਾ ਪੰਜਾਬੀ ਲੋਕ ਹਰੀਆਂ ਸਬਜ਼ੀਆਂ, ਦਾਲਾਂ, ਪਨੀਰ, ਦੁੱਧ, ਸ਼ੱਕਰ, ਗੁੜ, ਮੀਟ, ਅਚਾਰ, ਦੇ ਅਤਿ ਸ਼ੌਕੀਨ ਹਨ, ਇਹ ਖੁੱਲ੍ਹਾ-ਡੁੱਲ੍ਹਾ ਖਾਣ-ਪੀਣ ਪੰਜਾਬੀ ਲੋਕਾਂ ਨੂੰ ਆਪਣੇ ਅਮੀਰ ਵਿਰਸੇ ਵਿਚੋਂ ਹੀ ਪ੍ਰਾਪਤ ਹੋਇਆ ਹੈ। "ਲੋਕ ਪਹਿਰਾਵਾ ਕਿਸੇ ਸਭਿਆਚਾਰ ਦਾ ਪਛਾਣ-ਚਿੰਨ੍ਹ ਹੁੰਦਾ ਹੈ। ਇਸਨੂੰ ਸਭਿਆਚਾਰ, ਲੋਕਧਾਰਾ ਅਤੇ ਲੋਕ ਜੀਵਨ ਦੇ ਅੰਤਰਗਤ ਅਧਿਐਨ ਦਾ ਵਸਤੂ ਬਣਾਇਆ ਜਾਂਦਾ ਹੈ। ਲੋਕ ਪਹਿਰਾਵਾ ਉਨ੍ਹਾਂ ਖੇਤਰਾਂ ਵਿਚੋਂ ਇਕ ਅਜਿਹਾ ਖੇਤਰ ਹੈ, ਜਿਸਦਾ ਅਧਿਐਨ ਪੰਜਾਬੀ ਸਭਿਆਚਾਰ ਦੀ ਸਮਝ ਲਈ ਅਤਿ ਜ਼ਰੂਰੀ ਹੈ।"[4] ਪੰਜਾਬੀ ਪਹਿਰਾਵਾ ਬਹੁਭਾਂਤੀ ਹੈ, ਇਹ ਵਿਸ਼ੇਸ਼ ਕਿਸਮ ਦੇ ਸਮਾਜ ਸਭਿਆਚਾਰਕ ਮੁੱਲਾਂ ਨਾਲ ਜੁੜਿਆ ਹੋਇਆ ਹੈ। 'ਮਾਝੇ ਦੇ ਲੋਕ ਗੀਤ' ਪੁਸਤਕ ਵਿਚ ਮਾਝੇ ਦੇ ਲੋਕਾਂ ਦੇ ਵਿਸ਼ੇਸ਼ ਤਰ੍ਹਾਂ ਦੇ ਵਿਲੱਖਣ ਪਹਿਰਾਵੇ ਨੂੰ ਬੜੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ। ਪੰਜਾਬੀ ਲੋਕਾਂ ਦਾ ਖੁੱਲਾ ਚਾਦਰਾ, ਕੁੜਤਾ, ਪਜਾਮਾ, ਤੁਰਲੇ ਵਾਲੀ ਪੱਗ ਅਤੇ ਜੁੱਤੀ ਵਿਸ਼ੇਸ਼ ਤਰ੍ਹਾਂ ਦਾ ਪਹਿਰਾਵਾ ਸੀ। ਪੱਗ ਪੰਜਾਬੀ ਸਭਿਆਚਾਰ ਵਿਚ ਮਰਦ ਦੀ ਇੱਜ਼ਤ ਦਾ ਪ੍ਰਤੀਕ ਹੈ। ਇਸ ਲੋਕ ਗੀਤ ਵਿਚ ਪੱਗ ਨੂੰ ਚੀਰੇ ਦੇ ਨਾਂ ਨਾਲ ਬਿਆਨ ਕੀਤਾ ਗਿਆ ਹੈ, ਮਿਸਾਲ ਵਜੋਂ-

ਉੱਚੀ ਟਾਹਲੀ ਤੇ ਪਾਉਣੀ ਆ ਮੋਛੇ
ਚੀਰੇ ਵਾਲੇ ਦੇ ਬਹੁਤ ਵਿਗੋਚੇ
ਰੱਬਾ ਕਿਤੇ ਮਿਲੀਏ...।[5]

ਪੰਜਾਬੀ ਮਰਦਾਂ ਵਾਂਗ ਔਰਤਾਂ ਵੀ ਵੱਖਰੀ ਤਰ੍ਹਾਂ ਦਾ ਪਹਿਰਾਵਾ ਪਹਿਨਦੀਆਂ ਹਨ। ਇਹ ਲੰਮੇ ਸੂਟ, ਸਲਵਾਰ, ਘੱਗਰੇ, ਕੁੜਤੀ, ਸਿਰ 'ਤੇ ਚੁੰਨੀ ਤੇ ਪੈਰਾਂ ਵਿਚ ਜੁੱਤੀ ਪਾਉਣ ਦੀਆਂ ਅਤਿ ਸ਼ੌਕੀਨ ਹੁੰਦੀਆਂ ਹਨ। ਮਰਦਾਂ ਦੀ ਪੱਗ ਵਾਂਗ ਚੁੰਨੀ ਵੀ ਔਰਤ ਦੀ ਇੱਜ਼ਤ ਦਾ ਚਿੰਨ੍ਹ ਮੰਨੀ ਜਾਂਦੀ ਹੈ। ਪੰਜਾਬੀ ਔਰਤ ਦੇ ਵਿਲੱਖਣ ਪਹਿਰਾਵੇ ਨੂੰ ਹੇਠਾਂ ਦਿੱਤਾ ਲੋਕ ਗੀਤ ਇੰਝ ਬਿਆਨ ਕਰਦਾ ਹੈ।

ਜੁੱਤੀ ਨਾਰੋਵਾਲ ਦੀ
ਤਿਲੇ ਸਿਤਾਰੇ ਜੜੀ
ਸਲਵਾਰ ਨਾਰੋਵਾਲ ਦੀ
ਸਿਲਮ ਸਿਤਾਰੇ ਜੜੀ
ਪਾ ਸਲਵਾਰ ਮੈਂ ਤੁਰ ਪਈ
ਪਹੁੰਚਿਆ ਤੇ ਗਰਦ ਪਈ
ਚੁੰਨੀ ਨਾਰੋਵਾਲ ਦੀ
ਗੋਟੇ ਸਿਤਾਰੇ ਜੜੀ...।[6]

ਰਹਿਣ-ਸਹਿਣ ਵਿਚ ਕਿਸੇ ਸਮਾਜ ਦੇ ਲੋਕਾਂ ਦਾ ਜੀਵਨ ਢੰਗ ਆ ਜਾਂਦਾ ਹੈ, ਕਿ ਉਹ ਕਿਸ ਤਰ੍ਹਾਂ ਸਮਾਜ ਵਿਚ ਰਹਿੰਦੇ ਹੋਏ ਆਪਣਾ ਜੀਵਨ ਬਤੀਤ ਕਰਦੇ ਹਨ ਅਤੇ ਉਨ੍ਹਾਂ ਦੀ ਸਮੁੱਚੀ ਜੀਵਨ ਜਾਂਚ ਨੂੰ ਅਧਿਐਨ ਦਾ ਕੇਂਦਰ ਬਿੰਦੂ ਬਣਾਇਆ ਜਾਂਦਾ ਹੈ। ਵਿਸ਼ਵ ਦੇ ਹਰ ਦੇਸ਼ ਦਾ ਵੱਖੋ-ਵੱਖਰਾ ਸਭਿਆਚਾਰ ਹੁੰਦਾ ਹੈ। ਇਸ ਲਈ ਇਸ ਸਭਿਆਚਾਰ 'ਤੇ ਉਥੋਂ

ਦੀਆਂ ਭੂਗੋਲਿਕ ਹਾਲਤਾਂ ਦਾ ਪ੍ਰਭਾਵ ਪੈਣਾ ਜ਼ਰੂਰੀ ਹੁੰਦਾ ਹੈ। ਪੰਜਾਬ ਭਾਰਤ ਦਾ ਪ੍ਰਵੇਸ਼ ਦੁਆਰ ਹੋਣ ਕਰਕੇ ਇਥੇ ਅਨੇਕਾਂ ਹਮਲਾਵਰ ਆਏ ਤੇ ਵੱਸ ਗਏ, ਜਿਨ੍ਹਾਂ ਦਾ ਪੰਜਾਬੀ ਲੋਕਾਂ ਦੀ ਸੰਸਕ੍ਰਿਤੀ 'ਤੇ ਬਹੁਤ ਪ੍ਰਭਾਵ ਪਿਆ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ, ਕਿ ਪੰਜਾਬੀ ਸਭਿਆਚਾਰ ਬਹੁਤ ਸਾਰੇ ਸਭਿਆਚਾਰਾਂ ਦਾ ਸੁਮੇਲ ਹੈ। ਭੂਗੋਲਿਕ ਹਾਲਤਾਂ ਕਾਰਨ ਪੰਜਾਬੀ ਲੋਕ ਮੁੱਢ ਤੋਂ ਹੀ ਨਿਡਰ, ਬਹਾਦਰ, ਲੜਾਕੇ ਅਤੇ ਸਿਰੜੀ ਮੰਨੇ ਜਾਂਦੇ ਹਨ। ਇਸ ਨਾਲ ਸੰਬੰਧਿਤ ਇਕ ਅਖਾਣ ਵੀ ਮਿਲਦਾ ਹੈ, 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ'। 'ਮਾਝੇ ਦੇ ਲੋਕ ਗੀਤ' ਪੁਸਤਕ ਵਿਚ ਪੰਜਾਬੀ ਲੋਕਾਂ ਦੇ ਦਲੇਰਾਨਾ ਸੁਭਾਅ, ਖੁਲ੍ਹੇ ਖਾਣ-ਪੀਣ, ਦ੍ਰਿੜ੍ਹਤਾ, ਅਣਖੀ, ਦਿਆਲੂ ਅਤੇ ਸਰੀਰ ਦੇ ਤਕੜੇ ਹੋਣ ਦਾ ਜ਼ਿਕਰ ਆਉਂਦਾ ਹੈ। ਇਨ੍ਹਾਂ ਲੋਕ ਗੀਤਾਂ ਵਿਚ ਪੰਜਾਬੀਆਂ ਦੇ ਮਨੋਭਾਵ ਇੱਛਾਵਾਂ ਜਜ਼ਬਾਤ ਬੜੇ ਸੁਚਾਰੂ ਢੰਗ ਨਾਲ ਪੇਸ਼ ਕੀਤੇ ਗਏ ਹਨ। ਜੁਆਨੀ ਤਾਂ ਪੱਥਰਾਂ 'ਤੇ ਵੀ ਆਉਂਦੀ ਹੈ, ਇਨਸਾਨ ਤਾਂ ਫਿਰ ਇਨਸਾਨ ਹੈ। ਇਸਤਰੀ ਤੇ ਪੁਰਸ਼ ਦੋਵੇਂ ਹੀ ਜੁਆਨ ਉਮਰ ਵਿਚ ਗਹਿਣੇ ਪਾਉਣ ਦੇ ਸ਼ੌਕੀਨ ਹੁੰਦੇ ਹਨ। ਗੱਭਰੂ ਤੇ ਮੁਟਿਆਰ ਹਮੇਸ਼ਾ ਹੀ ਬਣ-ਸੰਵਰ ਕੇ ਘਰੋਂ ਨਿਕਲਦੇ ਹਨ। ਹਰ ਕੋਈ ਇੱਕ-ਦੂਜੇ ਤੋਂ ਸੋਹਣਾ ਦਿਖਣ ਲਈ ਕਈ ਤਰ੍ਹਾਂ ਦੇ ਸੋਨੇ, ਚਾਂਦੀ ਦੇ ਗਹਿਣੇ ਪਹਿਨਦਾ ਹੈ। ਪੰਜਾਬੀ ਮਰਦ ਤੇ ਔਰਤਾਂ ਵੀ ਸੋਨੇ ਤੇ ਚਾਂਦੀ ਦੇ ਗਹਿਣੇ ਪਾਉਂਦੇ ਹਨ। ਪੰਜਾਬੀ ਮਰਦ ਗਲ਼ ਵਿਚ ਕੈਂਠਾ, ਤਵੀਤ, ਛਾਪ, ਗਾਨੀ ਤੇ ਕੰਨਾਂ ਵਿੱਚ ਨੱਤੀਆਂ ਪਾਉਂਦੇ ਹਨ। ਜਦੋਂਕਿ ਔਰਤਾਂ ਗਲ਼ੇ ਦਾ ਹਾਰ, ਚੈਨੀ, ਮੁੰਦਰੀ, ਬੁਗਤੀ, ਟੌਪਸ, ਵਾਲੀਆਂ, ਚੂੜੀਆਂ ਪੈਰਾਂ ਵਿਚ ਝਾਜਰਾਂ ਆਦਿ ਪਾਉਂਦੀਆਂ ਹਨ। ਪੰਜਾਬੀ ਲੋਕ ਗੀਤਾਂ ਵਿੱਚ ਮਰਦਾਂ ਅਤੇ ਔਰਤਾਂ ਦੇ ਮਨਭਾਉਂਦੇ ਗਹਿਣਿਆਂ ਦਾ ਜ਼ਿਕਰ ਬੜੇ ਕਲਾਮਈ ਢੰਗ ਨਾਲ ਪੇਸ਼ ਕੀਤਾ ਗਿਆ ਹੈ-

ਮਾਂ ਮਰ ਜਾਏ ਸੁਨਿਆਰਿਆ ਤੇਰੀ
ਮੈਂ ਗਹਿਣਿਆਂ ਬਾਝੋਂ ਚੱਲੀ[7]

ਇਸ ਤੋਂ ਇਲਾਵਾ 'ਮਾਝੇ ਦੇ ਲੋਕ ਗੀਤ' ਪੁਸਤਕ ਵਿਚ ਔਰਤ ਆਪਣੇ ਪ੍ਰਦੇਸ ਗਏ ਪਤੀ ਦੇ ਡੱਬੀ 'ਚ ਪਾਏ ਗਹਿਣਿਆਂ ਦਾ ਵਿਛੋੜੇ ਦੇ ਰੂਪ ਵਿਚ ਇੰਝ ਜ਼ਿਕਰ ਕਰਦੀ ਹੈ।

ਕੈਂਠਾ ਵੇ ਘੜਾਇਆ
ਘੜਾ ਡੱਬੇ ਪਾਇਆ
ਛਾਪ ਵੇ ਬਣਵਾਈ
ਬਣਵਾ ਉਂਗਲੀ ਪਾਈ
ਕੋਈ ਮੇਰਿਆ ਪ੍ਰਦੇਸੀਆ ਵੇ...[8]

ਪ੍ਰਾਚੀਨ ਸਮੇਂ ਤੋਂ ਹੀ ਔਰਤ ਦੀ ਸਥਿਤੀ ਸਨਮਾਨਜਨਕ ਨਹੀਂ ਰਹੀ ਹੈ। ਮਰਦ ਪ੍ਰਧਾਨ ਸਮਾਜ ਵਿਚ ਹਮੇਸ਼ਾ ਔਰਤ ਨੂੰ ਪੈਰ ਦੀ ਜੁੱਤੀ ਅਤੇ ਭੋਗਣ ਵਾਲੀ ਵਸਤੂ ਸਮਝਿਆ ਜਾਂਦਾ ਹੈ। ਪੰਜਾਬੀ ਸਮਾਜ ਵਿਚ ਔਰਤ ਨੂੰ ਇੱਜ਼ਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਇਸ ਲਈ ਹੀ ਔਰਤ 'ਤੇ ਕਈ ਤਰ੍ਹਾਂ ਦੇ ਟੈਬੂ ਅਤੇ ਮਨਾਹੀਆਂ ਲੱਗੀਆਂ ਹੁੰਦੀਆਂ ਹਨ। ਮਾਝੇ ਦੇ ਲੋਕ ਗੀਤਾਂ ਵਿਚ ਔਰਤ ਦੇ ਚਾਅ, ਉਮੀਦਾਂ, ਮਨੋਭਾਵ, ਜਜ਼ਬਾਤ, ਇੱਛਾਵਾਂ ਬੜੇ ਪ੍ਰਤੱਖ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦੇ ਹਨ। ਮੱਧਕਾਲ ਸਮੇਂ ਲੜਕੀ ਨੂੰ ਜਨਮ ਵੇਲੇ ਹੀ ਮਾਰ ਦਿੱਤਾ ਜਾਂਦਾ ਸੀ ਜਾਂ ਫਿਰ ਬਚਪਨ ਵਿਚ ਹੀ ਵਿਆਹ ਕਰ ਦਿੱਤਾ ਜਾਂਦਾ ਸੀ। ਵਿਆਹ ਸਮੇਂ ਲੜਕੀ ਦੇ ਮਨੋਭਾਵਾਂ ਤੇ ਜਜ਼ਬਾਤਾਂ ਦਾ ਖ਼ਿਆਲ ਨਹੀਂ ਕੀਤਾ ਜਾਂਦਾ ਸੀ, ਸਗੋਂ ਪੈਸੇ ਵਾਲਾ ਕੋਈ ਵੀ

ਬਦਸੂਰਤ, ਬੁੱਢਾ ਜਾਂ ਨਿੱਕੜਾ, ਨਿਕੰਮੇ ਵਰ ਨਾਲ ਤੋਰ ਦਿੱਤਾ ਜਾਂਦਾ ਸੀ। ਇਹੋ ਜਿਹੇ ਸਮੇਂ ਔਰਤ ਆਪਣੀ ਮਾਨਸਿਕ ਪੀੜਾ ਨੂੰ ਲੋਕ ਗੀਤ ਵਿਚ ਇਸ ਪ੍ਰਕਾਰ ਪ੍ਰਸਤੁਤ ਕਰਦੀ ਹੈ-

ਵਣਾਂ ਦੇ ਮੋਰ ਕਰਦੇ ਪੀਲੂ ਪੀਲੂ
ਬਾਬਲ ਵਰ ਸਹੇੜਿਆਂ ਕੋਈ ਰੰਗ ਰਸੀਲੂ
ਨਿਕੜਾ ਨਾ ਸਹੇੜੀ ਵੇ ਕੋਈ ਬਾਲ ਅੰਞਾਣਾ
ਬੁਢੜਾ ਨਾ ਸਹੇੜੀ ਵੇ ਕੋਈ ਦੋਜ਼ਖ ਜਾਣਾ[9]

ਨਵੀਂ-ਵਿਆਹੀ ਮੁਟਿਆਰ ਦੇ ਪਤੀ ਨਾਲੋਂ ਵਿਛੋੜੇ ਦੀ ਪੀੜ ਨੂੰ ਮਾਝੇ ਦੇ ਲੋਕ ਗੀਤਾਂ ਵਿੱਚ ਬੜੇ ਸੁਚਾਰੂ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਸੋਲ੍ਹਵੀਂ-ਸਤਾਰਵੀਂ ਸਦੀ ਵਿਚ ਪੰਜਾਬ ਦੇ ਲੋਕਾਂ ਦੀ ਆਰਥਿਕ ਹਾਲਤ ਚੰਗੀ ਨਾ ਹੋਣ ਕਾਰਨ, ਉਹ ਆਪਣੇ ਨੌਜਵਾਨ ਪੁੱਤਰਾਂ ਨੂੰ ਸਿਪਾਹੀ ਭਰਤੀ ਕਰਵਾਉਣ ਲੱਗ ਪਏ ਸਨ ਤਾਂਕਿ ਘਰ ਦਾ ਗੁਜ਼ਾਰਾ ਚੰਗੀ ਤਰ੍ਹਾਂ ਹੋ ਸਕੇ। ਉਨ੍ਹਾਂ ਸਮਿਆਂ ਵਿੱਚ ਫ਼ੌਜ ਦਾ ਸਿਪਾਹੀ ਬਣਨਾ ਅਸਾਨ ਕੰਮ ਨਹੀਂ ਸੀ, ਕਿਉਂਕਿ ਹਰ ਸਮੇਂ ਸਰਕਾਰਾਂ ਜੰਗਾਂ-ਯੁੱਧਾਂ ਵਿੱਚ ਉਲਝਦੀਆਂ ਰਹਿੰਦੀਆਂ ਸਨ, ਇਸ ਕਰਕੇ ਜ਼ਿਆਦਾਤਰ ਨੌਜਵਾਨ ਸਿਪਾਹੀ ਡਿਊਟੀ ’ਤੇ ਹੀ ਹਾਜ਼ਿਰ ਰਹਿੰਦੇ ਸਨ। ਕਈ ਵਾਰ ਤਾਂ ਕੁਝ ਨੌਜਵਾਨਾਂ ਨੂੰ ਮੁਕਲਾਵੇ ਵਾਲੀ ਰਾਤ ਹੀ ਸਰਕਾਰ ਦੇ ਬੁਲਾਵੇ ’ਤੇ ਚੂੜੇ ਵਾਲੀ ਨਾਰ ਨੂੰ ਛੱਡ ਕੇ ਪ੍ਰਦੇਸ ਜਾਣਾ ਪੈਂਦਾ ਸੀ। ਜੋ ਮੁਟਿਆਰਾਂ ਕਈ ਵਰ੍ਹਿਆਂ ਤੋਂ ਸੁਹਾਗ ਰਾਤ ਵਾਲੇ ਦਿਨ ਦੀ ਬੜੀ ਬੇਸਬਰੀ ਨਾਲ ਉਡੀਕ ਕਰਦੀਆਂ ਸਨ। ਉਨ੍ਹਾਂ ਦੇ ਸਾਰੇ ਚਾਅ, ਇੱਛਾਵਾਂ, ਮਨ ਦੇ ਭਾਵ ਅਧੂਰੇ ਰਹਿ ਜਾਂਦੇ ਸਨ। ਇਸ ਤਰ੍ਹਾਂ ਆਪਣੀ ਮਾਨਸਿਕ ਪੀੜਾ ਨੂੰ ਪੰਜਾਬੀ ਮੁਟਿਆਰਾਂ ਲੋਕ ਗੀਤਾਂ ਵਿੱਚ ਇੰਝ ਬਿਆਨ ਕਰਦੀਆਂ ਹਨ-

“ਹੋਰ ਸਿਪਾਹੀ ਘਰਾਂ ਨੂੰ ਆਏ
ਤੂੰ ਵੇ ਰਹਿਉਂ ਕਾਲੀਧਾਰ ਵੇ ਸਿਪਾਹੀਆ
ਮਾਂ ਵੇ ਉਡੀਕੇ ਭੈਣ ਵੇ ਉਡੀਕੇ
ਨਾਰ ਵੇ ਉਡੀਕੇ ਬੂਹਿਉਂ ਬਾਹਰ ਵੇ ਸਿਪਾਹੀਆ[10]

ਪੰਜਾਬੀ ਸਭਿਆਚਾਰ ਵਿਚ ਰਸਮ-ਰਿਵਾਜ ਦਾ ਬਹੁਤ ਮਹੱਤਵ ਹੈ, ਇਹ ਰਸਮਾਂ ਤੇ ਰਿਵਾਜ ਪੰਜਾਬੀ ਜੀਵਨ ਦੇ ਤਿੰਨ ਮੁੱਖ ਪੜਾਵਾਂ ’ਤੇ ਬੜੀ ਖ਼ੂਬਸੂਰਤੀ ਨਾਲ ਨਿਭਾਏ ਜਾਂਦੇ ਹਨ। ਜਨਮ ਸਮੇਂ, ਮਰਨ ਸਮੇਂ, ਅਤੇ ਵਿਆਹ ਸਮੇਂ ਸ਼ਗਨਾਂ ਦੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ। ਪੰਜਾਬੀ ਸਮਾਜ ਵਿਚ ਵਿਆਹ ਨੂੰ ਸਭ ਤੋਂ ਪਵਿੱਤਰ ਤੇ ਉੱਤਮ ਮੰਨਿਆ ਜਾਂਦਾ ਹੈ। ਵਿਆਹ ਪ੍ਰਬੰਧ ਮੁੰਡੇ-ਕੁੜੀ ਦੇ ਮਿਲਾਪ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰਾਂ ਦਾ ਵੀ ਸੁਮੇਲ ਹੈ। ਵਿਆਹ ਸਮੇਂ ਬਹੁਤ ਸਾਰੀਆਂ ਰਸਮਾਂ ਤੇ ਰਿਵਾਜ ਬੜੀ ਖ਼ੁਸ਼ੀ ਨਾਲ ਔਰਤਾਂ ਵੱਲੋਂ ਲੋਕ ਗੀਤ ਗਾ ਕੇ ਨਿਭਾਏ ਜਾਂਦੇ ਹਨ। ਇਨ੍ਹਾਂ ਰੀਤਾਂ ਰਸਮਾਂ ਵਿਚ ਸੇਹਰੇ ਬੰਨਣਾ, ਘੋੜੀ ਚੜ੍ਹਾਉਣਾ, ਵਾਗ ਗੁੰਦਣਾ, ਸੁਰਮਾ ਪਾਉਣਾ, ਕੁੜੀ ਨੂੰ ਕਲੀਰੇ ਪਾਉਣਾ, ਮਹਿੰਦੀ ਲਾਉਣਾ, ਮੌਲੀ ਤੇ ਗਾਨੇ ਬੰਨ੍ਹਣਾ ਆਦਿ ਪ੍ਰਮੁੱਖ ਹਨ। ਇਨ੍ਹਾਂ ਰੀਤਾਂ ਦਾ ਵਿਆਹ ਪ੍ਰਬੰਧ ਵਿਚ ਸਭਿਆਚਾਰਕ ਮਹੱਤਵ ਹੋਣ ਕਾਰਨ ਔਰਤ ਆਪਣੇ ਪਤੀ ਨੂੰ ਮਹਿੰਦੀ ਦਾ ਵਾਸਤਾ ਪਾ ਕੇ ਪ੍ਰਦੇਸ ਜਾਣ ਤੋਂ ਰੋਕਦੀ ਹੈ। ਮਿਸਾਲ ਵਜੋਂ-

ਵੇ ਸਾਡਾ ਸ਼ਗਨਾਂ ਦਾ ਢੋਲਿਆ ਗਾਨਾਂ
ਵੇ ਗੰਢ ਖੋਲ੍ਹ ਕੇ ਵਹਿਮੀਆਂ ਜਾਈ
ਵੇ ਮੇਰੇ ਸ਼ਗਨਾਂ ਦਾ ਢੋਲਿਆ ਸਾਲੂ

ਵੇ ਪਲਾ ਜੋੜ ਕੇ ਵਹਿਮੀਆਂ ਜਾਈ
ਵੇ ਮੇਰੇ ਸ਼ਗਨਾਂ ਦੀ ਢੋਲਿਆ ਮਹਿੰਦੀ
ਵੇ ਰੰਗ ਮਾਣ ਕੇ ਵਹਿਮੀਆਂ ਜਾਈ
ਵੇ ਮੇਰੇ ਸ਼ਗਨਾਂ ਦੀ ਢੋਲਿਆ ਮੌਲੀ
ਵੇ ਰੰਗ ਮਾਣ ਕੇ ਵਹਿਮੀਆਂ ਜਾਈ[11]

ਮੱਧਕਾਲ ਵਿਚ ਪੰਜਾਬੀ ਸਭਿਆਚਾਰ ਵਿਚ ਲਾਗੀ ਦੀ ਵਿਸ਼ੇਸ਼ ਭੂਮਿਕਾ ਹੁੰਦੀ ਸੀ। ਇਹ ਲਾਗੀ ਜ਼ਿਆਦਾਤਰ ਅਨੁਸੂਚਿਤ ਜਾਤੀਆਂ ਦੇ ਹੁੰਦੇ ਸਨ। ਹਰੇਕ ਪਿੰਡ ਵਿਚ ਲਾਗੀਆਂ ਦੇ ਦੋ-ਚਾਰ ਘਰ ਜ਼ਰੂਰ ਹੁੰਦੇ ਸਨ। ਇਹ ਲਾਗੀ ਲੋਕ ਅਮੀਰ ਘਰਾਂ ਵਿੱਚ ਖ਼ੁਸ਼ੀ ਤੇ ਗ਼ਮੀ ਦੇ ਸਮੇਂ ਬੁਤੀ ਨਿੱਤੀ ਤੇ ਸੁਨੇਹੇ ਦੇਣ ਦਾ ਕੰਮ ਕਰਦੇ ਸਨ। ਹਾੜ੍ਹੀ ਤੇ ਸਾਉਣੀ ਦੀਆਂ ਫ਼ਸਲਾਂ ਸਮੇਂ ਇਹ ਇਨ੍ਹਾਂ ਘਰਾਂ ਤੋਂ ਅਨਾਜ ਇਕੱਤਰ ਕਰਕੇ ਆਪਣਾ ਜੀਵਨ ਬਤੀਤ ਕਰਦੇ ਹਨ। ਪ੍ਰਾਚੀਨ ਸਮੇਂ ਵਿਚ ਜ਼ਿਆਦਾਤਰ ਲਾਗੀ ਲੋਕ ਹੀ ਕੁੜੀ ਤੇ ਮੁੰਡੇ ਦਾ ਜਾਇਦਾਦ ਦੇ ਆਧਾਰ ’ਤੇ ਰਿਸ਼ਤਾ ਤੈਅ ਕਰਦੇ ਸਨ। ਇਥੋਂ ਤੱਕ ਕਿ ਮੁਕਲਾਵੇ ’ਤੇ ਵਹੁਟੀ ਨੂੰ ਲੈਣ ਲਾੜੇ ਦੇ ਨਾਲ ਲਾਗੀ ਹੀ ਜਾਂਦਾ ਸੀ। ਪੰਜਾਬੀ ਸਮਾਜ ਵਿਚ ਲਾਗੀ ਦੀ ਵਿਲੱਖਣ ਭੂਮਿਕਾ ਨੂੰ ਹੇਠ ਲਿਖਿਆਂ ਲੋਕ ਗੀਤ ਇੰਝ ਪੇਸ਼ ਕਰਦਾ ਹੈ-

ਸੋਹਣੇ ਦੇ ਲਾਗੀ ਜੂ ਆਏ
ਲਾਗੀ ਕਿਹੜੇ ਕੰਮ ਨੂੰ
ਮੇਰੇ ਪੀੜ ਕਲੇਜੇ ਮੇਰੇ ਸੂਲ ਕਲੇਜੇ
ਗੁੱਝੀਆਂ ਪੀੜ੍ਹਾਂ ਮੇਰੇ ਦਮ ਨੂੰ[12]

ਜਦੋਂ ਤੋਂ ਮਨੁੱਖ ਨੇ ਆਪਣੀ ਸੂਝ ਅਨੁਸਾਰ ਆਪਣੇ ਸਰੀਰ ਨੂੰ ਢੱਕਣ ਲਈ ਕੱਪੜੇ ਦੀ ਲੋੜ ਮਹਿਸੂਸ ਕੀਤੀ, ਉਸ ਸਮੇਂ ਤੋਂ ਹੀ ਚਰਖਾ ਹੋਂਦ ’ਚ ਆਇਆ ਹੈ। ਪੰਜਾਬੀ ਸਭਿਆਚਾਰ ’ਚ ਚਰਖੇ ਦਾ ਬਹੁਤ ਮਹੱਤਵ ਹੈ। ਚੰਦਨ ਦੀ ਲੱਕੜੀ ਦਾ ਚਰਖਾ ਵਧੀਆ ਮੰਨਿਆ ਜਾਂਦਾ ਹੈ।

ਮੈਨੂੰ ਲੈ ਦੇ ਚੰਦਨ ਦਾ ਚਰਖਾ
ਕੱਤਦੀ ਦਾ ਚੂੜਾ ਛਣਕੇ[13]

ਮਾਝੇ ਦੇ ਲੋਕ ਗੀਤਾਂ ਵਿਚ ਚਰਖੇ ਦਾ ਜ਼ਿਕਰ ਪੰਜਾਬੀਆਂ ਦੇ ਖੁਸ਼ਹਾਲ ਜੀਵਨ ਦੇ ਪ੍ਰਤੀਕ ਵਜੋਂ ਨਜ਼ਰ ਆਉਂਦਾ ਹੈ ਔਰਤ ਅਤੇ ਚਰਖੇ ਦਾ ਬਹੁਤ ਗਹਿਰਾ ਸੰਬੰਧ ਹੈ। ਇਸ ਕਾਰਨ ਲੋਕ ਗੀਤ ਜ਼ਿਆਦਾਤਰ ਔਰਤ ਮਨ ਦੀ ਸਿਰਜਣਾ ਹਨ। ਜਿੱਥੇ ਪਿੰਡ ਦੀਆਂ ਬਹੁਤ ਸਾਰੀਆਂ ਕੁੜੀਆਂ ਚਰਖਾ ਕੱਤਦੀਆਂ ਹਨ। ਉਸ ਥਾਂ ਨੂੰ ਤ੍ਰਿੰਞਣ ਵੀ ਕਿਹਾ ਜਾਂਦਾ ਹੈ-

ਕਤੋ ਕਤੋ ਕੁੜੀਓ
ਭਲਕੇ ਮੰਗਲਵਾਰ
ਰੱਜੀ ਕੁੜੀ ਸਹੁਰੇ ਚੱਲੀ
ਚਰਖਾ ਪਿਆ ਭੰਡਾਰ[14]

ਪੰਜਾਬੀ ਸਮਾਜ ਵਿਚ ਚਰਖੇ ਦਾ ਸੰਬੰਧ ਘਰ ਨਾਲ ਜੁੜਦਾ ਹੈ। ਪੁਰਾਣੇ ਸਮੇਂ ਹਰੇਕ ਖੁਸ਼ਹਾਲ ਘਰ ਵਿਚ ਚਰਖਾ ਜ਼ਰੂਰ ਹੁੰਦਾ ਸੀ। ਕਿਉਂਕਿ ਚਰਖਾ ਕੱਤਦੇ ਸਮੇਂ ਪੰਜਾਬੀ ਮੁਟਿਆਰ ਜੋ ਆਪਣੇ ਮਨ ਦੇ ਭਾਵ, ਵਲ਼ਵਲ਼ੇ, ਲੋਕ ਗੀਤਾਂ ਰਾਹੀਂ ਬਿਆਨ ਕਰ ਜਾਂਦੀ ਹੈ, ਉਹ ਸਹਿਜ

ਜੀਵਨ 'ਚ ਕਰਨ ਤੋਂ ਸ਼ਰਮਾਉਂਦੀ ਹੈ। ਇਸ ਤਰ੍ਹਾਂ ਕੁਆਰੀ ਕੁੜੀ ਆਪਣੇ ਬਾਬਲ, ਭਰਾ, ਮਾਮੇ, ਚਾਚੇ, ਤਾਏ, ਨੂੰ ਸੰਬੋਧਨ ਵਜੋਂ ਲੋਕ ਗੀਤ ਬੋਲਦੀ ਹੈ। ਜਦੋਂ ਕਿ ਵਿਆਹ ਮਗਰੋਂ ਮੁਟਿਆਰ ਦੂਰ ਗਏ ਪਤੀ ਦੇ ਵਿਛੋੜੇ ਜਾਂ ਪੇਕੇ ਤੋਂ ਵੀਰ ਦੇ ਆਉਣ ਦੀ ਉਡੀਕ ਵਿਚ ਆਪਣੇ ਭਾਵ ਪੇਸ਼ ਕਰਦੀ ਹੈ। ਇਸ ਪੁਸਤਕ ਵਿਚ ਚਰਖੇ ਨਾਲ ਸੰਬੰਧਿਤ ਬਹੁਤ ਸਾਰੇ ਪੰਜਾਬੀ ਲੋਕ ਗੀਤ ਮਿਲ ਜਾਂਦੇ ਹਨ। ਜਿਨ੍ਹਾਂ ਨਾਲ ਸਾਡਾ ਅਮੀਰ ਤੇ ਵਿਲੱਖਣ ਸਭਿਆਚਾਰ ਦ੍ਰਿਸ਼ਟੀਗੋਚਰ ਹੁੰਦਾ ਹੈ–

ਮੈਂ ਵੱਟਾਂ ਤੇਰੀਆਂ ਪੂਣੀਆਂ ਨੀ ਧੀਏ
ਚਰਖ਼ੇ ਨੂੰ ਚਿੱਤ ਲਾ
ਅੱਗ ਲਾਵਾਂ ਤੇਰੀਆਂ ਪੂਣੀਆਂ ਨੀ ਮਾਏ
ਚਰਖ਼ੇ ਨੂੰ ਭਾਬੜ ਬਾਲ
ਜਾਂਦੇ ਤੇ ਮਾਹੀ ਦੀਆਂ ਸੂਰਤਾਂ ਨੀ ਮਾਏ
ਢੂੰਡਿਆਂ ਹੱਥ ਨਾ ਆਉਣ[15]

'ਮਾਝੇ ਦੇ ਲੋਕ ਗੀਤ' ਪੁਸਤਕ ਵਿਚ ਬਹੁਤ ਸਾਰੇ ਅਜਿਹੇ ਲੋਕ ਗੀਤ ਮਿਲਦੇ ਹਨ, ਜਿਨ੍ਹਾਂ ਵਿੱਚ ਪੰਜਾਬੀ ਸਭਿਆਚਾਰ ਦੀ ਰਿਸ਼ਤੇਦਾਰੀ ਅਤੇ ਸਾਕਾਚਾਰੀ ਨੂੰ ਬੜੇ ਖ਼ੂਬਸੂਰਤ ਢੰਗ ਨਾਲ ਪ੍ਰਸਤੁਤ ਕੀਤਾ ਗਿਆ ਹੈ। ਪੰਜਾਬੀ ਸਭਿਆਚਾਰ ਵਿਚ ਪਿਤਾ, ਭਰਾ, ਮਾਂ ਭੈਣ, ਚਾਚੇ, ਤਾਏ, ਮਾਮੇ ਆਦਿ ਰਿਸ਼ਤੇਦਾਰੀ ਦਾ ਵਿਸ਼ੇਸ਼ ਮਹੱਤਵ ਹੈ। ਦੂਜੇ ਪਾਸੇ ਜਦੋਂ ਕੁੜੀ ਦਾ ਵਿਆਹ ਹੋ ਜਾਂਦਾ ਹੈ, ਤਾਂ ਉਸ ਦੀਆਂ ਨਵੇਂ ਘਰ ਦੇ ਨਾਲ–ਨਾਲ ਨਵੀਆਂ ਰਿਸ਼ਤੇਦਾਰੀਆਂ ਵੀ ਸਾਹਮਣੇ ਆਉਂਦੀਆਂ ਹਨ। ਜਿਵੇਂ ਸੱਸ, ਸੁਹਰਾ, ਦੇਵਰ, ਜੇਠ, ਪਤੀ, ਜੇਠਾਣੀ ਆਦਿ ਇਨ੍ਹਾਂ ਦਾ ਪੰਜਾਬੀ ਲੋਕ ਗੀਤਾਂ ਵਿਚ ਬਹੁਤ ਉਚੇਚੇ ਤੌਰ 'ਤੇ ਵਰਣਨ ਕੀਤਾ ਗਿਆ ਹੈ–

ਧੀਏ ਬਾਪੂ ਜੂ ਤੇਰਾ ਦੇਸਾ ਦਾ ਰਾਜਾ
ਦੇਵੇ ਮਹਿਲ ਪਵਾ ਧੀਏ ਕਾਹਨੂੰ ਜਾਣਾ[16]
"ਚੜ੍ਹਿਆ ਮਹੀਨਾ ਚੇਤ ਤਿਲੀਅਰ ਬੋਲਿਆ
ਤੁਰਿਆ ਨਣਾਨੇ ਤੇਰਾ ਵੀਰ ਮੇਰਾ ਮਨ ਡੋਲਿਆ[17]
"ਅੱਜ ਮਾਏ ਜਾਗਦੀ ਰਹੀ"
ਲੰਘਣੇ ਰੁਮਾਲਾਂ ਵਾਲੇ[18]
"ਨੀ ਨੂੰਹੇ ਬਹਿੰਦੀ ਸੈ ਮੂੜ੍ਹੇ ਮੰਗਦੀ ਸੈ ਚੂੜੇ
ਤੇ ਚੂੜੇ ਦਾ ਮਾਰਾ ਤੁਰ ਪਿਆ ਈ
ਨੀ ਸਸੂ ਹਥ ਮੇਰੇ ਤਾਰ ਮੈਂ ਹੋਈ ਮੁਟਿਆਰ
ਤੇ ਪੁੱਤ ਪ੍ਰਦੇਸਾ ਨੂੰ ਤੋਰਿਆ ਈ",[19]

ਇਨ੍ਹਾਂ ਲੋਕ ਗੀਤਾਂ ਵਿਚ ਪੰਜਾਬੀ ਸਭਿਆਚਾਰ ਦੇ ਉਹ ਦ੍ਰਿਸ਼ ਦੇਖਣ ਨੂੰ ਮਿਲਦੇ ਹਨ ਜੋ ਅੱਜ ਵੀ ਸਾਡੇ ਸਮਾਜ ਦੇ ਰਿਸ਼ਤੇਦਾਰੀ–ਸਾਕਾਚਾਰੀ ਪ੍ਰਬੰਧ ਵਿਚ ਬਹੁਤ ਮਹੱਤਵ ਰੱਖਦੇ ਹਨ। ਇਨ੍ਹਾਂ ਲੋਕ ਗੀਤਾਂ ਵਿਚ ਮਾਂ–ਧੀ ਦਾ ਪਿਆਰ ਭਾਬੀ ਤੇ ਨਣਦ ਦਾ ਪਿਆਰ ਅਤੇ ਨੂੰਹ–ਸੱਸ ਦੀ ਮਿੱਠੀ–ਮਿੱਠੀ ਨੋਕ–ਝੋਕ ਪ੍ਰਤੱਖ ਰੂਪ ਵਿਚ ਵਿਦਮਾਨ ਹੁੰਦੀ ਹੈ।

ਵਿਸ਼ਵਾਸ ਕਰਨਾ ਮਨੁੱਖ ਦੀ ਮੁੱਢਲੀ ਪ੍ਰਵਿਰਤੀ ਹੈ ਤੇ ਜਿੱਥੇ ਮਨੁੱਖ ਪੂਰਬਲੇ ਕਰਮਾਂ ਦਾ ਪ੍ਰਤੀਕਰਮ ਆਧੁਨਿਕ ਸਮਾਜ ਵਿਚ ਵੇਖਦਾ ਹੈ, ਉਥੇ ਉਸਦੇ ਚੇਤਨ ਮਨ ਵਿਚ ਇਹ ਰੂੜ੍ਹੀ ਅਜੇ ਵੀ ਕਾਰਜਸ਼ੀਲ ਹੈ, ਕਿ ਇਸ ਜਗਤ ਪਿੱਛੇ ਕੋਈ ਅਲੌਕਿਕ ਸ਼ਕਤੀ ਹੈ। ਜਿਸਨੇ

ਪ੍ਰਕਿਰਤੀ ਉੱਪਰ ਆਪਣਾ ਕੰਟਰੋਲ ਕੀਤਾ ਹੋਇਆ ਹੈ। ਲੋਕ-ਵਿਸ਼ਵਾਸਾਂ ਦੀ ਤਰ੍ਹਾਂ ਵਹਿਮ-ਭਰਮ ਵੀ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣੇ ਹੋਏ ਹਨ। 'ਮਾਝੇ ਦੇ ਲੋਕ ਗੀਤ' ਪੁਸਤਕ ਵਿਚ ਵੀ ਅਜਿਹੇ ਗੀਤ ਮਿਲਦੇ ਹਨ, ਜਿਨ੍ਹਾਂ ਵਿਚ ਪੰਜਾਬੀ ਲੋਕਾਂ ਦੇ ਵਿਸ਼ਵਾਸ ਅਤੇ ਵਹਿਮ-ਭਰਮ ਪ੍ਰਤੱਖ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ, 'ਨੂੰਹ ਦਾ ਚੱਕ' ਤੇ 'ਇਸ ਖੂਹੀ ਦਾ ਨੀਰ ਨਾ ਪੀਣਵਾ ਜੇ', ਲੋਕ ਗੀਤਾਂ ਵਿਚ ਔਰਤ ਦੀ ਬਲੀ ਦੇਣ ਦਾ ਲੋਕ ਵਿਸ਼ਵਾਸ ਮਿਲਦਾ ਹੈ। ਜਦੋਂ ਨਵਾਂ ਖੂਹ ਲਵਾਇਆ ਜਾਂਦਾ ਹੈ, ਤਾਂ ਉਸਨੂੰ ਚਲਾਉਣ ਲਈ ਜੇਠੀ (ਵੱਡੀ) ਨੂੰਹ ਦਾ ਬਲੀਦਾਨ ਦਿੱਤਾ ਜਾਂਦਾ ਹੈ ਤਾਂਕਿ ਖੂਹ 'ਚ ਪਾਣੀ ਆ ਸਕੇ-

ਸਹੁਰੇ ਖੂਹਾ ਲਵਾਇਆ ਭਾਈ ਖੂਹਾ ਲਵਾਇਆ
ਉੱਥੇ ਪਾਣੀ ਦੀ ਬੂੰਦ ਨ ਕੋਈ ਅੜਿਓ
ਸਹੁਰੇ ਪੁੱਛਣਾ ਜੇ ਲਾਈ ਭਾਈ ਪੁਛਣਾ ਜੇ ਲਾਈ
ਮੇਰੇ ਖੂਹੇ ਵਿਚ ਪਾਣੀ ਦੀ ਬੂੰਦ ਨਾ ਕੋਈ ਅੜਿਓ
ਪਾਂਧਿਆ ਦੱਸਣਾ ਜੇ ਲਾਈ ਭਾਈ ਦੱਸਣਾ ਜੇ ਲਾਈ
ਜੇਠੀ ਨੂੰਹ ਦਾ ਚੱਕ ਵਗਾਇਓ ਅੜਿਓ[20]

ਇਸ ਲੋਕ ਗੀਤ ਤੋਂ ਸਪੱਸ਼ਟ ਨਜ਼ਰ ਪੈਂਦਾ ਹੈ, ਕਿ ਕਿਵੇਂ ਪੰਜਾਬੀ ਲੋਕਾਂ ਦੀ ਮਾਨਸਿਕਤਾ ਅਜੇ ਵੀ ਪਰੰਪਰਾ ਤੇ ਰੂੜ੍ਹੀਵਾਦੀ ਵਿਸ਼ਵਾਸ ਤੇ ਵਹਿਮਾਂ 'ਚ ਘਿਰੀ ਹੋਈ ਹੈ। 'ਇਸ ਖੂਹੀ ਦਾ ਨੀਰ ਨਾ ਪੀਵਣਾ ਜੇ' ਵਿਚ ਔਰਤ ਆਪਣੇ ਰਿਸ਼ਤੇਦਾਰਾਂ ਤੇ ਉਥੋਂ ਲੰਘਣ ਵਾਲੇ ਹਰੇਕ ਇਨਸਾਨ ਨੂੰ ਨਸੀਹਤ ਦੇ ਰਹੀ ਹੈ, ਕਿ ਇਸ ਖੂਹ ਦਾ ਪਾਣੀ ਨਾ ਪੀਣਾ ਕਿਉਂਕਿ ਇਸ ਦੀ ਨੀਂਹ ਵਿਚ ਕਿਸੇ ਦਾ ਬਲੀਦਾਨ ਦਿੱਤਾ ਗਿਆ ਹੈ। ਇਸ ਤਰ੍ਹਾਂ ਇਸਦਾ ਪਾਣੀ ਜ਼ਹਿਰੀਲਾ ਹੈ-

"ਸੁਣਿਓ ਸੁਣਿਓ ਵੇ ਮੇਰੇ ਪਿੰਡ ਦਿਉਂ ਰਾਜੋ
ਮੇਰੇ ਸੀਨੇ ਤੇ ਇੱਟ ਨਾ ਲਾਵਣੀ ਜੇ
ਸੁਣਿਓ ਸੁਣਿਓ ਵੇ ਮੇਰੇ ਪਿੰਡ ਦਿਉ ਰਾਹੀਓ
ਇਸ ਖੂਹੀ ਦਾ ਨੀਰ ਨਾ ਪੀਵਣਾ ਜੇ"[21]

'ਮਾਝੇ ਦੇ ਲੋਕ ਗੀਤ' ਪੁਸਤਕ ਵਿਚ ਸਭਿਆਚਾਰਕ ਪੱਖਾਂ ਨੂੰ ਵਿਚਾਰਨ ਤੋਂ ਬਾਅਦ ਕੁਝ ਫੁੱਟਕਲ ਨੁਕਤੇ ਵੀ ਇਸ ਪੁਸਤਕ 'ਚ ਉੱਭਰਦੇ ਸਨ। ਜਿਵੇਂ ਅੰਬ, ਕੈਂਠਾ, ਨਾਜੋ, ਖੂਹ, ਛੰਨਾ, ਬਾਗ਼, ਸੰਦੂਕ, ਕੋਰਾ ਘੜਾ, ਛਿੱਕੂ, ਪੀੜੀ, ਫੁਲਕਾਰੀ ਆਦਿ ਦ੍ਰਿਸ਼ਟੀਗੋਚਰ ਹੁੰਦੇ ਹਨ। ਪੰਜਾਬੀ ਲੋਕ ਗੀਤਾਂ ਵਿਚ ਇਨ੍ਹਾਂ ਦਾ ਜ਼ਿਕਰ ਲਗਭਗ ਹਰੇਕ ਗੀਤ 'ਚ ਆਉਂਦਾ ਹੈ। ਕਿਉਂਕਿ ਇਨ੍ਹਾਂ ਦੀ ਪੰਜਾਬੀ ਸਭਿਆਚਾਰ ਵਿਚ ਆਪਣੀ ਵੱਖਰੀ ਤੇ ਅਲੌਕਿਕ ਪਛਾਣ ਹੈ। ਇਹ ਵਸਤਾਂ ਪੰਜਾਬੀ ਜੀਵਨ-ਜਾਚ ਵਿਚ ਕਿਸੇ ਨਾ ਕਿਸੇ ਤਰ੍ਹਾਂ ਭਾਗੀਦਾਰ ਹੁੰਦੀਆਂ ਹਨ। ਇਸ ਲਈ ਹੀ ਇਨ੍ਹਾਂ ਦੀ ਸਮਾਜ ਵਿਚ ਆਪਣੀ ਵੱਖਰੀ ਤੇ ਸਭਿਆਚਾਰਕ ਕੀਮਤ (Value) ਹੈ। ਅੰਤ ਵਿਚ ਕਹਿ ਸਕਦੇ ਹਾਂ ਕਿ 'ਮਾਝੇ ਦੇ ਲੋਕ ਗੀਤ' ਪੁਸਤਕ ਵਿਚ ਪੰਜਾਬੀ ਸਭਿਆਚਾਰ ਬੜੀ ਬੇਬਾਕੀ ਤੇ ਸੁਹਿਦਰਤਾ ਨਾਲ ਪੇਸ਼ ਹੋਇਆ ਹੈ। ਪੰਜਾਬੀ ਲੋਕ ਗੀਤਾਂ ਵਿਚ ਪੰਜਾਬੀ ਸਭਿਆਚਾਰ ਦੇ ਬਹੁਤ ਸਾਰੇ ਪੱਖ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸ ਲਈ ਇਨ੍ਹਾਂ ਸਾਰੇ ਪੱਖਾਂ ਨੂੰ ਇਕ ਖੋਜ-ਪੱਤਰ ਵਿਚ ਸਮੇਟਣਾ ਅਸੰਭਵ ਜਾਪਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਕੁਲਵੰਤ ਸਿੰਘ ਔਲਖ, **ਮਾਝੇ ਦੇ ਲੋਕ ਗੀਤ**, ਲਿਟਰੇਚਰ ਹਾਊਸ, ਅੰਮ੍ਰਿਤਸਰ, 1989, ਪੰਨਾ 8.
2. ਉਹੀ, ਪੰਨਾ 61.
3. ਉਹੀ, ਪੰਨਾ 152.
4. ਸਾਹਿਬ ਸਿੰਘ, **ਡਰਾਈਵਰਾਂ ਦੀ ਲੋਕਧਾਰਾ**, ਕੇ.ਜੀ. ਗ੍ਰਾਫਿਕਸ, ਪੰਨਾ 42.
5. ਕੁਲਵੰਤ ਸਿੰਘ, **ਮਾਝੇ ਦੇ ਲੋਕ ਗੀਤ**, ਲਿਟਰੇਚਰ ਹਾਊਸ, ਅੰਮ੍ਰਿਤਸਰ, 1989, ਪੰਨਾ 55.
6. ਉਹੀ, ਪੰਨਾ 104.
7. ਉਹੀ, ਪੰਨਾ 62.
8. ਉਹੀ, ਪੰਨਾ 64.
9. ਉਹੀ, ਪੰਨਾ 85.
10. ਉਹੀ, ਪੰਨਾ 60.
11. ਉਹੀ, ਪੰਨਾ 139.
12. ਉਹੀ, ਪੰਨਾ 144.
13. ਹਰਕੇਸ਼ ਕਹਿਲ, **ਲੋਕ ਗੀਤਾਂ ਵਿਚ ਪੰਜਾਬੀ ਜੀਵਨ**, ਸੰਗਤ ਪਬਲੀਕੇਸ਼ਨ ਸਮਾਣਾ, 2009, ਪੰਨਾ 223.
14. ਕੁਲਵੰਤ ਸਿੰਘ, **ਮਾਝੇ ਦੇ ਲੋਕ ਗੀਤ**, ਲਿਟਰੇਚਰ ਹਾਊਸ, ਅੰਮ੍ਰਿਤਸਰ, 1989, ਪੰਨਾ 116.
15. ਉਹੀ, ਪੰਨਾ 132.
16. ਉਹੀ, ਪੰਨਾ 48.
17. ਉਹੀ, ਪੰਨਾ 54.
18. ਉਹੀ, ਪੰਨਾ 63.
19. ਉਹੀ, ਪੰਨਾ 126.
20. ਉਹੀ, ਪੰਨਾ 155.
21. ਉਹੀ, ਪੰਨਾ 158.



**ਅਸਿਸਟੈਂਟ ਪ੍ਰੋਫ਼ੈਸਰ,**
**ਪੰਜਾਬੀ ਅਧਿਐਨ ਸਕੂਲ,**
**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।**

Regd. No. 28873/76
ISSN 2319-5053

May-June 2023

Published by the Secretary on behalf of
J&K Academy of Art, Culture and Languages, Jammu
and Printed at Ranbir Government Press, Jammu